ਕੌਮਾਂਤਰੀ

# ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 9 | Issue 43 | 30 October 2019 to 03 November 2019 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

## ਇਸਲਾਮਿਕ ਸਟੇਟ ਦੇ ਮੁਖੀ ਬਗਦਾਦੀ ਦੇ ਮਾਰੇ ਜਾਣ ਦੀ ਪੁਸ਼ਟੀ

### *ਬਗਦਾਦੀ ਇੱਕ ਕਾਇਰ ਸੀ ਜੋ ਮਰਨਾ ਨਹੀਂ ਚਾਹੁੰਦਾ ਸੀ : ਡੌਨਲਡ ਟਰੰਪ*

**ਦਮਿਸ਼ਕ : ਏ.ਟੀ.ਨਿਊਜ਼ :** ਆਈ.ਐਸ.ਆਈ.ਐਸ. ਦੇ ਮੁਖੀ ਬਗਦਾਦੀ ਦੇ ਸੀਰੀਆ ਵਿਚ ਮਾਰੇ ਜਾਣ ਸਬੰਧੀ ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਪੁਸ਼ਟੀ ਕੀਤੀ ਹੈ। ਉਨ੍ਹਾਂ ਨੇ ਆਪਣੇ ਟਵੀਟ ਵਿਚ ਕਿਹਾ ਹੈ ਕਿ ਅਮਰੀਕੀ ਫੌਜਾਂ ਨੇ ਇਸ ਨਾਮੀ ਦਹਿਸ਼ਤਗਰਦ ਨੂੰ ਇਕ ਸੁਰੰਗ ਵਿਚ ਘੇਰ ਕੇ ਮਾਰ ਦਿੱਤਾ ਹੈ।



ਬਗਦਾਦੀ ਦਾ ਅਸਲੀ ਨਾਂ ਇਬਰਾਹਿਮ ਅਵਦ ਅਲ-ਬਦਰੀ ਹੈ। ਬ.ਗਦਾਦੀ ਪਿਛਲੇ 5 ਸਾਲਾਂ ਤੋਂ ਅੰਡਰਗਰਾਊਂਡ ਸੀ। ਸੀਰੀਆ ਤੋਂ ਆਪਣੀ ਸੈਨਾ ਦੀ ਵਾਪਸੀ ਤੋਂ ਬਾਅਦ ਅਮਰੀਕਾ ਨੇ ਆਈਐਸਆਈਐਸ ਨੂੰ ਖਤਮ ਕਰਨ ਦੀਆਂ ਕਾਰਵਾਈਆਂ ਤੇਜ਼ ਕਰ ਦਿੱਤੀਆਂ ਹਨ। ਐਤਵਾਰ ਨੂੰ ਅਮਰੀਕਾ ਦੀ ਫੌਜ ਨੇ ਇਸਲਾਮਿਕ ਸਟੇਟ ਦੇ ਨੇਤਾ ਬਗਦਾਦੀ ਨੂੰ ਨਿਸ਼ਾਨਾ ਬਣਾਉਂਦੇ ਹੋਏ ਇੱਕ ਮੁਹਿੰਮ ਚਲਾਈ ਸੀ। ਬਗਦਾਦੀ ਅਮਰੀਕੀ ਹਵਾਈ ਸੈਨਾ ਦੇ ਇੱਕ ਹਵਾਈ ਹਮਲੇ ਵਿੱਚ ਮਾਰਿਆ ਗਿਆ ਹੈ। ਇਸ ਨੂੰ ਲੈ ਕੇ ਅਮਰੀਕੀ ਰਾਸ਼ਟਰਪਤੀ ਡੌਨਾਲਡ ਟਰੰਪ ਨੇ ਟਵੀਟ ਕੀਤਾ ਸੀ ਕਿ ਬਗਦਾਦੀ ਨੂੰ ਉੱਤਰੀ-ਪੱਛਮ ਸੀਰੀਆ ਵਿੱਚ ਇੱਕ ਫੌਜੀ ਆਪ੍ਰੇਸ਼ਨ ਵਿੱਚ ਮਾਰਿਆ ਗਿਆ ਹੈ। ਇਸ ਆਪ੍ਰੇਸ਼ਨ ਵਿੱਚ ਵੱਡੀ ਗਿਣਤੀ ਵਿੱਚ ਆਈਐੱਸ ਦੇ ਲੜਾਕੇ ਅਤੇ ਬਗਦਾਦੀ ਦੇ ਸਾਥੀ ਮਾਰੇ ਗਏ ਹਨ। ਬਗਦਾਦੀ ਦੀ ਮੌਤ ਇੱਕ ਸੁਰੰਗ ਵਿੱਚ ਹੋਈ ਹੈ। ਉਸ ਦੇ ਟਿਕਾਣੇ ਵਿੱਚੋਂ 11 ਬੱਚਿਆਂ ਨੂੰ ਜ਼ਿੰਦਾ ਬਾਹਰ ਕੱਢਿਆ ਗਿਆ ਹੈ। ਪਰ ਬਗਦਾਦੀ ਨੇ

**ਬਾਕੀ ਸਫ਼ਾ 33 'ਤੇ**

# ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹਣ ਲਈ ਭਾਰਤ-ਪਾਕਿ 'ਚ ਹੋਇਆ ਸਮਝੌਤਾ

### *ਨਰਿੰਦਰ ਮੋਦੀ ਅਤੇ ਇਮਰਾਨ ਖ਼ਾਨ 9 ਨਵੰਬਰ ਨੂੰ ਕਰਨਗੇ ਕਰਤਾਰਪੁਰ ਲਾਂਘੇ ਦਾ ਉਦਘਾਟਨ*

**ਡੇਰਾ ਬਾਬਾ ਨਾਨਕ/ਏ.ਟੀ. ਨਿਊਜ਼ :** ਭਾਰਤ ਤੇ ਪਾਕਿ ਦੇ ਉੱਚ ਅਧਿਕਾਰੀਆਂ ਨੇ ਕਸ਼ਮੀਰ ਮੁੱਦੇ 'ਤੇ ਦੋਵਾਂ ਮੁਲਕਾਂ ਵਿੱਚ ਜਾਰੀ ਤਲਖੀ ਨੂੰ ਲਾਂਭੇ ਰੱਖਦਿਆਂ ਬੀਤੇ ਦਿਨੀਂ ਇਥੇ ਕਰਤਾਰਪੁਰ ਲਾਂਘੇ ਲਈ ਅਹਿਮ ਮੰਨੇ ਜਾਂਦੇ ਸਮਝੌਤੇ 'ਤੇ ਸਹੀ ਪਾ ਕੇ ਨਵਾਂ ਇਤਿਹਾਸ ਸਿਰਜ ਦਿੱਤਾ। ਸਮਝੌਤੇ ਤਹਿਤ ਭਾਰਤੀ ਸਿੱਖ ਸ਼ਰਧਾਲੂ ਬਿਨਾਂ ਵੀਜ਼ੇ ਤੋਂ ਲਾਂਘੇ ਰਾਹੀਂ ਪਾਕਿਸਤਾਨ ਦੇ ਨਾਰੋਵਾਲ ਜ਼ਿਲ੍ਹੇ ਵਿੱਚ ਕੌਮਾਂਤਰੀ ਸਰਹੱਦ ਤੋਂ ਮਹਿਜ਼ ਚਾਰ ਕਿਲੋਮੀਟਰ ਦੀ ਦੂਰੀ 'ਤੇ ਕਰਤਾਰਪੁਰ ਸਥਿਤ ਦਰਬਾਰ ਸਾਹਿਬ ਦੇ ਖੁੱਲ੍ਹੇ ਦਰਸ਼ਨ ਦੀਦਾਰ ਕਰ ਸਕਣਗੇ। ਦੋਵਾਂ ਮੁਲਕਾਂ ਦੇ ਅਧਿਕਾਰੀਆਂ ਨੇ ਕੌਮਾਂਤਰੀ ਸਰਹੱਦ ਦੀ ਜ਼ੀਰੋ ਲਾਈਨ 'ਤੇ ਸਮਝੌਤਾ ਸਹੀਬੰਦ ਕੀਤਾ। ਭਾਰਤ ਵੱਲੋਂ ਕੇਂਦਰੀ ਗ੍ਰਹਿ ਮੰਤਰਾਲੇ ਵਿੱਚ ਜੁਆਇੰਟ ਸਕੱਤਰ ਐੱਸ.ਸੀ.ਐੱਲ.ਦਾਸ ਜਦੋਂਕਿ ਪਾਕਿਸਤਾਨ ਵੱਲੋਂ ਵਿਦੇਸ਼ ਦਫ਼ਤਰ ਦੇ ਤਰਜਮਾਨ ਮੁਹੰਮਦ ਫ਼ੈਸਲ ਨੇ ਕਰਾਰ 'ਤੇ ਸਹੀ ਪਾਈ। ਉਂਜ, ਪਾਕਿਸਤਾਨ ਨੇ ਸ਼ਰਧਾਲੂਆਂ ਤੋਂ ਸੇਵਾ ਫੀਸ ਵਜੋਂ 20 ਅਮਰੀਕੀ ਡਾਲਰ ਵਸੂਲਣ ਦੀ ਆਪਣੀ ਸ਼ਰਤ ਬਰਕਰਾਰ ਰੱਖੀ। ਦੋਵਾਂ ਦੇਸ਼ਾਂ ਦੇ ਅਧਿਕਾਰੀਆਂ ਨੇ ਦੱਸਿਆ ਕਿ ਯਾਤਰਾ ਦੇ ਮੁੱਢਲੇ ਦਿਨਾਂ ਦੌਰਾਨ ਸ਼ਰਧਾਲੂ ਅਸਥਾਈ ਪੁਲ/ ਆਮ ਰਸਤੇ ਰਾਹੀਂ ਪਹਿਲਾਂ ਪਾਕਿਸਤਾਨ ਦੀ ਇੰਟੇਗ੍ਰੇਟਿਡ ਚੈੱਕ ਪੋਸਟ (ਆਈਸੀਪੀ) ਤੱਕ ਪਹੁੰਚ ਕਰਨਗੇ। ਸਥਾਈ ਪੁਲ ਬਣਨ ਮਗਰੋਂ ਸ਼ਰਧਾਲੂ ਉਸ ਉਪਰੋਂ ਦੀ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਜਾ ਸਕਣਗੇ। ਕਾਬਿਲੇਗੌਰ ਹੈ ਕਿ ਭਾਰਤ ਨੇ ਜ਼ੀਰੋ ਲਾਈਨ ਤੱਕ ਸਥਾਈ ਪੁਲ ਬਣਾ ਦਿੱਤਾ ਹੈ, ਜਦੋਂਕਿ ਪਾਕਿਸਤਾਨੀ ਅਧਿਕਾਰੀਆਂ ਮੁਤਾਬਕ ਆਉਂਦੇ ਦੋ-ਤਿੰਨ ਮਹੀਨਿਆਂ ਅੰਦਰ



ਉਨ੍ਹਾਂ ਵਾਲੇ ਪਾਸੇ ਪੁਲ ਉਸਾਰ ਲਿਆ ਜਾਵੇਗਾ। ਵਿਦੇਸ਼ ਦਫ਼ਤਰ ਦੇ ਤਰਜਮਾਨ ਮੁਹੰਮਦ ਫ਼ੈਸਲ ਨੇ ਕਿਹਾ ਕਿ ਕਰਤਾਰਪੁਰ ਸਥਿਤ ਗੁਰਦੁਆਰਾ, ਵਿਸ਼ਵ ਦਾ ਸਭ ਤੋਂ ਵੱਡਾ ਗੁਰਦੁਆਰਾ ਹੈ ਤੇ ਵੱਡੇ ਖਰਚ ਦੇ ਮੁਕਾਬਲੇ ਇਹ ਫੀਸ ਨਾਮਾਤਰ ਜਿਹੀ ਹੈ। ਉਂਜ ਜਨਾਬ ਫੈਸਲ ਨੇ ਸਾਫ਼ ਕਰ ਦਿੱਤਾ ਕਿ ਲਾਂਘੇ ਰਾਹੀਂ ਦਰਸ਼ਨਾਂ ਲਈ ਆਉਣ ਵਾਲੇ ਸਿੱਖ ਸ਼ਰਧਾਲੂਆਂ ਨੂੰ ਪਾਕਿਸਤਾਨ ਦੇ ਹੋਰਨਾਂ ਗੁਰਦੁਆਰਿਆਂ ਵਿਚ ਜਾਣ ਦੀ ਇਜਾਜ਼ਤ ਨਹੀਂ ਹੋਵੇਗੀ। ਗੁਰਦੁਆਰੇ ਦੇ ਦਰਸ਼ਨਾਂ ਲਈ ਰੋਜ਼ਾਨਾ ਹਜ਼ਾਰਾਂ ਲੋਕਾਂ ਦੇ ਆਉਣ ਮੌਕੇ ਕਿਸੇ ਦਹਿਸ਼ਤੀ ਘਟਨਾ ਦੇ ਵਾਪਰਨ ਦੇ ਖ਼ਦਸ਼ਿਆਂ ਬਾਰੇ ਪੁੱਛੇ ਜਾਣ 'ਤੇ ਤਰਜਮਾਨ ਨੇ ਕਿਹਾ ਕਿ ਇਸ ਲਈ ਗੁਰਦੁਆਰੇ ਦੇ ਅੰਦਰ ਤੇ ਬਾਹਰ ਸੁਰੱਖਿਆ ਦੇ ਪੁਖਤਾ ਪ੍ਰਬੰਧ ਕੀਤੇ ਜਾਣਗੇ। ਪਾਕਿਸਤਾਨ ਦੇ ਵਜ਼ੀਰੇ ਆਜ਼ਮ ਇਮਰਾਨ ਖ਼ਾਨ 9 ਨਵੰਬਰ ਨੂੰ ਕਰਤਾਰਪੁਰ ਲਾਂਘੇ ਦਾ ਉਦਘਾਟਨ ਕਰਨਗੇ ਜਦੋਂਕਿ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ 12 ਨਵੰਬਰ ਨੂੰ ਹੈ।

## ਦਰਸ਼ਨਾਂ ਲਈ ਆਨਲਾਈਨ ਰਜਿਸਟਰੇਸ਼ਨ ਸ਼ੁਰੂ

ਕਰਤਾਰਪੁਰ ਦਰਸ਼ਨਾਂ ਲਈ ਆਨਲਾਈਨ ਰਜਿਸਟਰੇਸ਼ਨ ਦਾ ਕੰਮ ਹੁਣ ਸ਼ੁਰੂ ਹੋ ਗਿਆ। ਸਮਝੌਤੇ ਮਗਰੋਂ ਆਨਲਾਈਨ ਪੋਰਟਲ ਚਾਲੂ ਹੋ ਗਿਆ ਹੈ। ਚਾਹਵਾਨ ਸ਼ਰਧਾਲੂ ਇਸ ਆਨਲਾਈਨ ਪੋਰਟਲ 'ਤੇ ਰਜਿਸਟਰੇਸ਼ਨ ਕਰਵਾਉਣ ਮਗਰੋਂ ਆਪਣੀ ਮਰਜ਼ੀ ਮੁਤਾਬਕ ਯਾਤਰਾ ਦਾ ਦਿਨ ਚੁਣ ਸਕਦੇ ਹਨ। ਸ਼ਰਧਾਲੂ ਆਪਣੇ ਨਾਲ ਵੱਧ ਤੋਂ ਵੱਧ 11 ਹਜ਼ਾਰ ਦੀ ਨ.ਗਦੀ ਤੇ ਸੱਤ ਕਿਲੋ ਵਜ਼ਨੀ ਬੈਗ ਹੀ ਲਿਜਾ ਸਕਣਗੇ। 13 ਸਾਲ ਤੋਂ ਘੱਟ ਉਮਰ ਦੇ ਬੱਚੇ ਤੇ 75 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਬਜ਼ੁਰਗ ਗਰੁੱਪਾਂ ਵਿੱਚ ਹੀ ਯਾਤਰਾ ਕਰ ਸਕਣਗੇ। ਯਾਤਰੂਆਂ ਲਈ 'ਲੰਗਰ' ਤੇ 'ਪ੍ਰਸਾਦ' ਦਾ ਪ੍ਰਬੰਧ ਪਾਕਿਸਤਾਨ ਕਰੇਗਾ। ਲਾਂਘਾ ਰੋਜ਼ ਪਹੁ-ਫੁਟਾਲੇ ਤੋਂ ਦਿਨ ਛਿਪਣ ਤਕ ਖੁੱਲ੍ਹਾ ਰਹੇਗਾ।

**ਬਾਕੀ ਸਫ਼ਾ 33 'ਤੇ**

# ਭਾਰਤੀ ਮੀਡੀਆ ਜਗਮੀਤ ਸਿੰਘ ਨੂੰ ਅੱਤਵਾਦ ਦੇ ਨਾਮ 'ਤੇ ਕਰ ਰਿਹਾ ਏ ਬਦਨਾਮ

- **ਟਰੂਡੋ ਦੀ ਘੱਟ-ਗਿਣਤੀ ਸਰਕਾਰ ਨੂੰ ਹਾਲ ਦੀ ਘੜੀ ਕੋਈ ਖ਼ਤਰਾ ਨਹੀਂ**
- **ਵਿਰੋਧੀ ਧਿਰ ਵੰਡੀ ਹੋਣ ਕਾਰਨ ਟਰੂਡੋ ਸਰਕਾਰ ਨੂੰ ਹੋਵੇਗਾ ਫਾਇਦਾ**
- **ਟਰੂਡੋ ਸਰਕਾਰ ਜਗਮੀਤ ਜਾਂ ਕਿਸੇ ਹੋਰ ਨਾਲ ਨਹੀਂ ਕਰੇਗੀ ਗੱਠਜੋੜ**

**ਕੈਨੇਡਾ/ਏ.ਟੀ. ਨਿਊਜ਼**

ਸ. ਜਗਮੀਤ ਸਿੰਘ ਆਮ ਕੈਨੇਡੀਅਨਾਂ ਦੇ ਵਿਚਾਰਾਂ ਦੀ ਤਰਜਮਾਨੀ ਕਰ ਕੇ ਇਕ 'ਰਾਕ ਸਟਾਰ ਰਾਜਨੀਤਕ' ਆਗੂ ਵਜੋਂ ਉਭਰਿਆ ਹੈ। ਭਾਵੇਂ ਜਗਮੀਤ ਨੂੰ ਏਨੀ ਵੱਡੀ ਸਫਲਤਾ ਨਹੀਂ ਮਿਲੀ, ਪਰ ਉਹ ਕੈਨੇਡਾ ਦਾ ਅਹਿਮ ਰਾਜਨੀਤਕ ਸਟਾਰ ਹੈ। ਇਨ੍ਹਾਂ ਚੋਣਾਂ ਦੌਰਾਨ ਰਾਜਨੀਤਕ ਡੀਬੇਟਾਂ



ਵਿਚ ਐਨ.ਡੀ.ਪੀ. ਆਗੂ ਸ. ਜਗਮੀਤ ਸਿੰਘ ਨੇ ਬਾਕੀ ਪੰਜ ਪਾਰਟੀਆਂ ਦੇ ਆਗੂਆਂ ਮੁਕਾਬਲੇ ਅਸ਼-ਅਸ਼ ਕਰਾ ਦਿਤੀ ਹੈ। ਸਾਬਤ ਸੂਰਤ ਗੁਰਸਿੱਖ ਅੰਮ੍ਰਿਤਧਾਰੀ ਜੋ ਘੱਟ ਗਿਣਤੀ ਸਿੱਖ ਭਾਈਚਾਰੇ ਨਾਲ ਸਬੰਧਿਤ ਹੈ, ਦੇ ਰਾਜਨੀਤਕ ਜਲਵੇ ਦੀ ਤਾਬ ਕੋਈ ਵੀ ਕੈਨੇਡੀਅਨ ਆਗੂ ਨਹੀਂ ਝੱਲ ਸਕਿਆ। ਉਨ੍ਹਾਂ ਦੀ ਤੀਖਣ ਬੁੱਧੀ, ਹਾਜ਼ਰ-ਜਵਾਬੀ, ਦੂਰ ਅੰਦੇਸ਼ੀ, ਦਲੇਰਾਨਾ ਪੇਸ਼ਕਸ਼, ਆਮ ਕੈਨੇਡੀਅਨ ਵਰਗ ਦੇ ਲੋਕਾਂ ਦੀਆਂ ਇੱਛਾਵਾਂ ਤੇ ਕੌਮਾਂਤਰੀ ਮਾਮਲਿਆਂ ਸਬੰਧੀ ਰਾਜਨੀਤਕ ਜਲਵੇ ਬਾਰੇ ਕੈਨੇਡੀਅਨ ਟੀ.ਵੀ. ਸ਼ੋਅ, ਸੋਸ਼ਲ ਮੀਡੀਏ, ਨਾਮਵਰ ਅਖ਼ਬਾਰਾਂ ਤੇ ਨਾਮਵਰ ਕਾਲਮ ਨਵੀਸਾਂ ਨੇ ਆਪੋ-ਆਪਣੇ ਪ੍ਰਭਾਵਸ਼ਾਲੀ ਤੇ ਸਰਾਹਨਾ ਭਰੇ ਢੰਗ ਨਾਲ ਚਰਚਾ ਕੀਤੀ।

ਇਸ ਨਾਲ ਵਿਸ਼ਵ ਪੱਧਰ 'ਤੇ ਜਗਮੀਤ ਸਿੰਘ ਰਾਜਨੀਤਕ ਨੇਤਾ ਦੇ ਰੂਪ ਵਿਚ ਉਭਰਿਆ ਹੈ। ਪੱਛਮ ਦੇ ਇਸ ਵਿਕਸਤ ਤੇ ਅਮੀਰ ਦੇਸ਼ ਦੀ ਰਾਸ਼ਟਰੀ ਰਾਜਨੀਤਕ ਪਾਰਟੀ ਦਾ ਆਗੂ ਸਿੱਖ ਘੱਟ-ਗਿਣਤੀ ਨਾਲ ਸਬੰਧਿਤ ਹੋਣ ਕਰ ਕੇ ਉਹ

**ਬਾਕੀ ਸਫ਼ਾ 33 'ਤੇ**

## 20 ਨਵੰਬਰ ਨੂੰ ਚੁੱਕੇਗੀ ਟਰੂਡੋ ਸਰਕਾਰ ਚੁੱਕੇਗੀ ਸਹੁੰ

**ਕੈਨੇਡਾ/ਏ.ਟੀ. ਨਿਊਜ਼ :** ਕੈਨੇਡਾ ਵਿਚ ਬੀਤੀ 21 ਅਕਤੂਬਰ ਨੂੰ ਹੋਈ ਸੰਸਦੀ ਚੋਣ ਤੋਂ ਬਾਅਦ ਸਿਆਸੀ ਗਿਣਤੀਆਂ-ਮਿਣਤੀਆਂ ਲਗਾਤਾਰਤਾ ਨਾਲ ਜਾਰੀ ਹਨ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵਲੋਂ ਬੀਤੇ ਬੁੱਧਵਾਰ ਨੂੰ ਆਪਣੀ ਲਿਬਰਲ ਪਾਰਟੀ ਦੇ (157) ਸੰਸਦ ਮੈਂਬਰਾਂ ਵਿਚੋਂ ਨਵੀਂ ਕੈਬਨਿਟ ਦੇ ਗਠਨ ਅਤੇ ਸਹੁੰ-ਚੁੱਕ ਸਮਾਗਮ ਦੀ ਤਰੀਕ 20 ਨਵੰਬਰ ਬਾਰੇ ਐਲਾਨ ਕਰਦਿਆਂ ਕਿਸੇ ਪਾਰਟੀ ਨਾਲ ਗੱਠਜੋੜ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਨਾਲ ਦੇਸ਼ ਭਰ ਵਿਚ ਉਨ੍ਹਾਂ ਪ੍ਰਤੀ ਪ੍ਰੌੜ ਰਾਜਨੀਤਕ ਆਗੂ ਹੋਣ ਦਾ ਸੁਨੇਹਾ ਗਿਆ।



ਕੰਜ਼ਰਵੇਟਿਵ ਪਾਰਟੀ, ਬਲਾਕ ਕਿਊਬਕ ਅਤੇ ਨਿਊ ਡੈਮੋਕਰੈਟਿਕ ਪਾਰਟੀ (ਐਨ.ਡੀ.ਪੀ.) ਸੰਸਦ ਵਿਚ ਮੁੱਖ ਵਿਰੋਧੀ ਪਾਰਟੀਆਂ ਹਨ, ਜਿਨ੍ਹਾਂ ਕੋਲ ਕੁੱਲ ਮਿਲਾ ਕੇ 177 ਸੀਟਾਂ ਹਨ ਜੋ ਗੱਠਜੋੜ ਸਰਕਾਰ ਦੇ ਗਠਨ ਵਾਸਤੇ ਕਾਫ਼ੀ ਹਨ ਪਰ ਉਨ੍ਹਾਂ ਤਿੰਨਾਂ ਪਾਰਟੀਆਂ ਵਿਚ

**ਬਾਕੀ ਸਫ਼ਾ 33 'ਤੇ**
















ਦੇਸ਼ਾਂ ਵਿਦੇਸ਼ਾਂ ਵਿਚ ਵਸਦੇ ਸਮੂਹ ਭਾਈਚਾਰਿਆਂ ਨੂੰ

# ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੀਆਂ

# ਲੱਖ ਲੱਖ ਵਧਾਈਆਂ

# Homeopathicvibes



**Now we have two locations :**

940, E. El Camino Real, Sunnyvale, CA 94087

Office : (408) 737-7100 Fax: (408) 737-7102

39039 Paseo Padre Pkwy Suite #209 (upstairs) Fremont CA 94538

www.homeopathicvibes.com

*We sell and ship homeopathic remedies through out North America.*

ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ

**Harminder Singh Gill** D.H.M.S;B.C.I.H

*(Ex Homeopathic Medical officer Punjab Govt.)*

# TOTAL TRANSPORTATION SOLUTIONS

DMV Services / IFTA / IRP / Permits / DOT / Compliance

## STILL WAITING IN LINE AT THE DMV ??

Now you need not wait in a queue for DMV services for all your vehicles!

- New Trucking Company Setup
- Corporation, LLC & DBA Filling
- IRP License Plates
- MC (ICC) Authority
- US DOT Number
- All Truck Permits
- IFTA Fuel Tax Returns
- UCR Permits, BOC-3 Filling
- CA#, MCP, EPN Enrollment

Special Discount for Corporation Filing

DMV Services in Bay Area

- Registration Renewal
- Replacement Sticker
- Title Transfer
- Duplicate Title
- VIN Verification
- VIN Inquiry
- Out of State Transfer
- Highway Use Tax (2290)
- ARB Registration



DMV Lic # 97533

Ph. 510 400 7300 Fax 510 601 6200

Email : TMSinc123@gmail.com

24010 Watkins St. Hayward CA 94544

# Legal Document Preparation

- Immigration ਇੰਮੀਗਰੇਸ਼ਨ
- Wills & Trusts ਵਸੀਅਤਾਂ
- Divorce ਤਲਾਕ
- Power of Attorney ਮੁਖਤਿਆਰਨਾਮਾ
- Affidavits ਐਫੀਡੈਵਿਟ
- Grant Deeds ਗਰਾਂਟ ਡੀਡਜ਼



Not an Attorney

Call Sarvinder

510-648-5554

dolly@worryfreelegaldocs.com
www.worryfreelegaldocs.com

35672 Terrace Drive, Fremont, CA 94536
and 39803 Paseo Padre Pkwy,
Suite A, Fremont, CA 94538
Paralegal and Regd. & Bonded LDA# 154, Alameda County


## ਬਰੈਂਪਟਨ ਸ਼ਹਿਰ ਦੀ ਸੜਕ ਹੋਵੇਗੀ ਗੁਰੂ ਨਾਨਕ ਦੇ ਨਾਂ ’ਤੇ

**ਟੋਰਾਂਟੋ/ਏ.ਟੀ. ਨਿਊਜ਼ :** ਕੈਨੇਡਾ ਵਿਚ ਬਾਬੇ ਨਾਨਕ ਦੇ ਨਾਂ ਤੇ ਸੜ੍ਹਕ ਦਾ ਨਾਂ ਰੱਖਿਆ ਗਿਆ ਹੈ। ਮਿਲੀ ਜਾਣਕਾਰੀ ਦੇ ਅਨੁਸਾਰ ਉਨਟਾਰਿਓ ਦੇ ਬਰੈਂਪਟਨ ਸ਼ਹਿਰ ਦੀ ਨਗਰ ਕੌਂਸਲ ਨੇ ਇੱਕ ਸੜ੍ਹਕ ਦਾ ਨਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਂ ’ਤੇ ਰੱਖਣ ਦਾ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਹੈ। ਜਿਸ ਵਿਚ ਸੜ੍ਹਕ ਦਾ ਨਾਂ ਗੁਰੂ ਨਾਨਕ ਸਟ੍ਰੀਟ ਜਾਂ ਗੁਰੂ ਨਾਨਕ ਰੋਡ ਰਹੇਗਾ। ਜਾਣਕਾਰੀ ਮੁਤਾਬਿਕ ਬਾਬਾ ਨਾਨਕ ਦੇ ਨਾਂ ’ਤੇ ਸੜ੍ਹਕ ਲਈ ਮਤਾ ਖੇਤਰੀ ਕੌਂਸਲਰ ਗੁਰਪ੍ਰੀਤ ਸਿੰਘ ਢਿਲੋਂ ਅਤੇ ਨਗਰ ਕੌਂਸਰ ਹਰਕੀਰਤ ਸਿੰਘ ਨੇ ਪੇਸ਼ ਕੀਤਾ ਸੀ। ਇਸ ਮਤੇ ਤੋਂ ਬਾਅਦ ਡਿਕਸੀ ਰੋਡ ਅਤੇ ਗ੍ਰੇਟ ਲੇਕਸ ਵਾਲੀ ਸੜ੍ਹਕ ਦੇ ਵਿਚਕਾਰ ਪੀਟਰ ਰਾਬਰਟਸਨ ਬੂਲੇਵਾਰਡ ਦੇ ਸੈਕਸ਼ਨ ਨੂੰ ਬਾਬਾ ਨਾਨਕ ਦਾ ਨਾਂ ਦਿੱਤਾ ਜਾਵੇਗਾ। ਨਾਲ ਹੀ ਇੱਕ ਗੁਰਦੁਆਰੇ ਦਾ ਨਿਰਮਾਣ ਵੀ ਕੀਤਾ ਜਾਵੇਗਾ।

## ਸੱਜਣ ਕੁਮਾਰ ਖ਼ਿਲਾਫ਼ ਗਵਾਹੀ ਦੇਣ ਵਾਲਾ ਤੇਜਿੰਦਰ ਚਲ ਵਸਿਆ

**ਐਸ.ਏ.ਐਸ. ਨਗਰ/ਏ.ਟੀ. ਨਿਊਜ਼ :** ਇੱਥੋਂ ਨਜ਼ਦੀਕੀ ਪਿੰਡ ਬਲੌਂਗੀ ਵਿੱਚ ਰਹਿੰਦੇ ਨਵੰਬਰ 1984 ਸਿੱਖ ਨਸਲਕੁਸ਼ੀ ਦੇ ਇਕ ਹੋਰ ਗਵਾਹ ਭਾਈ ਤੇਜਿੰਦਰ ਸਿੰਘ ਨੇ ਦਮ ਤੋੜ ਦਿੱਤਾ ਹੈ। ਉਸ ਦਾ ਮੁਹਾਲੀ ਵਿੱਚ ਅੰਤਿਮ ਸਸਕਾਰ ਕੀਤਾ ਗਿਆ। ਅਕਾਲੀ ਦਲ (ਟਕਸਾਲੀ) ਦੇ ਕੌਮੀ ਜਨਰਲ ਸਕੱਤਰ ਕਰਨੈਲ ਸਿੰਘ ਪੀਰਮੁਹੰਮਦ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਦਸੰਬਰ 2009 ਵਿੱਚ ਤੇਜਿੰਦਰ ਸਿੰਘ ਦੇ ਭਰਾ ਤੇ ਸਿੱਖ ਕਤਲੇਆਮ ਦੇ ਮੁੱਖ ਗਵਾਹ ਗੁਰਚਰਨ ਸਿੰਘ ਦੀ ਮੌਤ ਹੋ ਗਈ ਸੀ। ਇਹ ਦੋਵੇਂ ਭਰਾ ਸਿੱਖ ਕਤਲੇਆਮ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਸੀਨੀਅਰ ਕਾਂਗਰਸ ਆਗੂ ਸੱਜਣ ਕੁਮਾਰ ਖ਼ਿਲਾਫ਼ ਕੇਸ ਦੇ ਗਵਾਹ ਸਨ।


BERKSHIRE HATHAWAY Home Services
Elite Real Estate



Gurdip Kaur
M.A. B.Ed.

Cell : 916-695-0035 Office : 916-681-5112
realtorgurdip@gmail.com • www.bhhser.com

ਘਰ ਖ਼ਰੀਦਣ-ਵੇਚਣ ਲਈ ਅਤੇ ਆਪਣੇ ਘਰ ਬੈਠੇ ਹੀ ਨੋਟਰੀ ਸੇਵਾਵਾਂ ਲੈਣ ਲਈ ਕਾਲ ਕਰੋ

PLEASE CALL GURDIP KAUR
916-695-0035

Cal BRE# 02032641 7412 Elsie Ave. Sacramento 95828
A member of the franchise system of BHH Affiliates. LLC



GLOBAL ALLIANZ
LAW FIRM LLP
US IMMIGRATION MADE EASY

ਕਾਨੂੰਨੀ ਸੇਵਾਵਾਂ

- ਫੈਮਲੀ ਇੰਮੀਗਰੇਸ਼ਨ
- ਗਰੀਨ ਕਾਰਡ ਅਤੇ ਸਿਟੀਜਨਸ਼ਿਪ ਐਪਲੀਕੇਸ਼ਨ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕਾਰ ਦੁਰਘਟਨਾ ਅਤੇ ਕੰਮ ਦੌਰਾਨ ਸੱਟ ਲੱਗਣਾ
- ਪੋਲੀਟੀਕਲ ਅਸਾਈਲਮ



Atul Kapoor
CEO



Neat Allen Sawyer
Attorney at Law

US OFFICE-: # 7899 N. PERSHING AVE., STOCKTON, CA -95207
PHONE-209-808-2136, 209-952-5578 Fax- 209-476-7188

INDIA OFFICE-: SCO 1-4, FIRST FLOOR, SURYA COMPLEX, LEELA BHAWAN, PATIALA, PUNJAB. Phone +91-9814320010

## 20 ਡਾਲਰ ਦੀ ਫੀਸ ਦੇ ਅਲੋਚਕ ਕੀ ਪੰਜਾਬ ਵਿੱਚ ਨਵੰਬਰ ਮਹੀਨਾ ਟੋਲ ਫਰੀ ਕਰ ਸਕਦੇ ਹਨ: ਯੁਨਾਈਟਿਡ ਖਾਲਸਾ ਦਲ ਯੂਕੇ

**ਲੰਡਨ/ਡੱਲੇਵਾਲ :** ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਵਲੋਂ ਭਾਰਤ ਵਿੱਚ ਵਸਦੇ ਸਿੱਖਾਂ ਲਈ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਵਾਸਤੇ ਲਾਂਘੇ ਦੀ ਪਹਿਲ ਕਦਮੀ ਕਰਦਿਆਂ ਇਸਦਾ ਐਲਾਨ ਕੀਤਾ ਗਿਆ ਸੀ ਅਤੇ ਇਸ ਦੀ ਪੂਰਤੀ ਲਈ ਤੁਰੰਤ ਕਾਰਵਾਈ ਅਰੰਭ ਕਰ ਦਿੱਤੀ ਗਈ। ਭਾਰਤ ਸਰਕਾਰ ਨੂੰ ਨਾ ਚਾਹੁੰਦਿਆਂ ਹੋਇਆਂ ਵੀ ਅੰਤਰਰਾਸ਼ਟਰੀ ਪੱਧਰ ਤੇ ਆਪਣੇ ਅਕਸ ਅਤੇ ਸਿੱਖਾਂ ਦੀ ਹਮਦਰਦੀ ਨੂੰ ਮੁੱਖ ਰੱਖਦਿਆਂ ਇਸ ਪ੍ਰਤੀ ਹੁੰਗਾਰਾ ਭਰਨਾ ਪਿਆ। ਅੱਜ ਜਦੋਂ ਇਹ ਲਾਂਘਾ ਖੁੱਲਣ ਦੇ ਕਰੀਬ ਪੁੱਜ ਰਿਹਾ ਹੈ ਤਾਂ ਹਿੰਦੂਤਵੀ ਫਿਰਕਾਪ੍ਰਸਤ ਅਤੇ ਸਿੱਖੀ ਸਰੂਪ ਵਾਲੇ ਉਹਨਾਂ ਦੇ ਗੁਲਾਮ ਪਾਕਿਸਤਾਨ ਵਲੋਂ ਨਿਰਧਾਰਿਤ ਵੀਹ ਡਾਲਰ ਵੀਜਾ ਜਾਂ ਐਂਟਰੀ ਫੀਸ ਦੇ ਬਹਾਨੇ ਪਾਕਿਸਤਾਨ ਦੀ ਅਲੋਚਨਾ ਕਰ ਰਹੇ ਹਨ। ਕੋਈ ਕਹਿ ਰਿਹਾ ਹੈ ਕਿ ਇਹ ਫੀਸ ਨਹੀਂ ਹੋਣੀ ਚਾਹੀਦੀ । ਸਿੱਖਾਂ ਅਤੇ ਸਿੱਖੀ ਦੇ ਕਾਤਲ ਕਾਂਗਰਸੀਏ ,ਸਿੱਖਾਂ ਅਤੇ ਸਿੱਖੀ ਨਾਲ ਵਿਸ਼ਵਾਸ਼ਘਾਤ ਕਰਨ ਵਾਲੇ ਬਾਦਲ ਦਲੀਏ ਜਿਹੜੇ ਗੁਰਦਵਾਰਾ ਸਹਿਬਾਨ ਦੀਆਂ ਗੋਲਕਾਂ ਦਾ ਸਦਾ ਹੀ ਦੁਰਉਪਜੋਗ ਕਰਦੇ ਰਹੇ ਹਨ ,ਉਹ ਆਏ ਦਿਨ ਇਸ ਵੀਜਾ ਫੀਸ ਦੇ ਬਹਾਨੇ ਪਾਕਿਸਤਾਨ ਖਿਲਾਫ ਬਿਆਨਬਾਜੀ ਕਰ ਰਹੇ ਹਨ , ਹਰਸਿਮਰਤ ਕੌਰ ਬਾਦਲ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਆਪਣੇ ਵਰਗਾ ਸਮਝਦੀ ਹੋਈ ਨੀਵੇਂ ਪੱਧਰ ਦੀ ਬਿਆਨਬਾਜੀ ਕਰਦੀ ਹੋਈ ਕਹਿ ਰਹੀ ਹੈ ਕਿ ਪਾਕਿਸਤਾਨ ਸਿੱਖਾਂ ਦੀ ਆਸਥਾ ਦਾ ਵਪਾਰ ਕਰਨ ਜਾ ਰਿਹਾ ਹੈ। ਯੂਨਾਈਟਿਡ ਖਾਲਸਾ ਦਲ ਯੂ,ਕੇ ਵਲੋਂ ਇਹਨਾਂ ਸਮੁੱਚੇ ਸਿਆਸੀ ਬਟੇਰਿਆਂ ਦੀ ਸਖਤ ਨਿਖੇਧੀ ਕਰਦਿਆਂ ਆਖਿਆ ਕਿ ਤੁਸੀਂ ਆਪਣੇ ਆਪ ਅਤੇ ਆਪਣੇ ਹਿੰਦੂਤਵੀ ਮਾਲਕਾਂ ਤੱਕ ਸੀਮਤ ਰਹੋ। ਯੂਨਾਈਟਿਡ ਖਾਲਸਾ ਦਲ ਯੂ,ਕੇ ਦੇ ਪ੍ਰਧਾਂਨ ਭਾਈ ਨਿਰਮਲ ਸਿੰਘ ਸੰਧੂ ,ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਭਾਈ ਸੁਖਵਿੰਦਰ ਸਿੰਘ ਖਾਲਸਾ ਨੇ ਇਹਨਾਂ ਸਮੁੱਚੇ ਲੋਕਾਂ ਨੂੰ ਸਵਾਲ ਕੀਤਾ ਕਿ ਨਵੰਬਰ ਮਹੀਨੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਮੁਬਾਰਕ ਪ੍ਰਕਾਸ਼ ਦਿਹਾੜਾ ਹੈ ਕੀ ਉਹ ਪੰਜਾਬ ਭਰ ਦੇ ਟੋਲ ਫਰੀ ਕਰ ਸਕਦੇ ਹਨ ਜਾਂ ਆਪਣੇ ਮਾਲਕਾਂ ਪਾਸੋਂ ਕਰਵਾ ਸਕਦੇ ਹਨ। ਪਾਕਿਸਤਾਨ ਵਲੋਂ ਲਗਾਈ ਗਈ 20 ਡਾਲਰ ਦੀ ਫੀਸ ਬਿਲਕੁਲ ਜਾਇਜ ਹੈ । ਇਸ ਫੀਸ ਦਾ ਵਿਰੋਧ ਕਰਨ ਦੇ ਹੱਕਦਾਰ ਤਾਂ ਹੋ ਸਕਦੇ ਹਨ ਅਗਰ ਉਹ ਨਵੰਬਰ ਮਹੀਨੇ ਭਾਰਤ ਦੇ ਘੱਟੋ ਘੱਟ ਪੰਜਾਬ ਦੇ ਸਾਰੇ ਟੋਲ ਫੀਸ ਰਹਿਤ ਕਰਨ ਦੀ ਹਿੰਮਤ ਰੱਖਦੇ ਹਨ । ਯੂਨਾਈਟਿਡ ਖਾਲਸਾ ਦਲ ਯੂ,ਕੇ ਵਲੋਂ ਪਾਕਿਸਤਾਨ ਦੇ ਅਵਾਮ ਅਤੇ ਨਿਜਾਮ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ।

# ਕਰਤਾਰਪੁਰ ਸਾਹਿਬ ਦੇ ਲਾਂਘੇ ਲਈ 20 ਡਾਲਰਾਂ ਦਾ ਰੋਲਾ ਕਿਉਂ

**ਸੁਖਵੀਰ ਸਿੰਘ ਛਾਜਲੀ**

ਪਿਛਲੇ ਲੰਮੇ ਸਮੇਂ ਤੋਂ ਕਰਤਾਰਪੁਰ ਸਾਹਿਬ ਦੇ ਲਾਂਘੇ ਵਿੱਚ ਰੇੜਕਾ ਪਾਉਣ ਦੀਆਂ ਸਾਜ਼ਿਸ਼ਾਂ ਚਲਦੀਆਂ ਆ ਰਹੀਆਂ ਹਨ। ਕਦੇ ਸਿੱਧੂ ਦੀ ਜਰਨਲ ਬਾਜਵਾ ਨਾਲ ਜੱਫੀ ਦਾ ਰੌਲਾ, ਕਦੇ ਗੋਪਾਲ ਸਿੰਘ ਚਾਵਲਾ ਨੂੰ ਪਾਕਿਸਤਾਨ ਕਮੇਟੀ ਵਿੱਚੋਂ ਕੱਢੇ ਜਾਣ ਦਾ ਰੌਲਾ, ਕਦੇ ਲਾਂਘੇ ਦੇ ਖੁੱਲਣ ਦੇ ਕ੍ਰੈਡਿਟ ਲੈਣ ਦਾ ਰੌਲਾ, ਹੱਦ ਉਦੋਂ ਹੋ ਗਈ ਜਦੋਂ ਇਕ ਅਖੌਤੀ ਹਿੰਦੂ ਤਖਤ ਵਾਲੇ ਇਸ ਲਾਂਘੇ ਨੂੰ ਰੋਕਣ ਲਈ ਕੋਰਟ ਵਿੱਚ ਚਲੇ ਗਏ ਚਲੋ ਖੈਰ ਇਹ ਤਾਂ ਗੈਰ ਧਰਮ ਦੇ ਅਤੇ ਮਾਨਸਿਕ ਤੌਰ ਤੇ ਹੀਨੇ ਲੋਕਾਂ ਵਲੋਂ ਕੀਤਾ ਗਿਆ। ਪਰ ਹੁਣ ਸਾਡੇ ਹੀ ਸਿੱਖ ਕਹਾਉਣ ਵਾਲੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਬੀਬਾ ਹਰਸਿਮਰਤ ਕੌਰ ਬਾਦਲ ਵਲੋਂ ਪਾਕਿਸਤਾਨ ਵਲੋਂ ਸ਼ਰਧਾਲੂਆਂ ਤੋਂ ਲਈ ਜਾਣ ਵਾਲੀ 20 ਡਾਲਰਾਂ ਦੀ ਫੀਸ ਦਾ ਰੌਲਾ ਪਾਇਆ ਜਾ ਰਿਹਾ, ਪਰ ਇਹ ਅਖੌਤੀ ਪੰਥਕ ਕਹਾਉਣ ਵਾਲੇ ਲੀਡਰਾਂ ਨੇ ਆਮ ਜਨਤਾ ਤੋਂ ਤਾਂ ਕੀ ਪੁੱਛਣਾ ਸੀ ਆਪਣੇ ਵਰਕਰਾਂ ਤੋਂ ਵੀ ਨਹੀਂ ਪੁੱਛਿਆ ਵੀ ਸੰਗਤਾਂ 20 ਡਾਲਰ ਦੇਣ ਲਈ ਸਹਿਮਤ ਹਨ ਜਾਂ ਨਹੀਂ। ਹਾਂ ਜੇਕਰ ਇਨ੍ਹਾਂ ਨੇ ਪੁਛਿਆ ਹੁੰਦਾ ਤਾਂ ਇਹ ਬੇਮਤਲਬਾ ਰੌਲਾ ਨਾ ਪਾਉਂਦੇ।




ਚਲੋ ਹੁਣ ਗੱਲ ਕਰਦੇ ਹਾਂ ਭਾਰਤ ਵਿਚਲੇ ਗੁਰਧਾਮਾਂ ਦੀ, ਜਦੋਂ ਅਸੀਂ ਪੰਜਾਬ ਦੇ ਕਿਸੇ ਵੀ ਕੋਨੇ ਤੋਂ ਗੁਰਧਾਮਾਂ ਦੇ ਦਰਸ਼ਨ ਦੀਦਾਰ ਕਰਨ ਜਾਂਦੇ ਹਾਂ, ਮੰਨ ਲੋ ਮੈਂ ਸੰਗਰੂਰ ਤੋਂ ਕਾਰ ਤੇ ਦਰਬਾਰ ਸਾਹਿਬ ਜਾਣਾ ਹੋਵੇ ਤਾਂ 5-6 ਟੋਲ ਪਲਾਜ਼ਾ ਆਉਂਦੇ ਨੇ, ਜਿਨ੍ਹਾਂ ਦਾ ਇਕ ਪਾਸੇ ਦਾ ਖਰਚ 400 ਤੋਂ 500 ਦੇ ਵਿਚਕਾਰ ਆਉਂਦਾ ਹੈ ਭਾਵ ਆਉਣ ਜਾਣ ਦਾ ਖਰਚ 800 ਤੋਂ 1000 ਰੁਪਏ ਆਮ ਗੱਲ ਹੈ ਤੇ ਹੁਣ ਦਰਬਾਰ ਸਾਹਿਬ ਰਹਿਣ ਦੀ ਗੱਲ ਕਰੀਏ ਇਕ ਆਮ ਸਰਾਂ ਵਿੱਚ ਇਕ ਦਿਨ ਦਾ ਕਿਰਾਇਆ 300 ਰੁਪਏ ਤੋਂ ਸ਼ੁਰੂ ਹੋ ਕੇ ਹਜ਼ਾਰਾਂ ਰੁਪਏ ਹੈ । ਜਿਸ ਵਿਚ ਸਾਰਾਗੜ੍ਹੀ ਸਰਾਂ ਵਿਚ 1100 ਰੁਪਏ ਤੇ ©♣9 ਸਰਾਂ ਦਾ 1500 ਰੁਪਏ ਹੈ । ਇਹ ਕਮਰੇ ਕਦੇ ਵੀ ਬੇਸ਼ੱਕ ਕੋਈ ਦਰਬਾਰ ਸਾਹਿਬ ਵੱਡਾ ਪ੍ਰੋਗਰਾਮ ਹੋਵੇ ਜਾਂ ਆਮ ਦਿਨਾਂ ਵਿੱਚ ਸੰਗਤ ਨੇ ਜਾਣਾ ਹੋਵੇ ਕਦੇ ਵੀ ਬਿਨਾਂ ਸਿਫਾਰਸ਼ ਤੋਂ ਕਮਰੇ ਨਹੀਂ ਮਿਲਦੇ। ਕਈ ਵਾਰ ਤਾਂ ਸਰਾਂ ਦੇ ਮੈਨੇਜਰ ਕਹਿ ਦਿੰਦੇ ਨੇ ਵੀ ਕਮਰੇ ਖਾਲੀ ਨਹੀਂ ਪਰ ਪੜਤਾਲ ਕਰਨ ਤੇ ਅੱਧੇ ਨਾਲੋਂ ਜਿਆਦਾ ਕਮਰੇ ਖਾਲੀ ਹੁੰਦੇ ਹਨ। ਜਿਹੜੇ ਸ਼੍ਰੋਮਣੀ ਕਮੇਟੀ ਤੇ ਬਾਦਲਕਿਆਂ ਦੇ ਚਹੇਤੇ ਲੀਡਰਾਂ ਲਈ ਰਿਜ਼ਰਵ ਰੱਖੇ ਹੁੰਦੇ ਹਨ। ਇਨ੍ਹਾਂ ਖਰਚਿਆਂ ਬਾਰੇ ਨਾ ਤਾਂ ਕਦੇ ਸ਼੍ਰੋਮਣੀ ਕਮੇਟੀ ਨੇ ਸੋਚਿਆ, ਨਾ ਕਦੇ ਬੀਬਾ ਹਰਸਿਮਰਤ ਕੌਰ ਬਾਦਲ ਨੇ ਸੋਚਿਆ, ਜਿਸ ਨੂੰ 20 ਡਾਲਰਾਂ ਦੀ ਫੀਸ ਜ਼ਿਆਦਾ ਲੱਗ ਰਹੀ ਹੈ ਅਤੇ ਨਾ ਹੀ ਕੈਪਟਨ ਅਮਰਿੰਦਰ ਸਿੰਘ ਨੇ ਆਪਣੀ ਆਵਾਜ ਇਸ ਮਸਲੇ ਤੇ ਬੁਲੰਦ ਕੀਤੀ ਕਿ ਸ਼੍ਰੋਮਣੀ ਕਮੇਟੀ ਵਲੋਂ ਆਮ ਸੰਗਤਾਂ ਦੀ ਲੁੱਟ ਹੋ ਰਹੀ ਹੈ ।

ਹੁਣ ਗੱਲ ਕਰਦੇ ਹਾਂ ਦਰਬਾਰ ਸਾਹਿਬ ਲੰਗਰ ਤੇ ਲੱਗੇ ਜੀ ਐਸ ਟੀ ਦੀ, ਮੈਂ ਬੀਬਾ ਬਾਦਲ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਤੁਹਾਡੇ ਤੋਂ ਤੁਹਾਡੀ ਭਾਈਵਾਲ ਪਾਰਟੀ ਬੀਜੇਪੀ ਤੋਂ ਦਰਬਾਰ ਸਾਹਿਬ ਲੰਗਰ ਤੇ ਲੱਗੇ ਜੀ ਐਸ ਟੀ ਤਾਂ ਮਾਫ ਨੀ ਕਰਵਾ ਹੋਇਆ, ਜਦੋਂ ਤੁਹਾਨੂੰ ਤੁਹਾਡੇ ਭਾਈਵਾਲ ਹੀ ਨਹੀਂ ਪੁਛਦੇ ਦੂਸਰਿਆਂ ਨੇ ਤਾਂ ਕੀ ਪੁੱਛਣਾ, ਨਾਲੇ ਤੁਹਾਡਾ ਤਾਂ ਉਨ੍ਹਾਂ ਨਾਲ ਪਤੀ-ਪਤਨੀ ਵਾਲਾ ਰਿਸ਼ਤਾ ਹੈ।

ਸਿੱਖ ਕੌਮ ਇਸ ਗੱਲ ਤੋਂ ਹੀ ਬਹੁਤ ਖੁਸ਼ ਹੈ ਕਿ ਉਨ੍ਹਾਂ ਦੀ ਪਿਛਲੇ ਲੰਮੇ ਸਮੇਂ ਤੋਂ ਕੀਤੀ ਜਾ ਰਹੀ ਅਰਦਾਸ ਇਮਰਾਨ ਖਾਨ ਅਤੇ ਨਵਜੋਤ ਸਿੰਘ ਸਿੱਧੂ ਦੀ ਮਿਹਨਤ ਸਦਕਾ ਪੂਰੀ ਹੋਣ ਜਾ ਰਹੀ ਹੈ, 20 ਡਾਲਰ ਤਾਂ ਕੀ ਜੇ ਇਹ ਫੀਸ 100 ਡਾਲਰ ਵੀ ਹੁੰਦੀ ਸਿੱਖ ਕੌਮ ਨੇ ਕਦੇ ਰੋਸ ਨਹੀਂ ਸੀ ਕਰਨਾ, ਨਾਲੇ ਇਹ ਫੀਸ ਕੋਈ ਟੈਕਸ ਜਾਂ ਜਜੀਆ ਨਹੀਂ ਸਗੋਂ ਲੋਕਾਂ ਨੂੰ ਦਿੱਤੀਆਂ ਜਾਣ ਵਾਲੀਆਂ ਸੁਵਿਧਾਵਾਂ ਦਾ ਖਰਚ ਹੀ ਹੈ। ਜਦੋਂ ਦਰਬਾਰ ਸਾਹਿਬ ਜਾਈਏ ਤਾਂ ਉਥੇ ਰਹਿਣ ਲਈ ਜਦੋਂ ਸਰਾਂ ਵਿੱਚ ਕਮਰੇ ਲੈਣੇ ਹੁੰਦੇ ਹਨ ਉਥੇ ਕਿਰਾਏ ਨੂੰ ਭੇਟਾ ਦਾ ਨਾਮ ਦੇ ਦਿੱਤਾ ਜਾਂਦਾ ਹੈ । ਜੇ ਪਾਕਿਸਤਾਨ ਸਰਕਾਰ ਵਲੋਂ ਇਸ 20 ਡਾਲਰ ਦੀ ਭੇਟਾ ਨੂੰ ਫੀਸ ਦਾ ਨਾਮ ਦਿੱਤਾ ਗਿਆ ਹੈ । ਫਿਰ ਇਨ੍ਹਾਂ ਅਖੌਤੀ ਅਕਾਲੀਆਂ ਤੇ ਕਾਂਗਰਸੀਆਂ ਨੂੰ ਪੀੜ ਕਿਉਂ ਹੋ ਰਹੀ ਹੈ । ਇਥੇ ਮੈਂ ਇਹ ਵੀ ਦੱਸ ਦੇਵਾਂ ਕਿ ਅਮਰਨਾਥ ਯਾਤਰਾ ਲਈ ਹਿੰਦੂ ਭਾਈਚਾਰੇ ਵਲੋਂ ਚੀਨ ਨੂੰ ਫੀਸ ਦੇਣੀ ਪੈਂਦੀ ਹੈ । ਉਨ੍ਹਾਂ ਨੇ ਵੀ ਕਦੇ ਇਸਦਾ ਵਿਰੋਧ ਨਹੀਂ ਕੀਤਾ।

ਕਰਤਾਰਪੁਰ ਸਾਹਿਬ ਦੇ ਲਾਂਘੇ ਦਾ ਤਾਂ ਸਾਨੂੰ ਕਿਸੇ ਵੀ ਕੀਮਤ ਤੇ ਵਿਰੋਧ ਨਹੀਂ ਕਰਨਾ ਚਾਹੀਦਾ ਕਿਉਂਕਿ ਲੰਮੇ ਸਮੇਂ ਦੀਆਂ ਅਰਦਾਸਾਂ ਤੋਂ ਬਾਅਦ ਸਾਨੂੰ ਇਹ ਦਿਨ ਦੇਖਣ ਨੂੰ ਮਿਲ ਰਿਹਾ ਹੈ ਕਿ ਅਸੀਂ ਪਾਕਿਸਤਾਨ ਵਿੱਚ ਆਪਣੇ ਗੁਰਧਾਮਾਂ ਦੇ ਦਰਸ਼ਨ ਕਰ ਸਕਾਂਗੇ ਤੇ ਸਾਨੂੰ ਹਮੇਸ਼ਾਂ ਹੀ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਸਾਬ ਰਿਣੀ ਰਹਿਣਾ ਚਾਹੀਦਾ ਹੈ।


WHITE HAWK TRUCKING INC

Need Drivers & Owner Operators

Dedicated Load (ਪੱਕੇ ਲੋਡ)

Immediate Payment Option

West Coast I-5 Route




• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ

• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires

• Minor to Major Repair • Rebuild Engine Transmission DEF, DPF Cleaning

• Any kind of Road Service • Computer Diagnose

Call for more Info:

510 774 4191 (Kuljit Singh)

209 242 9569 (Dispatched)

209 564 8899 (Davinder Singh)

209 345 6968 (Ranthir Singh)

2101 MARTIN LUTHER KING JR WAY STOCKTON, CA 95205

### ਮਸਲਾ ਫਰੀਮੌਂਟ ਗੁਰਦੁਆਰਾ ਸਾਹਿਬ ਦਾ

# ਜਨਰਲ ਬਾਡੀ ਸੰਗਤਾਂ ਦਾ ਸੰਵਿਧਾਨਕ ਹੱਕ : ਸਿੱਖ ਪੰਚਾਇਤ

**ਫਰੀਮੌਂਟ /ਏ.ਟੀ. ਨਿਊਜ਼ :**
ਗੁਰਦੁਆਰਾ ਸਾਹਿਬ ਫਰੀਮੌਂਟ ਵਿਚ 24 ਨਵੰਬਰ ਨੂੰ ਹੋਣ ਵਾਲੀ ਜਨਰਲ ਬਾਡੀ ਨੂੰ ਤਿੰਨ ਸੁਪਰੀਮ ਕੌਂਸਲ ਮੈਂਬਰ ਬੀਬੀ ਅਰਵਿੰਦਰ ਕੌਰ, ਹਰਮਿੰਦਰ ਸਿੰਘ ਤੇ ਕੁਲਜੀਤ ਸਿੰਘ ਗੈਰ ਸੰਵਿਧਾਨਕ ਕਹਿ ਕੇ ਸੰਗਤ ਨੂੰ ਗੁੰਮਰਾਹ ਕਰ ਰਹੇ ਹਨ। ਅਸੀਂ ਇਹ ਸਪੱਸ਼ਟ ਕਰਨਾ ਚਾਹੁੰਦੇ ਹਾਂ ਕਿ ਸੰਗਤ ਜਦੋਂ ਮਰਜ਼ੀ ਕਿਸੇ ਮੁੱਦੇ ਨੂੰ ਲੈ ਕੇ 1/5 ਦਸਤਖਤ ਕਰਾ ਕੇ ਜਨਰਲ ਬਾਡੀ ਕਰਵਾ ਸਕਦੀ ਹੈ। ਅਸੀਂ ਸਮਝਦੇ ਹਾਂ ਕਿ 24 ਨਵੰਬਰ ਵਾਲੀ ਜਨਰਲ ਬਾਡੀ ਹੇਠ ਲਿਖੇ ਕਾਰਨਾਂ ਕਰਕੇ ਗੁਰਦੁਆਰਾ ਬਾਈਲਾਅਜ਼ ਮੁਤਾਬਕ ਹੋ ਰਹੀ ਹੈ :

1. ਅਪ੍ਰੈਲ 2019 ਨੂੰ ਜਨਰਲ ਬਾਡੀ ਨਹੀਂ ਹੋਈ ਜਿਸ ਲਈ ਇਹ ਉਹੀ ਜਨਰਲ ਬਾਡੀ ਹਲੇ ਹੋਣੀ ਬਾਕੀ ਹੈ।
2. ਗੁਰਦੁਆਰਾ ਸਾਹਿਬ ਦੀ ਕਮੇਟੀ ਵੀ ਬਹੁਸੰਮਤੀ ਨਾਲ ਜਨਰਲ ਬਾਡੀ ਕਰਵਾ ਸਕਦੀ ਹੈ। ਇਨ੍ਹਾਂ ਪੰਜਾਂ ਸਿੰਘਾਂ ਵਲੋਂ ਸਰਬਸੰਮਤੀ ਨਾਲ 84 ਮੈਂਬਰੀ ਕਮੇਟੀ ਬਣਾਈ ਗਈ ਸੀ ਤੇ ਸਿੱਖ ਪੰਚਾਇਤ ਕੋਲ 61 ਮੈਂਬਰਾਂ ਦੇ ਜਨਰਲ ਬਾਡੀ ਕਰਾਉਣ ਲਈ ਦਸਤਖਤ ਹਨ।
3. ਸੰਗਤ ਦਾ ਪੰਜਵਾਂ ਹਿੱਸਾ ਵੀ ਜਨਰਲ ਬਾਡੀ ਬੁਲਾ ਸਕਦਾ ਹੈ, ਜਿਸ ਲਈ ਸਿੱਖ ਪੰਚਾਇਤ ਦਸਤਖਤ ਕਰਵਾ ਰਹੀ ਹੈ। ਹੁਣ ਤੱਕ ਤਕਰੀਬਨ 1600 ਮੈਂਬਰਾਂ ਦੇ ਦਸਤਖਤ ਹੋ ਚੁੱਕੇ ਹਨ ਅਤੇ ਤਕਰੀਬਨ 1300–1400 ਦੇ ਨਵੰਬਰ 17 ਤੱਕ ਹੋਰ ਲੋੜੀਂਦੇ ਹਨ।


ਭਾਈ ਹਰਮਿੰਦਰ ਸਿੰਘ


ਭਾਈ ਕੁਲਜੀਤ ਸਿੰਘ


ਬੀਬੀ ਅਰਵਿੰਦਰ ਕੌਰ

ਅਸੀਂ ਤਿੰਨ ਸੁਪਰੀਮ ਕੌਂਸਲ ਮੈਂਬਰਾਂ ਤੋਂ ਪੁੱਛਣਾ ਚਾਹੁੰਦੇ ਹਾਂ ਕਿ ਕਿਸੇ ਵੀ ਮੁੱਦੇ ਤੇ ਕਿਸੇ ਵੀ ਮੈਂਬਰ ਨੂੰ ਸੰਗਤ ਨਾਲ ਵਿਚਾਰ ਕਰਨੋ ਕਿਉਂ ਰੋਕਿਆ ਜਾ ਰਿਹਾ ਹੈ ? ਇਨ੍ਹਾਂ ਤਿੰਨਾਂ ਨੇ ਸਟੇਜ ਤੇ ਪੂਰਨ ਕਬਜ਼ਾ ਕੀਤਾ ਹੋਇਆ ਹੈ ਇਹਨਾਂ ਵੱਲੋਂ ਬਾਹਰਲੇ ਸ਼ਹਿਰਾਂ ਤੋਂ ਲਿਆਕੇ ਬੁਲਾਰੇ ਬੁਲਾਏ ਜਾ ਰਹੇ ਹਨ ਪਰ ਆਪਣੇ ਹੀ ਸੁਪਰੀਮ ਕੌਂਸਲ ਮੈਂਬਰਾਂ ਨੂੰ ਟਾਈਮ ਨਹੀਂ ਦਿੱਤਾ ਜਾ ਰਿਹਾ, ਇਹ ਕਿੱਧਰ ਦੀ ਸਿੱਖੀ ਹੈ ?
ਜੇ ਅਸੀਂ ਟਾਈਮ ਮੰਗਣ ਦੀ ਬੇਨਤੀ ਕਰਦੇ ਹਾਂ ਤਾਂ ਕਹਿ ਦਿੰਦੇ ਹਨ ਕਿ ਸਟੇਜ ਦੇ ਨੇੜੇ ਨਾ ਆਇਓ ਨਹੀਂ ਤਾਂ ਲੜਾਈ ਹੋਵੇਗੀ।ਇਹਨਾਂ ਵੱਲੋਂ ਸਪੱਸ਼ਟ ਸੁਨੇਹਾ ਹੈ ਕਿ ਤੁਹਾਨੂੰ ਧੱਕੇ ਨਾਲ ਰੋਕਾਂਗੇ, ਜਿਵੇਂ ਪਹਿਲਾਂ ਵੀ ਦੀਵਾਨ ਹਾਲ ਵਿਚ ਇਹਨਾਂ ਵੱਲੋਂ ਇਕ ਕਮੇਟੀ ਮੈਂਬਰ ਦੇ ਸਿਰ ਵਿਚ ਸਿਰੀ ਸਾਹਿਬ ਨਾਲ ਹਮਲਾ ਕੀਤਾ ਸੀ।
ਅਸੀਂ ਸੰਗਤ ਨੂੰ ਬੇਨਤੀ ਕਰਦੇ ਹਾਂ ਕਿ ਇਨ੍ਹਾਂ ਦੇ ਬਿਆਨਾਂ ਨੂੰ ਗਹੁ ਨਾਲ ਦੇਖਿਆ ਜਾਵੇ। ਇਹ ਅਖ਼ਬਾਰਾਂ ਤੇ ਸੰਗਤਾਂ ਵਿਚ ਕਹਿ ਰਹੇ ਹਨ ਕਿ 24 ਨਵੰਬਰ ਨੂੰ ਸਿੱਖ ਪੰਚਾਇਤ ਜਾਂ ਜਸਜੀਤ ਸਿੰਘ ਨੇ ਲੜਾਈ ਕਰਾਉਣ ਲਈ ਜਨਰਲ ਬਾਡੀ ਸੱਦੀ ਹੈ। ਅਸੀਂ ਇਨ੍ਹਾਂ ਤੋਂ ਪੁੱਛਣਾ ਚਾਹੁੰਦੇ ਹਾਂ ਕਿ ਜੇ ਅਸੀਂ ਕਿਸੇ ਮੁੱਦੇ ਤੇ ਸੰਗਤ ਨਾਲ ਵਿਚਾਰ ਸਾਂਝੇ ਕਰਨੇ ਚਾਹੁੰਦੇ ਹਾਂ ਤਾਂ ਸਾਨੂੰ ਇਨ੍ਹਾਂ ਵਲੋਂ ਰੋਕਣ ਦਾ ਕੀ ਮਤਲਬ ? ਅਸਲ ਵਿਚ ਇਹ ਸਾਨੂੰ ਸੁਨੇਹਾ ਦੇ ਰਹੇ ਹਨ ਕਿ ਆਇਓ ਜਨਰਲ ਬਾਡੀ ਕਰਨ ਤੇ ਤੁਹਾਨੂੰ ਸਟੇਜ ਦੇ ਨੇੜੇ ਫੜਕਣ ਨਹੀਂ ਦਿਆਂਗੇ, ਭਾਵੇਂ ਲੜਾਈ ਵੀ ਕਰਨੀ ਪਵੇ। ਲੜਾਈ ਕਰਨ ਦਾ ਇਨ੍ਹਾਂ ਦਾ ਵਿਚਾਰ ਹੈ, ਜੇ ਇਨ੍ਹਾਂ ਨੂੰ ਇਨਾ ਹੀ ਫਿਕਰ ਹੈ ਤਾਂ ਅਸੀਂ ਸੰਗਤੀ ਰੂਪ ਵਿਚ ਹੇਠੀਆਂ ਸ਼ਰਤਾਂ ਪੇਸ਼ ਕਰਦੇ ਹਾਂ ਤੇ ਜੇ ਇਹ ਮੰਨ ਜਾਂਦੇ ਹਲ ਤਾਂ ਜਨਰਲ ਬਾਡੀ ਦੀ ਜ਼ਰੂਰਤ ਹੀ ਨਹੀਂ ਪਏਗੀ, ਸ਼ਰਤਾਂ ਇਸ ਪ੍ਰਕਾਰ ਹਨ :

1. ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਅਰਦਾਸ ਕਰਕੇ ਹੁਕਮਨਾਮਾ ਲੈ ਕੇ ਮੌਜੂਦਾ ਸੁਪਰੀਮ ਕੌਂਸਲ ਮੈਂਬਰ ਚੁਣੇ ਗਏ ਸਨ। 'ਪੰਜ ਪਿਆਰਿਆਂ' ਦਾ ਸਿਧਾਂਤ ਸਰਬਸੰਮਤੀ ਨਾਲ ਫੈਸਲੇ ਲੈਣ ਦਾ ਹੈ। ਇਹ ਪੰਜ ਸੁਪਰੀਮ ਕੌਂਸਲ ਮੈਂਬਰ ਗੁਰੂ ਗ੍ਰੰਥ ਸਾਹਿਬ ਅੱਗੇ ਦੁਬਾਰਾ ਅਰਦਾਸ ਕਰਕੇ ਪ੍ਰਣ ਕਰਨ ਕਿ ਮਾਰਚ 2020 ਤੱਕ ਉਹ ਸਰਬਸੰਮਤੀ ਨਾਲ ਚੱਲਣਗੇ।
2. ਜਿਹੜੀ ਉਸਾਰੀ ਇਨ੍ਹਾਂ ਵਲੋਂ ਰੋਕੀ ਗਈ ਹੈ ਉਸ ਉਪਰ ਇਹ ਪੰਜ ਸੁਪਰੀਮ ਕੌਂਸਲ ਮੈਂਬਰ ਦੁਬਾਰਾ ਮੋਹਰ ਲਾ ਕੇ ਪ੍ਰਵਾਨਗੀ ਦੇਣ।
3. ਸਟੇਜ ਤੇ ਦੋਹਾਂ ਧਿਰਾਂ ਨੂੰ ਬਰਾਬਰ ਦਾ ਮੌਕਾ ਮਿਲੇ।
4. ਜਿਹੜੇ ਸੇਵਾਦਾਰਾਂ ਨੂੰ ਬੇਇੱਜ਼ਤ ਕਰਕੇ ਕੱਢਿਆ ਹੈ, ਉਨ੍ਹਾਂ ਨੂੰ ਮੁੜ ਬਹਾਲ ਕੀਤਾ ਜਾਵੇ।

ਜੇ ਇਹ ਸਾਰੀਆਂ ਸ਼ਰਤਾਂ ਮਨਜ਼ੂਰ ਨਹੀਂ ਤਾਂ 24 ਨਵੰਬਰ ਨੂੰ ਜਨਰਲ ਬਾਡੀ ਹੋਣੀ ਹੈ ਤੇ ਸਾਧ ਸੰਗਤ ਆਪਣੀ ਮਰਜ਼ੀ ਨਾਲ ਫੈਸਲੇ ਲੈ ਸਕਦੀ ਹੈ। ਸਾਡੀ ਇਨ੍ਹਾਂ ਨੂੰ ਬੇਨਤੀ ਹੈ ਕਿ ਗੁਰਦੁਆਰਾ ਸਾਹਿਬ ਲੜਾਈ ਵਾਲਾ ਮਾਹੌਲ ਨਾ ਬਣਾਇਆ ਜਾਵੇ ਅਤੇ ਸੰਵਿਧਾਨਿਕ ਤਰੀਕੇ ਨਾਲ ਹੋ ਰਹੀ ਜਨਰਲ ਬਾਡੀ ਵਿੱਚ ਕੋਈ ਵਿਘਨ ਨਾ ਪਾਇਆ ਜਾਵੇ।

## ਸਪੋਰਟਸ ਅਕੈਡਮੀ ਦਾ ਖਰਚਾ ਗੁਰੂਘਰ ਵਲੋਂ ਕੀਤਾ ਜਾਂਦਾ ਹੈ

**ਫਰੀਮੌਂਟ/ਏ.ਟੀ. ਨਿਊਜ਼ :** ਗੁਰਦੁਆਰਾ ਸਾਹਿਬ ਫਰੀਮੌਂਟ ਦੀ ਵਿੱਤੀ ਕਮੇਟੀ ਨੇ ਉਨ੍ਹਾਂ ਖ਼ਬਰਾਂ ਦਾ ਖੰਡਨ ਕੀਤਾ ਹੈ ਜਿਨ੍ਹਾਂ ਵਿਚ ਕਿਹਾ ਗਿਆ ਹੈ ਕਿ ਉਹ ਗੁਰਦੁਆਰਾ ਸਾਹਿਬ ਫਰੀਮੌਂਟ ਦੀ ਚੱਲ ਰਹੀ ਸਪੋਰਟਸ ਅਕੈਡਮੀ ਨੂੰ ਖਰਚਾ ਨਹੀਂ ਦੇ ਰਹੇ। ਭਾਈ ਐਚ.ਪੀ. ਸਿੰਘ ਨੇ ਅਖ਼ਬਾਰਾਂ ਨੂੰ ਖਰਚੇ ਦਾ ਵੇਰਵਾ ਜਾਰੀ ਕਰਦੇ ਹੋਏ ਕਿਹਾ ਕਿ ਹੁਣ ਤੱਕ ਇਹ ਖਰਚਾ ਗੁਰੂਘਰ ਵਲੋਂ ਕੀਤਾ ਗਿਆ ਹੈ। ਉਨ੍ਹਾਂ ਨੇ ਹੈਰਾਨੀ ਪ੍ਰਗਟ ਕੀਤੀ ਕਿ ਸਬੰਧਤ ਲੋਕ ਇਸ ਤਰ੍ਹਾਂ ਦੇ ਝੂਠ ਸੰਗਤ ਵਿਚ ਕਿਉਂ ਬੋਲ ਰਹੇ ਹਨ ? ਵਿੱਤੀ ਕਮੇਟੀ ਦੇ ਭੁਪਿੰਦਰ ਸਿੰਘ ਪਰਮਾਰ ਨੇ ਹਰਮਿੰਦਰ ਸਿੰਘ ਨੂੰ 7 ਅਕਤੂਬਰ ਨੂੰ ਬੇਨਤੀ ਕੀਤੀ ਹੈ ਕਿ ਰਸੀਦ ਬੁੱਕ ਵਾਪਿਸ ਕੀਤੀ ਜਾਵੇ ਤਾਂ ਜੋ ਇਹਨਾਂ ਨੂੰ ਖ਼ਰਚਾ ਦਿੱਤਾ ਜਾ ਸਕੇ। ਜੇ ਜ਼ਰੂਰਤ ਹੋਵੇ ਤਾਂ ਰਸੀਦ ਬੁੱਕ ਵਾਪਿਸ ਵੀ ਦਿੱਤੀ ਜਾ ਸਕਦੀ ਹੈ। ਉਨ੍ਹਾਂ ਨੇ ਸੰਗਤ ਨੂੰ ਅਪੀਲ ਕੀਤੀ ਕਿ ਗੁੰਮਰਾਹਕੁੰਨ ਪ੍ਰਚਾਰ ਤੋਂ ਸੁਚੇਤ ਰਹਿਣ।




**GURDWARA SAHIB FREMONT**
**SPORTS - ACCOUNT STATEMENT**
**November 1, 2018 - September 8, 2019**

| | Date | Transaction Type | Num | Name | Memo/Description | Account | Amount |
|---|---|---|---|---|---|---|---|
| Sports GSF | | | | | | | |
| | 11/18/2018 | Check | 12567 | TEJPAL SINGH | reimburement of exp for sports equipmentn and othe exp | Sports GSF | 1,901.26 |
| | 11/18/2018 | Check | 12568 | NEW HAVEN UNIFIED SCHOOL DISTRICT | RENT FOR THE MONTH OF OCT. 2018 FOR SPORTS GROUNDS | Sports GSF | 2,600.82 |
| | 11/25/2018 | Check | 12595 | HARSAHAN SINGH | | Sports GSF | 987.52 |
| | 12/16/2018 | Check | 12626 | NEW HAVEN UNIFIED SCHOOL DISTRICT | Inv # 11204 permitt no.INM/19-051 dt dec 6. 2018 | Sports GSF | 643.95 |
| | 12/30/2018 | Check | 12691 | TEJPAL SINGH | Reibursement of exp, public park fee for 6 months jan to june 2019 and insurance for games | Sports GSF | 2,620.90 |
| | 12/30/2018 | Check | 12692 | AIDA ALASSAF | FOR BASKET BAL TRAINING SESSION FOTR2018 | Sports GSF | 600.00 |
| | 01/13/2019 | Check | 12698 | TEJPAL SINGH | TRINER FEE FOR AIDA & KHUSHWINDER SINGH | Sports GSF | 500.00 |
| | 02/03/2019 | Check | 12766 | NEW HAVEN UNIFIED SCHOOL DISTRICT | RENT FOR GROUNDS DEC 2018 FOR GROUNDS | Sports GSF | 1,243.47 |
| | 02/03/2019 | Check | 12776 | AIDA ALASSAF | FOR 3 SESSION OF JAN 2019 | Sports GSF | 600.00 |
| | 03/17/2019 | Check | 12850 | AIDA ALASSAF | | Sports GSF | 200.00 |
| | 03/31/2019 | Check | 12903 | AIDA ALASSAF | Far basket ball training for the month of march | Sports GSF | 400.00 |
| | 05/12/2019 | Check | 13010 | AIDA ALASSAF | for 3 sessions for basket ball | Sports GSF | 600.00 |
| | 06/16/2019 | Check | 13094 | AIDA ALASSAF | 3 SESSION FOR MONTH OF MAY 2019 | Sports GSF | 600.00 |
| | 07/14/2019 | Check | 13168 | AIDA ALASSAF | | Sports GSF | 600.00 |
| | 08/11/2019 | Check | 13268 | YOUNG KINGS FOUNDATION | PAID AS PER APPROVED BY ALL SC MEMEBERS BY EMAIL FOR SPORTS IN GSF | Sports GSF | 1,000.00 |
| | 08/11/2019 | Check | 13265 | TEJPAL SINGH | REIMBURSEMENT OF EXP FOR SPORTS ACTIVTIES AS PER CLAIM FORM SUBMITTED | Sports GSF | 343.98 |
| | 09/08/2019 | Check | 13328 | TEJPAL SINGH | REIMBURSEMENT FOR SPORTS STUFF | Sports GSF | 175.56 |
| | 09/08/2019 | Check | 13330 | Kamal Jit Singh | REIMBURSEMENT OF EXP FOR SPOTRS | Sports GSF | 94.71 |
| | 09/08/2019 | Check | 13332 | AIDA ALASSAF | COMP ENSATION FOR BASEBALL COACH | Sports GSF | 600.00 |
| | 09/08/2019 | Check | 13333 | NEW HAVEN UNIFIED SCHOOL DISTRICT | RENT FOR USE OF GROUNDS | Sports GSF | 368.00 |
| | | | | | | | $ 16,680.17 |
| | | D Card | | | Insurance for Sports paid on June 6, 2019 | | $ 625.20 |
| TOTAL | | | | | | | $ 17,305.37 |


# ਗੁਰਦੁਆਰਾ ਸਾਹਿਬ ਫਰੀਮਾਂਟ ਦੀ ਜਨਰਲ ਬਾਡੀ ਮੀਟਿੰਗ

## 300 Gurdwara Road Fremont CA 94536

**24 ਨਵੰਬਰ, 2019 ਦਿਨ ਐਤਵਾਰ**
**ਸਮਾਂ : 12:00 ਤੋਂ 12:30 ਵਜੇ**
**ਸਥਾਨ : ਗੁਰਦੁਆਰਾ ਸਾਹਿਬ ਦੇ ਦੀਵਾਨ ਹਾਲ**



ਸਾਧ ਸੰਗਤ ਜੀ,
ਵਾਹਿਗੁਰੂ ਜੀ ਕਾ ਖਾਲਸਾ,
ਵਾਹਿਗੁਰੂ ਜੀ ਕੀ ਫ਼ਤਿਹ

ਮੌਜੂਦਾ ਸੁਪਰੀਮ ਕੌਂਸਲ ਗੁਰਦੁਆਰਾ ਸਾਹਿਬ ਦੇ ਆਰਟੀਕਲ 2 ਮੁਤਾਬਕ ਸੇਵਾ ਨਹੀਂ ਨਿਭਾ ਰਹੇ, ਜਿਹੜੀ ਕਿ ਗੁਰਮਤਿ ਸਿਧਾਂਤ ਦੀ ਉਲੰਘਣਾ ਹੈ। ਇਹ ਸੁਪਰੀਮ ਕੌਂਸਲ ਦੀ ਜਗ੍ਹਾ ਨਵੀਂ ਸੁਪਰੀਮ ਕੌਂਸਲ ਮਾਰਚ 2020 ਤੱਕ ਚੁਨਣ ਦੀ ਤਜ਼ਵੀਜ਼ ਹੈ। ਸਾਡੇ ਵੱਲੋਂ ਗੁਰੂ ਗਰੰਥ ਸਾਹਿਬ ਅੱਗੇ ਪਰਚੀਆਂ ਪਾਕੇ ਜਾਂ ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿੱਚ ਆਪਸੀ ਸਹਿਮਤੀ ਨਾਲ ਉਮੀਦਵਾਰ ਆਪਸ ਵਿੱਚ ਹੀ ਸੁਪਰੀਮ ਕੌਂਸਲ ਚੁਣ ਸਕਦੇ ਹਨ। ਜੇ ਕਿਸੇ ਸੰਗਤ ਮੈਂਬਰ ਕੋਲ ਕੋਈ ਹੋਰ ਤਜ਼ਵੀਜ ਹੋਵੇ ਤਾਂ ਵਿਚਾਰ ਹੋ ਸਕਦੀ ਹੈ। ਕੋਈ ਸੁਝਾਅ, ਤਜਵੀਜ਼ ਜਾਂ ਕੋਈ ਵੀ ਮੁੱਦਾ ਸੰਗਤ ਨਾਲ ਸਾਂਝਾ ਕਰਨ ਲਈ 17 ਨਵੰਬਰ ਤੱਕ ਭਾਈ ਜਸਵਿੰਦਰ ਸਿੰਘ ਜੰਡੀ ਨੂੰ ਲਿਖਤੀ ਤੌਰ 'ਤੇ ਬੇਨਤੀ ਕਰ ਸਕਦੇ ਹੋ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬੇਨਤੀ ਹੈ ਕਿ 24 ਨਵੰਬਰ ਦਿਨ ਐਤਵਾਰ 12:00 ਤੋਂ 12:30 ਵਜੇ ਤੱਕ ਗੁਰਦੁਆਰਾ ਸਾਹਿਬ ਦੇ ਦੀਵਾਨ ਹਾਲ ਵਿੱਚ ਜਨਰਲ ਬਾਡੀ ਕੀਤੀ ਜਾਵੇਗੀ।ਸਾਰੀ ਸੰਗਤ ਨੂੰ ਸਮੇਂ ਸਿਰ ਪੰਹੁਚਣ ਦੀ ਬੇਨਤੀ ਕੀਤੀ ਜਾਂਦੀ ਹੈ।

**ਵਲੋਂ : ਜਸਵਿੰਦਰ ਸਿੰਘ, ਪ੍ਰਧਾਨ ਅਤੇ ਸੁਪਰੀਮ ਕੌਂਸਲ ਮੈਂਬਰ**
**ਸੰਪਰਕ 510-584-7172**

## ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਭਾਈ ਮਰਦਾਨਾ ਜੀ ਨੂੰ ਵੀ ਨਾਲ ਯਾਦ ਕੀਤਾ ਜਾਵੇ : ਢਾਡੀ ਦਿਲਬਰ

**ਕੈਲੀਫੋਰਨੀਆ/ ਹੁਸਨ ਲੜੋਆ ਬੰਗਾ :** ਦੁਨੀਆਂ ਦਾ ਹਰ ਕੋਨਾ ਜਿਥੇ ਵੀ ਗੁਰੂ ਨਾਨਕ ਦਾ ਸਾਹੀ ਝੰਡਾ ਝੂਲ ਰਿਹਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550 ਸਾਲਾਂ ਪ੍ਰਕਾਸ਼ ਦਿਹਾੜਾ ਬੜੀ ਸ਼ਰਧਾ ਨਾਲ ਮਨਾ ਰਹੇ ਹਾਂ। ਕਾਸ਼ ਗੁਰੂ ਨਾਨਕ ਸਾਹਿਬ ਜੀ ਦੇ ਸੰਗੀ ਸਾਥੀ ਸੰਗੀਤ ਦੀ ਮੁਹਾਰਤ ਰੱਖਣ ਵਾਲੇ ਬਿਖਰੇ ਪੈਂਡੇ ਲੰਬੀਆਂ ਰਾਹਾਂ ਦੀਆਂ ਤਕਲੀਫ ਦੇਹ ਚੁਣੌਤੀਆਂ ਨੂੰ ਝੱਲਣ ਵਾਲੇ ਭਾਈ ਮਰਦਾਨਾ ਜੀ ਨੂੰ ਵੀ ਨਾਲ ਯਾਦ ਕੀਤਾ ਜਾਂਦਾ। ਇਹ ਵਿਚਾਰ ਸ੍ਰੀ ਗੁਰੂ ਹਰਗੋਬਿੰਦ ਢਾਡੀ ਸਭਾ ਦੇ ਕੌਮੀ ਪ੍ਰਧਾਨ ਢਾਡੀ ਕੁਲਜੀਤ ਸਿੰਘ ਦਿਲਬਰ ਨੇ ਪੱਤਰਕਾਰ ਨਾਲ ਸਾਂਝੇ ਕਰਦੇ ਹੋਏ ਕਹੇ। ਭਾਈ ਮਰਦਾਨਾ ਜੀ ਗੁਰੂ ਨਾਨਕ ਸਾਹਿਬ ਤੋਂ ਦਸ ਸਾਲ ਵੱਡੇ ਸਨ 47 ਸਾਲ ਨਾਲ ਰਹਿ ਕੇ ਸਿੱਖੀ ਦੀ ਸੇਵਾ ਕੀਤੀ ਗੁਰੂ ਨਾਨਕ ਸਾਹਿਬ ਤੇ ਭਾਈ ਮਰਦਾਨਾ ਜੀ ਨੇ ਢਾਡੀ ਬਣ ਕੇ ਅਕਾਲ ਪੁਰਖ ਦੇ ਰੱਜ ਕੇ ਸੋਹਲੇ ਗਾਏ ਗੁਰੂ ਨਾਨਕ ਸਾਹਿਬ ਨੇ ਆਪਣੇ ਅਰਸ਼ੀ ਸਾਥੀ ਦੇ ਤਿਆਗ ਅਤੇ ਸਿਦਕ ਦਾ ਮੁੱਲ ਅਦਾ ਕਰ ਕੇ ਉਨ੍ਹਾਂ ਦੇ ਤਿੰਨ ਸਲੋਕਾਂ ਨੂੰ ਬਾਣੀ ਦੇ ਰੂਪ ਵਿਚ ਦਰਜ ਕਰ ਕੇ ਉਸ ਨੂੰ ਬ੍ਰਹਮੀ ਪੁਰਖ ਬਣਾ ਦਿੱਤਾ। ਇੰਝ ਲਗਦਾ ਜਿਵੇਂ ਗੁਰੂ ਨਾਨਕ ਸਾਹਿਬ ਨੇ ਆਪਣੇ ਸੰਗੀ ਸਾਥੀ ਤੇ ਬਹੁਤ ਉੱਚਤਾ ਦੀ ਬਖਸ਼ਿਸ਼ ਕੀਤੀ ਪਰ ਅਸੀਂ ਭਾਈ ਮਰਦਾਨਾ ਨੂੰ ਕੋਈ ਉੱਚ ਸਥਾਨ ਨਹੀਂ ਦੇ ਸਕੇ। ਚੰਗਾ ਹੋਵੇ ਉਸ ਧਨਤਾ ਦੇ ਯੋਗ ਨੇਕ ਬਖਤ ਭਾਈ ਮਰਦਾਨਾ ਜੀ ਨੂੰ ਵੀ ਯਾਦ ਕਰ ਕੇ ਮਜ਼ਬੀ ਵਿਤਕਰਿਆਂ ਤੋਂ ਉੱਪਰ ਉੱਠ ਕੇ ਕੋਈ ਕੁਲ ਆਲਮ ਨੂੰ ਪੈਗਾਮ ਦੇ ਸਕੀਏ।



## ਪੰਜਾਬ ਜ਼ਿਮਨੀ ਚੋਣਾਂ ਦੌਰਾਨ ਕਾਂਗਰਸ ਨੇ ਤਿੰਨ ਅਤੇ ਅਕਾਲੀ ਦਲ ਨੇ ਇੱਕ ਸੀਟ ਜਿੱਤੀ

**ਚੰਡੀਗੜ੍ਹ : ਏ.ਟੀ. ਨਿਊਜ਼ :** ਪੰਜਾਬ ਦੇ ਚਾਰ ਵਿਧਾਨ ਸਭਾ ਹਲਕਿਆਂ ਦੀਆਂ ਜ਼ਿਮਨੀ ਚੋਣਾਂ ਦੌਰਾਨ ਤਿੰਨ ਹਲਕਿਆਂ 'ਤੇ ਕਾਂਗਰਸ ਅਤੇ ਇੱਕ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਨੇ ਜਿੱਤ ਹਾਸਲ ਕੀਤੀ ਹੈ। ਜਲਾਲਾਬਾਦ ਵਿਧਾਨ ਸਭਾ ਹਲਕੇ ਵਿਚ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਦਬਦਬਾ ਤੋੜਦਿਆਂ ਕਾਂਗਰਸ ਦੇ ਰਮਿੰਦਰ ਸਿੰਘ ਆਵਲਾ ਨੇ ਅਕਾਲੀ ਦਲ ਦੇ ਉਮੀਦਵਾਰ ਨੂੰ ਵੱਡੇ ਫਰਕ ਨਾਲ ਹਰਾਇਆ। ਸੱਤਾਧਾਰੀ ਕਾਂਗਰਸ ਲਈ ਵੱਕਾਰ ਦਾ ਸਵਾਲ ਬਣੇ ਦਾਖਾ ਵਿਧਾਨ ਸਭਾ ਹਲਕੇ ਤੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਖਾਸਮ-ਖਾਸ ਕੈਪਟਨ ਸੰਦੀਪ ਸੰਧੂ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਮਨਪ੍ਰੀਤ ਸਿੰਘ ਇਯਾਲੀ ਨੇ ਬੁਰੀ ਤਰ੍ਹਾਂ ਹਾਰ ਦਿੱਤੀ ਹੈ। ਭਾਜਪਾ ਦਾ ਗੜ੍ਹ ਮੰਨੇ ਜਾਂਦੇ ਫਗਵਾੜਾ ਅਤੇ ਮੁਕੇਰੀਆਂ ਹਲਕਿਆਂ ਤੋਂ ਕਾਂਗਰਸ ਦੇ ਬਲਵਿੰਦਰ ਸਿੰਘ ਧਾਲੀਵਾਲ ਅਤੇ ਮਰਹੂਮ ਕਾਂਗਰਸੀ ਵਿਧਾਇਕ ਦੀ ਪਤਨੀ ਇੰਦੂ ਬਾਲਾ ਨੇ ਜਿੱਤ ਹਾਸਲ ਕੀਤੀ ਹੈ। ਪੰਜਾਬ ਵਿਧਾਨ ਸਭਾ ਵਿੱਚ ਹੁਣ ਕਾਂਗਰਸ ਦੇ ਵਿਧਾਇਕਾਂ ਦੀ ਗਿਣਤੀ 80 ਹੋ ਗਈ ਹੈ ਜਦਕਿ ਆਮ ਆਦਮੀ ਪਾਰਟੀ ਦੇ 19, ਸ਼੍ਰੋਮਣੀ ਅਕਾਲੀ ਦਲ ਦੇ 14, ਭਾਜਪਾ ਅਤੇ ਲੋਕ ਇਨਸਾਫ਼ ਪਾਰਟੀ ਦੇ 2-2 ਵਿਧਾਇਕ ਹਨ। ਜ਼ਿਮਨੀ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਅਤੇ ਲੋਕ ਇਨਸਾਫ਼ ਪਾਰਟੀ ਦੇ ਉਮੀਦਵਾਰਾਂ ਸਮੇਤ ਹੋਰਨਾਂ ਆਜ਼ਾਦ ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ। ਜ਼ਿਮਨੀ ਚੋਣਾਂ ਦੇ ਨਤੀਜਿਆਂ ਦੇ ਆਧਾਰ 'ਤੇ ਭਾਵੇਂ ਸੱਤਾਧਾਰੀ ਕਾਂਗਰਸ ਲਈ ਜੇਤੂ ਦਿਨ ਕਰਾਰ ਦਿੱਤਾ ਜਾ ਸਕਦਾ ਹੈ ਪਰ ਇਹ ਚੋਣ ਨਤੀਜੇ ਇੱਕ ਤਰ੍ਹਾਂ ਨਾਲ ਪ੍ਰਮੁੱਖ ਸਿਆਸੀ ਹਸਤੀਆਂ ਲਈ ਝਟਕੇ ਤੋਂ ਘੱਟ ਨਹੀਂ ਹਨ। ਸੁਖਬੀਰ ਸਿੰਘ ਬਾਦਲ ਤੋਂ ਜਲਾਲਾਬਾਦ ਖੁੱਸਣਾ ਅਕਾਲੀ ਦਲ ਅਤੇ ਦਾਖਾ ਤੋਂ ਕੈਪਟਨ ਸੰਦੀਪ ਸਿੰਘ ਸੰਧੂ ਦੀ ਹਾਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਲਈ ਕਰਾਰਾ ਝਟਕਾ ਹਨ। ਭਾਰਤੀ ਜਨਤਾ ਪਾਰਟੀ ਵੱਲੋਂ ਪੰਜਾਬ ਵਿੱਚ ਆਪਣੇ ਦਮ 'ਤੇ ਭਵਿੱਖ ਦੀ ਰਾਜਸੀ ਲੜਾਈ ਲੜਨ ਦਾ ਐਲਾਨ ਕੀਤਾ ਗਿਆ ਹੈ ਅਤੇ ਅੰਦਰਖਾਤੇ ਉਸ ਵੱਲੋਂ ਤਿਆਰੀ ਵੀ ਕੀਤੀ ਜਾ ਰਹੀ ਹੈ। ਜ਼ਿਮਨੀ ਚੋਣਾਂ ਦੌਰਾਨ ਜੇਕਰ ਫਗਵਾੜਾ ਅਤੇ ਮੁਕੇਰੀਆਂ ਤੋਂ ਭਾਜਪਾ ਉਮੀਦਵਾਰਾਂ ਦੀ ਹਾਰ ਨੂੰ ਦੇਖਿਆ ਜਾਵੇ ਤਾਂ ਸਪੱਸ਼ਟ ਹੁੰਦਾ ਹੈ ਕਿ ਇਹ ਹਾਲ ਦੀ ਘੜੀ ਆਪਣੇ ਦਮ 'ਤੇ ਲੜਾਈ ਲੜਨ ਦੇ ਸਮਰੱਥ ਨਹੀਂ ਹੋਈ ਹੈ।

## 'ਕਨੇਡਾ ਵਿੱਚ ਜਿੱਤ ਦੇ ਝੰਡੇ ਲਹਿਰਾਉਣ ਵਾਲੇ ਪੰਜਾਬੀਆਂ ਨੂੰ ਵਧਾਈਆਂ'

**ਸ਼ਿਕਾਗੋ/ਏ.ਟੀ. ਨਿਊਜ਼ :** ਪਿਛਲੇ ਦਿਨੀ ਕਨੇਡਾ ਵਿੱਚ ਹੋਈਆ ਐਮ ਪੀ ਦੀਆਂ ਚੋਣਾਂ ਵਿਚ ਜਿਥੇ ਪਿਛਲੀ ਵਾਰ ਦੀ ਤਰ੍ਹਾਂ ਇਸ ਵਾਰ ਵੀ ਸ਼੍ਰੀ ਜਸਟਿਨ ਟਰੂਡੋ ਦੀ ਸਰਕਾਰ ਬਣਨੀ ਤੈਅ ਹੈ, ਨਾਲ ਹੀ ਇਹ ਤਸਵੀਰ ਵੀ ਪੂਰੀ ਤਰ੍ਹਾਂ ਸਾਫ ਹੋ ਚੁੱਕੀ ਹੈ ਕਿ ਇਸ ਸ੍ਰੀ ਟਰੂਡੋ ਦੀ ਸਰਕਾਰ ਬਣਾਉਣ ਲਈ ਅਜ਼ਾਦੀ ਘੁਲਾਟੀਏ ਸੇਵਾ ਸਿੰਘ ਠੀਕਰੀਵਾਲਾ ਦੇ ਪੜਪੋਤਰੇ ਜਗਮੀਤ ਸਿੰਘ ਕਿੰਗ ਮੇਕਰ ਸਾਬਿਤ ਹੋਣਗੇ, ਕਹਿਣ ਦਾ ਭਾਵ ਜਗਮੀਤ ਸਿੰਘ ਦਾ ਉਪ ਪ੍ਰਧਾਨ ਮੰਤਰੀ ਬਣਨਾ ਲਗਭਗ ਤਹਿ ਹੈ। ਇਹਨਾਂ ਸਬਦਾਂ ਦਾ ਪ੍ਰਗਟਾਵਾ ਬੂਟਾ ਸਿੰਘ ਖੜੌਦ ਕਨਵੀਨਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ ਅਤੇ ਪ੍ਰਧਾਨ ਸੁਰਜੀਤ ਸਿੰਘ ਕੁਲਾਰ ਨੇ ਕੀਤਾ। ਉਹਨਾਂ ਜਿਥੇ ਜਸਟਿਨ ਟਰੂਡੋ ਨੂੰ ਵਧਾਈ ਦਿੱਤੀ ਉਥੇ ਹੀ ਆਜਾਦੀ ਘੁਲਾਟੀਏ ਸੇਵਾ ਸਿੰਘ ਠੀਕਰੀਵਾਲਾ ਦੇ ਪੜਪੋਤਰੇ ਜਗਮੀਤ ਸਿੰਘ ਨੂੰ ਐਮ ਪੀ ਅਤੇ ਕਿੰਗ ਮੇਕਰ ਬਣਨ ਦੀਆਂ ਅਤੇ ਹੋਰਨਾਂ 17 ਪੰਜਾਬੀਆਂ ਨੂੰ ਵੀ ਐਮ ਪੀ ਬਣਨ ਦੀਆਂ ਵਧਾਈਆਂ ਭੇਜੀਆਂ। ਜ਼ਿਕਰਯੋਗ ਹੈ ਕਿ ਇਸ ਵਾਰ ਕਨੇਡਾ ਦੀ ਸੰਸਦ ਵਿੱਚ 18 ਪੰਜਾਬੀ ਚਿਹਰੇ ਬਤੌਰ ਐਮ ਪੀ ਚੁਣੇ ਗਏ ਹਨ। ਇਸ ਨਾਲ ਉਹਨਾਂ ਨਾਲ ਜੀਤ ਸਿੰਘ ਆਲੋਆਰਖ ਕੌਮੀ ਜਰਨਲ ਸਕੱਤਰ, ਮੱਖਣ ਸਿੰਘ ਕਲੇਰ ਜਰਨਲ ਸਕੱਤਰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ,ਰੁਪਿੰਦਰ ਸਿੰਘ ਬਾਠ ਸਕੱਤਰ ਜਰਨਲ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਨੇ ਵੀ ਵਧਾਈਆਂ ਦਿੱਤੀਆਂ।



## ਇੰਡੋ-ਯੂ.ਐਸ. ਹੈਰੀਟੇਜ ਐਸੋਸੀਏਸ਼ਨ ਫਰਿਜ਼ਨੋ ਵੱਲੋਂ ਨਵੇਂ ਅਹੁਦੇਦਾਰਾਂ ਦੀ ਚੋਣ

**ਫਰਿਜ਼ਨੋ /ਨੀਟਾ ਮਾਛੀਕੇ, ਕੁਲਵੰਤ ਧਾਲੀਆਂ :** ਗਦਰੀ ਬਾਬਿਆਂ ਦੀ ਸੋਚ ਨੂੰ ਪ੍ਰਣਾਈ ਹੋਈ ਸਥਾਨਕ ਇੰਡੋ ਯੂ ਐਸ ਹੈਰੀਟੇਜ ਐਸੋਸੀਏਸ਼ਨ ਦੇ ਮੈਂਬਰਾਂ ਦੀ ਇਕ ਅਹਿਮ ਮੀਟਿੰਗ, 4 ਅਕਤੂਬਰ, 2019 ਸ਼ਾਮ 5.30 ਵਜੇ, ਗੁਰੂ-ਘਰ ਪੈਸੀਫਿਕ ਕੋਸਟ ਸੇਲਮਾ ਵਿਖੇ ਹੋਈ ਸੀ। ਜਿਸ ਦੀ ਜਾਣਕਾਰੀ ਸਮੂਹ ਮੈਂਬਰਾਂ ਨੂੰ ਸਤੰਬਰ 27, 2019 ਨੂੰ ਸਰਟੀਫਾਈਡ ਡਾਕ ਪੱਤਰ ਭੇਜ ਕੇ ਦਿੱਤੀ ਗਈ ਸੀ। ਮੀਟਿੰਗ ਵਿੱਚ ਬਹੁਗਿਣਤੀ ਮੈਂਬਰਾਂ ਦੀ ਸਹਿਮਤੀ ਨਾਲ਼, ਅਗਲੇ ਦੋ ਸਾਲਾਂ ਲਈ ਅਹੁਦੇਦਾਰਾਂ ਦੀ ਚੋਣ ਕੀਤੀ ਗਈ। ਜਥੇਬੰਦੀ ਦੇ ਸੰਵਿਧਾਨ ਅਤੇ ਚੋਣ-ਪ੍ਰਕਿਰਿਆ ਅਨੁਸਾਰ, ਜਿੱਥੇ ਨਿਰਮਲ ਸਿੰਘ ਗਿੱਲ (ਧਨੌਲਾ) ਨੂੰ ਸਰਬਸੰਮਤੀ ਨਾਲ ਪ੍ਰਧਾਨ ਚੁਣਿਆ ਗਿਆ, ਉਸ ਦੇ ਨਾਲ ਹੀ ਮਨਜੀਤ ਸਿੰਘ ਕੁਲਾਰ (ਸੰਸਾਰਪੁਰ) ਨੂੰ ਖ਼ਜ਼ਾਨਚੀ ਅਤੇ ਰਣਜੀਤ ਸਿੰਘ ਗਿੱਲ (ਸੁਧਾਰ) ਨੂੰ ਸਕੱਤਰ ਵਜੋਂ ਚੁਣਿਆ ਗਿਆ। ਉਪਰੰਤ, ਭਵਿੱਖ ਵਿੱਚ ਜਥੇਬੰਦੀ ਵਲੋਂ ਕਰਵਾਉਣ ਵਾਲੇ ਅਗਾਮੀ ਪ੍ਰੋਗਰਾਮਾਂ ਬਾਰੇ ਵਿਸਥਾਰ ਨਾਲ਼ ਵਿਚਾਰ ਵਟਾਂਦਰਾ ਕੀਤਾ ਗਿਆ। ਪ੍ਰਧਾਨ ਨਿਰਮਲ ਸਿੰਘ ਗਿੱਲ ਨੇ, ਮੀਟਿੰਗ ਵਿੱਚ ਸ਼ਿਰਕਤ ਕਰਨ ਵਾਲੇ ਸਾਰੇ ਮੈਂਬਰਾਂ ਦਾ ਸ਼ੁਕਰੀਆ ਅਦਾ ਕੀਤਾ ਅਤੇ ਸਾਰੇ ਮੈਂਬਰਾਂ ਨੂੰ ਸਮਾਜ-ਸੇਵੀ ਕੰਮਾਂ ਵਿੱਚ ਵਧ-ਚੜ੍ਹ ਕੇ ਹਿੱਸਾ ਲੈਣ ਲਈ ਪੁਰਜ਼ੋਰ ਅਪੀਲ ਕੀਤੀ। ਜਥੇਬੰਦੀ ਦੇ ਤਮਾਮ ਮੈਂਬਰਾਂ ਨੇ ਅਹਿਦ ਲਿਆ ਕਿ ਗਦਰੀ ਬਾਬਿਆਂ ਅਤੇ ਆਜ਼ਾਦੀ ਘੁਲ਼ਾਟੀਏ ਸਭ ਦੇਸ਼ ਭਗਤਾਂ ਦੀ ਯਾਦ ਨੂੰ ਤਾਜ਼ਾ ਰੱਖਣ ਲਈ ਅਤੇ ਉਨ੍ਹਾਂ ਦੇ ਵਿਚਾਰਾਂ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਲਈ ਜਥੇਬੰਦੀ ਹਮੇਸ਼ਾ ਯਤਨਸ਼ੀਲ ਰਹੇਗੀ।



DIAMOND TRANSPORTATION
DIAMOND
Transportation Logistics, Inc.
Dry Van ਤੇ Reefer ਦੇ ਕੰਮ ਲਈ Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ
209.487.3699
ਹਰਨੇਕ ਸਿੰਘ ਅਟਵਾਲ
209.351.5965
2850 Loomis Rd, Stockton, CA 95205

# ਗੁਰਦੁਆਰਾ ਸਾਹਿਬ ਯੂਬਾਸਿਟੀ ਦੀ 50ਵੀਂ ਵਰ੍ਹੇਗੰਢ ਮੌਕੇ ਮੁਢਲੇ ਮੈਂਬਰਾਂ ਦੇ ਪਰਿਵਾਰਾਂ ਦਾ ਸਨਮਾਨ

## 3 ਨਵੰਬਰ ਨੂੰ ਹੋਣ ਜਾ ਰਹੇ ਵਿਸ਼ਾਲ ਨਗਰ ਕੀਰਤਨ ਦੀ ਤਿਆਰੀ ਮੁਕੰਮਲ



**ਯੂਬਾ ਸਿਟੀ / ਹੁਸਨ ਲੜੋਆ ਬੰਗਾ:** ਯੂਬਾ ਸਿਟੀ ਦੇ ਗੁਰਦੁਆਰਾ ਸਾਹਿਬ ਟਾਇਰਾ ਬਿਊਨਾ ਦੀ 50 ਵੀਂ ਵਰ੍ਹੇਗੰਢ ਮੌਕੇ ਗੁਰੂ ਘਰ ਦੇ ਮੁਢਲੇ ਮੈਂਬਰਾਂ ਨੂੰ ਜਾਂ ਉਨ੍ਹਾਂ ਦੇ ਬਚਦੇ ਪਰਿਵਾਰਾਂ ਦੇ ਜੀਆਂ ਨੂੰ ਸਨਮਾਨ ਦਿੱਤਾ ਗਿਆ। ਇਹ ਸਨਮਾਨ ਗੁਰਦੁਆਰਾ ਸਾਹਿਬ ਦੇ ਮੁਢਲੇ ਪ੍ਰਬੰਧਕ ਬਜ਼ੁਰਗ ਦਿਦਾਰ ਸਿੰਘ ਬੈਂਸ ਨੇ ਦਿੱਤੇ। ਇਸ ਮੌਕੇ ਉਨ੍ਹਾਂ ਦੇ ਨਾਲ ਮੌਜੂਦਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਸਵੰਤ ਸਿੰਘ ਬੈਂਸ, ਸੈਕਟਰੀ ਸਰਬਜੀਤ ਸਿੰਘ ਥਿਆੜਾ, ਖਜਾਨਚੀ ਹਰਮਿੰਦਰ ਸਿੰਘ ਹਾਜ਼ਰ ਸਨ। ਇਸ ਦੌਰਾਨ 40ਵੇਂ ਨਗਰ ਕੀਰਤਨ ਦੇ ਸਬੰਧ 'ਚ ਚਲ ਰਹੇ ਦੀਵਾਨਾਂ ਦੌਰਾਨ ਪਹਿਲਾਂ ਅਖੰਡਪਾਠ ਦੇ ਭੋਗ ਪਾਏ ਗਏ ਤੇ ਕੀਰਤਨੀਏ ਭਾਈ ਕੁਲਦੀਪ ਸਿੰਘ ਟੋਹਾਣਾ, ਭਾਈ ਮਲਕੀਤ ਸਿੰਘ ਜੀ, ਭਾਈ ਜਸਵੰਤ ਸਿੰਘ ਜੀ, ਭਾਈ ਜੁਝਾਰ ਸਿੰਘ ਜੀ, ਮਨੋਹਰ ਸਿੰਘ ਜੀ ਜਥੇ ਵਲੋਂ ਹਰ ਰੋਜ਼ ਕੀਰਤਨ ਕੀਤਾ ਜਾ ਰਿਹਾ ਹੈ। ਇਸ ਮੌਕੇ ਸੈਕਟਰੀ ਸਰਬਜੀਤ ਥਿਆੜਾ ਨੇ ਜਾਣਕਾਰੀ ਦਿੱਤੀ ਕਿ ਇਸ ਸਾਲ ਵੀ 03 ਨਵੰਬਰ ਨੂੰ ਹੋਣ ਜਾ ਰਹੇ ਵਿਸ਼ਾਲ ਨਗਰ ਕੀਰਤਨ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ, ਜਿਸ ਵਿਚ ਸਕਿਊਰਿਟੀ ਦਾ ਖਾਸ ਪ੍ਰਬੰਧ ਹੈ, ਬਾਕੀ ਪ੍ਰਬੰਧਾਂ ਲਈ ਸਬ ਕਮੇਟੀਆਂ ਬਣਾਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਇਸ ਵਾਰ ਵੀ ਦੇਸ਼ਾਂ ਵਿਦੇਸ਼ਾਂ ਤੋਂ 60 ਹਜਾਰ ਤੋਂ ਵੱਧ ਸੰਗਤ ਪਹੁੰਚਣ ਦੀ ਆਸ ਹੈ। ਇਸ ਦੌਰਾਨ 01 ਨਵੰਬਰ ਦਿਨ ਸ਼ੁੱਕਰਵਾਰ ਨੂੰ ਸ਼ਾਮ 8:00 ਵਜੇ ਆਤਿਸ਼ਬਾਜ਼ੀ ਹੋਵੇਗੀ, 2 ਨਵੰਬਰ ਨੂੰ ਅੰਮ੍ਰਿਤ ਸੰਚਾਰ ਹੋਵੇਗਾ, ਸਵੇਰੇ ਨਿਸ਼ਾਨ ਸਾਹਿਬ ਦੇ ਚੋਲੇ ਬਦਲੇ ਜਾਣਗੇ, ਦਸ਼ਮੇਸ਼ ਹਾਲ 'ਚ 01:00 ਵਜੇ ਸੈਮੀਨਾਰ ਹੋਵੇਗਾ, ਇਸੇ ਦਿਨ ਸੁੰਦਰ ਦਸਤਾਰ ਮੁਕਾਬਲੇ ਹੋਣਗੇ ਤੇ ਸ਼ਾਮ ਨੂੰ ਦਿਵਾਨ ਸਜਣਗੇ ਤੇ ਰੈਣ ਸੁਬਾਈ ਕੀਰਤਨ ਹੋਣਗੇ। ਐਤਵਾਰ ਵਾਲੇ ਦਿਨ ਦਿਵਾਨਾਂ ਤੋਂ ਇਲਾਵਾ ਵਿਸ਼ਾਲ ਨਗਰ ਕੀਰਤਨ ਹੋਵੇਗਾ। ਗੁਰੂ ਘਰ ਦੇ ਜਿਨ੍ਹਾਂ ਮੁਢਲੇ ਮੈਂਬਰਾਂ ਨੂੰ ਸਨਮਾਨ ਦਿੱਤਾ ਗਿਆ ਉਨ੍ਹਾਂ 'ਚ ਬਖਤਾਵਰ ਸਿੰਘ ਪੁਰੇਵਾਲ, ਊਧਮ ਸਿੰਘ ਪੁਰੇਵਾਲ, ਸੋਹਨ ਸਿੰਘ, ਕਰਤਾਰ ਸਿੰਘ ਖੇੜਾ, ਅਮਰ ਸਿੰਘ ਸਮਰਾ, ਦਿਦਾਰ ਸਿੰਘ ਬੈਂਸ, ਭਗਤ ਸਿੰਘ ਥਿਆੜਾ, ਮੇਜਰ ਸਿੰਘ ਪੂੰਨੀਆਂ, ਪ੍ਰੀਤਮ ਸਿੰਘ ਪੂੰਨੀਆਂ, ਮੇਹਰ ਸਿੰਘ, ਪਾਖਰ ਸਿੰਘ ਬਾਠ, ਹਰਭਜਨ ਸਿੰਘ ਜੌਹਲ, ਗੰਡਾ ਸਿੰਘ ਹੀਰ, ਫਕੀਰ ਚੰਦ ਚੀਮਾ, ਸੇਵਾ ਸਿੰਘ ਹੇਰ, ਦਵਿੰਦਰ ਸਿੰਘ ਬੈਂਸ, ਉਜਾਗਰ ਸਿੰਘ ਚੀਮਾ, ਸਵਰਨ ਸਿੰਘ ਤੱਖਰ, ਗੁਲਜਾਰ ਸਿੰਘ ਬੈਂਸ, ਗੁਰਦਾਵਰ ਸਿੰਘ ਢਿਲੋਂ, ਉਤਮ ਸਿੰਘ ਬੈਂਸ, ਮਲਕੀਤ ਸਿੰਘ ਜੌਹਲ, ਰਜਿੰਦਰ ਸਿੰਘ ਧਾਮੀ, ਲਾਲ ਸਿੰਘ ਰਾਏ, ਕਰਨੈਲ ਸਿੰਘ ਤੱਖਰ ਤੇ ਰਤਨ ਸਿੰਘ ਸਹੋਤਾ ਨੂੰ ਸਨਮਾਨ ਦਿੱਤਾ ਗਿਆ।

### ਕਰਤਾਰਪੁਰ ਸਾਹਿਬ ਜਾਣ ਵਾਲੇ ਪਹਿਲੇ ਜਥੇ ਦੀ ਸੂਚੀ 'ਚ ਡਾ. ਮਨਮੋਹਨ ਸਿੰਘ, ਕੈਪਟਨ ਤੇ ਹਰਸਿਮਰਤ ਦੇ ਨਾਂ ਸ਼ਾਮਲ

**ਚੰਡੀਗੜ੍ਹ/ਏ.ਟੀ. ਨਿਊਜ਼ :** ਕਰਤਾਰਪੁਰ ਲਾਂਘੇ ਰਾਹੀਂ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਪਾਕਿਸਤਾਨ ਜਾਣ ਵਾਲੇ ਪਹਿਲੇ ਜਥੇ ਦੀ ਸੂਚੀ ਜਾਰੀ ਕਰ ਦਿੱਤੀ ਗਈ ਹੈ। ਪਹਿਲੇ ਜਥੇ ਵਿੱਚ ਭਾਰਤ ਵੱਲੋਂ 575 ਸ਼ਰਧਾਲੂ ਪਾਕਿਸਤਾਨ ਜਾਣਗੇ। ਇਨ੍ਹਾਂ ਵਿੱਚ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ, ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ, ਹਰਦੀਪ ਪੁਰੀ, ਹਰਸਿਮਰਤ ਕੌਰ ਬਾਦਲ, ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਉਨ੍ਹਾਂ ਦੇ ਸਾਂਸਦ ਵੀ ਸ਼ਾਮਲ ਹੋਣਗੇ।

# ਪੈਲਾਟਾਇਨ ਗੁਰਦੁਆਰਾ ਸਾਹਿਬ ਵਿਖੇ ਬੰਦੀ ਛੋੜ ਦਿਵਸ ਬੜੀ ਧੂਮ ਧਾਮ ਨਾਲ ਮਨਾਇਆ





**ਸ਼ਿਕਾਗੋ/ਮੱਖਣ ਸਿੰਘ ਕਲੇਰ :** ਇਥੋਂ ਦੇ ਸਿੱਖ ਰਿਲੀਜੀਅਸ ਸੁਸਾਇਟੀ ਪੈਲਾਟਾਇਨ ਗੁਰਦੁਆਰਾ ਸਾਹਿਬ ਵਿੱਖੇ 27 ਅਕਤੂਬਰ ਦਿਨ ਐਤਵਾਰ ਨੂੰ ਸੰਗਤਾਂ ਵਲੋਂ ਰਲ ਮਿਲਕੇ ਬੜੀ ਸ਼ਰਧਾ ਭਾਵਨਾ ਨਾਲ ਬੰਦੀ ਛੋੜ ਦਿਵਸ ਮਨਾਇਆ ਗਿਆ। ਸਵੇਰ ਵੇਲੇ ਰਾਗੀ ਸਿੰਘਾਂ ਵਲੋਂ ਆਸਾ ਦੀ ਵਾਰ ਦੇ ਕੀਰਤਨ ਕੀਤੇ ਗਏ ਤੇ ਉਪਰੰਤ ਹਫਤਾਵਾਰੀ ਦੀਵਾਨ ਸਜਾਏ ਗਏ ਜੋ ਕਿ ਬੰਦੀ ਛੋੜ ਦਿਵਸ ਨੂੰ ਸਮਰਪਤ ਸਨ। ਰਾਤ ਦੇ ਦੀਵਾਨ ਵੀ ਬੰਦੀ ਛੋੜ ਦਿਵਸ ਨੂੰ ਸਮਰਪਤ ਸਨ । ਜਿਸ ਵਿੱਚ ਸੰਗਤਾਂ ਭਾਰੀ ਗਿਣਤੀ ਵਿੱਚ ਹੁੰਮ ਹੁੰਮਾ ਕੇ ਪਹੁੰਚੀਆਂ ਰਾਤ ਨੂੰ ਲਾਇਟਾਂ ਤੇ ਦੀਪ ਮਾਲਾ ਰਾਹੀਂ ਗੁਰਦੁਆਰਾ ਸਾਹਿਬ ਦੀ ਬਿਲਡਿੰਗ ਦੀ ਬਾਹਰੀ ਦਿੱਖ ਨੂੰ ਰੁਸ਼ਨਾਇਆ ਹੋਇਆ ਸੀ। ਗੁਰੂ ਘਰ ਦੀ ਕੀਰਤਨੀ ਜਥਿਆਂ ਵਲੋਂ ਗੁਰਬਾਣੀ ਰਾਹੀਂ ਤੇ ਕਥਾ ਰਾਹੀਂ ਨੂੰ ਸੰਗਤਾਂ ਗੁਬਾਣੀ ਤੇ ਗੁਰਇਤਿਹਾਸ ਸਰਵਣ ਕਰਵਾਇਆ।ਬੰਦੀ ਛੋੜ ਦਿਵਸ ਸਿੱਖ ਜਗਤ ਛੇਵੇਂ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਗੁਵਾਲੀਅਰ ਦੇ ਕਿਲੇ ਵਿੱਚੋਂ ਜਹਾਂਗੀਰ ਦੀ ਕੈਦ ਵਿੱਚੋਂ ਰਿਹਾਈ ਦੀ ਖੁਸ਼ੀ ਵਜੋਂ ਮਨਾਉਂਦਾ ਆ ਰਿਹਾ ਹੈ। ਭਾਵੇਂ ਕਿ ਦਿਵਾਲੀ ਦਾ ਤਿਉਹਾਰ ਵੀ ਉਦੋਂ ਹੀ ਮਨਾਇਆ ਜਾਂਦਾ ਹੈ ਪਰ ਸਿੱਖ ਪੰਥ ਬੰਦੀ ਛੋੜ ਦਿਵਸ ਨੂੰ ਸਮਰਪਿਤ ਸਮਾਗਮ ਗੁਰੂਘਰਾਂ ਵਿੱਚ ਸਜਾਉਂਦਾ ਹੈ।ਇਸ ਵਿਸ਼ੇਸ਼ ਦਿਹਾੜੇ ਤੇ ਸੰਗਤਾਂ ਵਲੋਂ ਸਾਂਝੇ ਤੌਰਤੇ ਲੰਗਰਾਂ ਦੀ ਸੇਵਾ ਕੀਤੀ ਗਈ।


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

6120 Faith Home Rd Ceres, CA 95307

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

## ਭਾਰਤੀ ਮੂਲ ਦੇ ਕਾਂਗਰਸ ਮੈਂਬਰ ਖੰਨਾ ਵੱਲੋਂ ਕੱਟੜ ਹਿੰਦੂਵਾਦੀ ਸੋਚ ਰੱਦ

**ਕੈਲੀਫੋਰਨੀਆ 29 ਅਕਤੂਬਰ (ਹੁਸਨ ਲੜੋਆ ਬੰਗਾ)-** ਅਮਰੀਕੀ ਕਾਂਗਰਸ ਮੈਂਬਰ ਆਰ ਓ ਖੰਨਾ ਨੇ ਕੱਟੜਵਾਦੀ ਹਿੰਦੂ ਵਿਚਾਰਧਾਰਾ ਨੂੰ ਰੱਦ ਕੀਤਾ ਹੈ। ਇਸ ਪ੍ਰਤੀ ਖੰਨਾ ਦਾ ਧੰਨਵਾਦ ਕਰਨ ਲਈ ਰਸ਼ੀਦ ਅਹਿਮਦ, ਅਜੀਤ ਸਾਹੀ ਇੰਡੀਅਨ ਅਮੈਰੀਕਨ



ਮੁਸਲਿਮ ਕੌਂਸਲ ਤੇ ਹਿੰਦਸ ਹਿਊਮਨ ਰਾਈਟਸ ਦੇ ਸੁਨੀਤਾ ਵਿਸ਼ਵਾਨਾਥ 'ਤੇ ਅਧਾਰਤ ਇਕ ਵਫ਼ਦ ਨੇ ਖੰਨਾ ਨਾਲ ਉਨ੍ਹਾਂ ਦੇ ਵਾਸ਼ਿੰਗਟਨ , ਡੀ. ਸੀ ਸਥਿੱਤ ਦਫਤਰ ਵਿਚ ਮੁਲਾਕਾਤ ਕੀਤੀ। ਵਫ਼ਦ ਨੇ ਸ੍ਰੀ ਖੰਨਾ ਦੇ ਅਨੇਕਤਾ ਤੇ ਸਭ ਲਈ ਨਿਆਂ ਪ੍ਰਤੀ ਪ੍ਰਗਟਾਈ ਵਚਨਬੱਧਤਾ ਨਾਲ ਇਕਜੁੱਟਤਾ ਪ੍ਰਗਟਾਈ। ਇਥੇ ਵਰਣਨਯੋਗ ਹੈ ਕਿ ਸ੍ਰੀ ਖੰਨਾ ਨੇ ਇਕ ਟਵੀਟ ਵਿਚ ਕਿਹਾ ਹੈ ਕਿ ਹਿੰਦੂ ਵਿਚਾਰਧਾਰਾ ਵਿਚ ਵਿਸ਼ਵਾਸ਼ ਰਖਦਾ ਹਰੇਕ ਅਮਰੀਕੀ ਰਾਜਸੀ ਆਗੂ ਅਨੇਕਤਾ ਦੇ ਹੱਕ ਵਿਚ ਖੜਾ ਹੋਵੇ, ਹਿੰਦੂਤਵਾ ਨੂੰ ਰੱਦ ਕਰੇ ਤੇ ਹਿੰਦੂ, ਮੁਸਲਮਾਨਾਂ, ਸਿੱਖਾਂ, ਬੋਧੀਆਂ ਤੇ ਇਸਾਈਆਂ ਦੇ ਬਰਾਬਰ ਅਧਿਕਾਰਾਂ ਦੀ ਗੱਲ ਕਰੇ। ਕੌਮਾਂਤਰੀ ਧਾਰਮਿਕ ਆਜ਼ਾਦੀ ਬਾਰੇ ਅਮਰੀਕੀ ਕਮਿਸ਼ਨ ਅਨੁਸਾਰ ਹਿੰਦੂਤਵ ਵਿਚਾਰਧਾਰਾ ਵਿਚ ਗੈਰ ਹਿੰਦੂਆਂ ਨੂੰ ਵਿਦੇਸ਼ੀ ਨਾਗਰਿਕ ਵਜੋਂ ਵੇਖਿਆ ਜਾਂਦਾ ਹੈ ਤੇ ਭਾਰਤ ਦੀ ਸੱਤਾਧਾਰੀ ਪਾਰਟੀ ਭਾਰਤੀ ਜਨਤਾ ਪਾਰਟੀ ਇਸੇ ਵਿਚਾਰਧਾਰਾ ਤੋਂ ਅਗਵਾਈ ਲੈ ਰਹੀ ਹੈ। ਇਥੇ ਇਹ ਵੀ ਜਿਕਰਯੋਗ ਹੈ ਕਿ ਅਟਾਰਨੀ ਅਮਰ ਸ਼ੇਰਗਿੱਲ ਤੇ ਹੋਰ ਕਈ ਆਗੂ ਭਾਰਤੀ ਜਨਤਾ ਪਾਰਟੀ ਤੇ ਇਸ ਦੇ ਸਮਰਥਕ ਕੱਟੜ ਹਿੰਦੂਵਾਦੀ ਸੰਗਠਨ ਆਰ.ਐਸ.ਐਸ ਤੇ ਵਿਸ਼ਵ ਹਿੰਦੂ ਪ੍ਰੀਸ਼ਦ ਦਾ ਵਿਰੋਧ ਕਰ ਚੁੱਕੇ ਹਨ ਜਿਨ੍ਹਾਂ ਦਾ ਇਕੋ ਇਕ ਮਕਸਦ ਹਿੰਦੂ ਵਿਚਾਰਧਾਰਾ ਨੂੰ ਲਾਗੂ ਕਰਨਾ ਹੈ ਜਦ ਕਿ ਭਾਰਤ ਵਿਚ ਮੁਸਲਮਾਨ, ਸਿੱਖਾਂ ਤੇ ਈਸਾਈਆਂ ਸਮੇਤ ਹੋਰ ਵੀ ਕਈ ਧਰਮਾਂ ਦੇ ਲੋਕ ਰਹਿੰਦੇ ਹਨ। ਭਾਰਤੀ ਮੂਲ ਦੇ ਕਾਂਗਰਸ ਮੈਂਬਰ ਰੋ ਖੰਨਾ ਵੱਲੋਂ ਕੱਟੜ ਹਿੰਦੂਵਾਦੀ ਸੋਚ ਨੂੰ ਰੱਦ ਕਰਨ ਤੇ ਭਾਰਤੀ ਤੇ ਅਮਰੀਕਨ ਵੱਖ ਵੱਖ ਭਾਈਚਾਰਿਆਂ ਦੇ ਲੋਕਾਂ ਨੇ ਭਰਪੂਰ ਸਵਾਗਤ ਕੀਤਾ ਹੈ।

# ਕੈਲੀਫੋਰਨੀਆ ਦੇ ਜੰਗਲ 'ਚ ਲੱਗੀ ਭਿਆਨਕ ਅੱਗ ਕਾਰਨ ਗਵਰਨਰ ਨੇ ਹੰਗਾਮੀ ਸਥਿਤੀ ਦਾ ਕੀਤਾ ਐਲਾਨ

**ਸਾਨਫਰਾਂਸਿਸਕੋ/ਹੁਸਨ ਲੜੋਆ ਬੰਗਾ-** ਉੱਤਰੀ ਕੈਲੀਫੋਰਨੀਆ ਦੇ ਜੰਗਲ ਵਿਚ ਲੱਗੀ ਅੱਗ ਤੇਜ ਹਵਾਵਾਂ ਕਾਰਨ ਹੋਰ ਖੇਤਰ ਵਿਚ ਫੈਲ ਗਈ ਹੈ ਜਿਸ ਕਾਰਨ ਰਾਜ ਦੇ ਗਵਰਨਰ ਨੇ ਹੰਗਾਮੀ ਸਥਿੱਤੀ ਦਾ ਐਲਾਨ ਕਰ ਦਿੱਤਾ ਹੈ। ਇਸੇ ਦੌਰਾਨ ਇਹਤਿਆਤ ਵਜੋਂ ਬਿਜਲੀ ਕੱਟ ਦਿੱਤੇ ਜਾਣ ਕਾਰਨ ਲੱਖਾਂ ਲੋਕਾਂ ਨੂੰ ਬਿਜਲੀ ਬਿਨਾਂ ਰਹਿਣਾ ਪੈ ਰਿਹਾ ਹੈ। ਤਕਰੀਬਨ 2 ਲੱਖ ਲੋਕਾਂ ਨੂੰ ਆਪਣੇ ਘਰ ਛੱਡਕੇ ਸੁਰੱਖਿਅਤ ਥਾਵਾਂ ਉਪਰ ਜਾਣ ਲਈ ਕਿਹਾ ਗਿਆ ਹੈ। ਗਵਰਨਰ ਗਾਵਿਨ ਨਿਊਸੋਮ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਅੱਗ ਉਪਰ ਕਾਬੂ ਪਾਉਣ ਲਈ ਹਰ ਸੰਭਵ ਸਾਧਨ ਦੀ ਵਰਤੋਂ ਕੀਤੀ ਜਾ ਰਹੀ ਹੈ। ਅਧਿਕਾਰੀਆਂ ਅਨੁਸਾਰ ਅੱਗ 85 ਵਰਗ ਮੀਲ ਵਿਚ ਫੈਲ ਚੁੱਕੀ ਹੈ। ਹੁਣ ਤੱਕ 94 ਮਕਾਨ ਜਾਂ ਢਾਂਚੇ ਅੱਗ ਵਿਚ ਸੜ ਚੁੱਕੇ ਹਨ। ਸਾਨਫਰਾਂਸਿਸਕੋ ਬੇ ਏਰੀਆ ਵਿਚ ਲੱਗੀ ਅੱਗ ਕਾਰਨ ਅੰਤਰਰਾਜੀ ਪੁਲ ਉਪਰ ਕੁਝ ਸਮੇਂ ਲਈ ਆਵਾਜਾਈ ਰੁਕੀ ਰਹੀ। ਵਾਲੇ ਜੋ ਖੇਤਰ ਵਿਚ ਅੱਗ ਘਰਾਂ ਦੇ ਨੇੜੇ ਪੁੱਜ ਗਈ ਹੈ ਜਿਸ ਕਾਰਨ ਭਾਰੀ ਨੁਕਸਾਨ ਹੋਣ ਦਾ ਖਦਸ਼ਾ ਬਣਿਆ ਹੋਇਆ ਹੈ। ਦੱਖਣ ਵਿਚ ਲਾਸ ਏਂਜਲਸ ਨੇੜੇ





ਸਾਂਤਾ ਕਲੈਰੀਟਾ ਖੇਤਰ ਵਿਚ 18 ਮਕਾਨ ਜਾਂ ਢਾਂਚੇ ਤਬਾਹ ਹੋ ਗਏ ਹਨ। ਉਂਝ ਅਧਿਕਾਰੀਆਂ ਦਾ ਕਹਿਣਾ ਹੈ ਕਿ 70% ਅੱਗ ਉਪਰ ਕਾਬੂ ਪਾ ਲਿਆ ਗਿਆ ਹੈ। ਉੱਤਰੀ ਕੈਲੀਫੋਰਨੀਆ ਦੀ ਸੋਨੋਮਾ ਕਾਊਂਟੀ ਸਭ ਤੋਂ ਵਧ ਪ੍ਰਭਾਵਿਤ ਹੋਈ ਹੈ ਜਿਥੇ ਤਕਰੀਬਨ 180000 ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਜਾਣ ਦਾ ਆਦੇਸ਼ ਦਿੱਤਾ ਗਿਆ ਹੈ। ਕੁਝ ਲੋਕਾਂ ਨੂੰ ਅੱਧੀ ਰਾਤ ਵੇਲੇ ਘਰ ਬਾਰ ਛੱਡਣ ਲਈ ਕਿਹਾ ਗਿਆ। ਅੱਗ ਕਾਰਨ ਆਸ ਪਾਸ ਦੇ ਖੇਤਰਾਂ ਵਿਚ ਸੰਘਣਾ ਧੂੰਆਂ ਫੈਲ ਗਿਆ ਹੈ ਜਿਸ ਕਾਰਨ ਡਰਾਈਵਰਾਂ ਨੂੰ ਗੱਡੀਆਂ ਚਲਾਉਣ ਵਿਚ ਮੁਸ਼ਕਿਲ ਆ ਰਹੀ ਹੈ। ਆਮ ਲੋਕ ਵੀ ਧੂਏਂ ਤੋਂ ਪ੍ਰਭਾਵਿਤ ਹੋ ਰਹੇ ਹਨ। ਭਾਰਤੀ ਮੂਲ ਦੀ ਕਮਲਾ ਹੈਰਿਸ ਨੇ ਕਿਹਾ ਹੈ ਕਿ ਉਸਦਾ ਘਰ ਵੀ ਇਸ ਫੈਲੀ ਅੱਗ ਕਾਰਣ ਖਾਲੀ ਕਰਵਾਇਆ ਗਿਆ ਹੈ। ਦੂਸਰੇ ਪਾਸੇ ਵਾਈਟ ਹਾਊਸ ਦੇ ਬੁਲਾਰੇ ਨੇ ਕਿਹਾ ਹੈ ਕਿ ਰਾਸ਼ਟਰਪਤੀ ਟਰੰਪ ਕੈਲੀਫੋਰਨੀਆ ਵਿੱਚ ਲੱਗੀ ਅੱਗ ਦੀਆਂ ਰਿਪੋਰਟਾਂ ਨੂੰ ਧਿਆਨ ਨਾਲ ਦੇਖ ਰਹੇ ਹਨ ਤੇ ਹੋਰ ਮਦਦ ਦੀ ਲੋੜ ਲਈ ਗਵਰਨਰ ਕੈਲੀਫੋਰਨੀਆ ਨਾਲ ਰਾਬਤਾ ਰੱਖੇ ਹੋਏ ਹਨ।

# ਗੁਰਦੁਆਰਾ ਸਾਹਿਬ ਕਰਦਰਜ਼ ਵਿਖੇ ਦਿਵਾਲੀ ਧੂਮਧਾਮ ਨਾਲ ਮਨਾਈ

**ਕਰਦਰਜ਼/ਨੀਟਾ ਮਾਛੀਕੇ, ਕੁਲਵੰਤ ਧਾਲੀਆ :** ਬਦੀ 'ਤੇ ਨੇਕੀ ਦੀ ਜਿੱਤ ਦਾ ਪ੍ਰਤੀਕ, ਰੋਸ਼ਨੀਆਂ ਦਾ ਤਿਉਹਾਰ ਦਿਵਾਲੀ ਦੁਨੀਆ ਭਰ ਵਿੱਚ ਧੂਮਧਾਮ ਨਾਲ ਮਨਾਇਆ ਗਿਆ। ਇਸੇ ਕੜੀ ਤਹਿਤ ਫਰਿਜ਼ਨੋ ਦੇ ਲਾਗਲੇ ਸ਼ਹਿਰ ਕਰਦਰਜ਼ ਦੇ ਗੁਰੂਘਰ ਵਿਖੇ ਦਿਵਾਲੀ ਮੌਕੇ ਵਿਸ਼ੇਸ਼ ਦੀਵਾਨ ਸਜਾਏ ਗਏ। ਇਸ ਮੌਕੇ ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਸਤਨਾਮ ਸਿੰਘ ਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਰਾਜ ਬਰਾੜ ਨੇ ਇੱਕ ਧਾਰਮਿਕ ਗੀਤ ਨਾਲ ਹਾਜ਼ਰੀ ਲਵਾਈ। ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ। ਸੰਗਤਾਂ ਨੇ ਨਿਸ਼ਾਨ ਸਹਿਬ ਲਾਗੇ ਦੀਵੇ ਜਗਾ ਕੇ ਦੀਵਾਲੀ ਮਨਾਈ ਅਤੇ ਫਾਇਰ ਵਰਕਸ (ਪਟਾਕਿਆਂ) ਦੇ ਦਿਲਕਸ਼ ਨਜ਼ਾਰਿਆਂ ਦਾ ਸੰਗਤ ਨੇ ਅਨੰਦ ਮਾਣਿਆ। ਇਸ ਮੌਕੇ ਉੱਘੇ ਕਿਸਾਨ ਚਰਨਜੀਤ ਸਿੰਘ ਬਾਠ, ਅਵਤਾਰ ਗਿੱਲ, ਡਾਕਟਰ ਅਜੀਤ ਸਿੰਘ ਖਹਿਰਾ ਅਤੇ ਰਣਜੀਤ ਗਿੱਲ ਨੇ ਸੰਗਤ ਨੂੰ ਦਿਵਾਲੀ ਅਤੇ ਬੰਦੀ ਛੋੜ ਦਿਵਸ ਦੀ ਵਧਾਈ ਦਿੱਤੀ।



HOTHI FREIGHTLINES
HOTHI FREIGHTLINES
ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।
• California to Michigan, New Jersey Florida & Texas • Dedicated Load (ਪੱਕੇ ਲੋਡ)



• ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
• ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।
ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ
ਗੁਰਜੀਤ ਸਿੰਘ ਹੋਠੀ (408) 332-9355
248 South Hillview Dr Milpitas CA 95035

ਅੰਮ੍ਰਿਤਸਰ ਟਾਈਮਜ਼ Weekly Punjabi Newspaper
Corporate Office
4127 Bay Street, Suite 8
Fremont, CA 94538
Email: asrtimes@gmail.com
Tel: (510) 240-5949
Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਸੱਥ ਵੱਲੋਂ ਪੰਜਾਬ ਅਤੇ ਪੰਜਾਬੀ ਯੂਨੀਵਰਸਿਟੀ ਵਿੱਚ ਸਿੱਖ ਨਸਲਕੁਸ਼ੀ ਨੂੰ ਯਾਦ ਕਰਦਿਆਂ ਸਰਕਾਰੀ ਜਬਰ ਖਿਲਾਫ ਚੁੱਕੀ ਜਾਵੇਗੀ ਅਵਾਜ਼

**ਚੰਡੀਗੜ੍ਹ/ਏ.ਟੀ. ਨਿਊਜ਼:** ਪਹਿਲੀ ਨਵੰਬਰ ਤੋਂ ਸ਼ੁਰੂ ਹੋ ਰਹੇ ਸਿੱਖ ਨਸਲਕੁਸ਼ੀ ਯਾਦਗਾਰੀ ਹਫਤੇ ਨੂੰ ਸਮਰਪਿਤ ਸਮਾਗਮ ਉਲੀਕਦਿਆਂ ਵਿਦਿਆਰਥੀ ਜਥੇਬੰਦੀ ਸੱਥ ਵੱਲੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਵੱਖ-ਵੱਖ ਪ੍ਰੋਗਰਾਮ ਕਰਵਾਏ ਜਾ ਰਹੇ ਹਨ ਜਿਹਨਾਂ ਰਾਹੀਂ ਹਿੰਦੂਤਵੀ ਭੀੜਾਂ ਵੱਲੋਂ ਕਤਲ ਕੀਤੇ ਗਏ ਸਿੱਖਾਂ ਨੂੰ ਯਾਦ ਕਰਦਿਆਂ ਸਿੱਖ ਸਿਧਾਂਤਾਂ ਮੁਤਾਬਿਕ ਹਰ ਤਰ੍ਹਾਂ ਦੇ ਜ਼ੁਲਮ ਖਿਲਾਫ ਖੜ੍ਹੇ ਹੋਣ ਲਈ ਵਿਦਿਆਰਥੀਆਂ ਨੂੰ ਪ੍ਰੇਰਿਆ ਜਾਵੇਗਾ।




ਇਹਨਾਂ ਪ੍ਰੋਗਰਾਮਾਂ ਬਾਰੇ ਜਾਣਕਾਰੀ ਦਿੰਦਿਆਂ ਸੱਥ ਦੇ ਸੇਵਾਦਾਰ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਸੱਥ ਦੀਆਂ ਜਿਹਨਾਂ ਦੋ ਯੂਨੀਵਰਸਿਟੀਆਂ ਵਿੱਚ ਇਕਾਈਆਂ ਸਥਾਪਿਤ ਹੋ ਚੁੱਕੀਆਂ ਹਨ ਉਹਨਾਂ ਵਿੱਚ ਨਵੰਬਰ ਦੇ ਪਹਿਲੇ ਹਫਤੇ ਦੌਰਾਨ ਸਿੱਖ ਨਸਲਕੁਸ਼ੀ ਦੀ ਯਾਦ ਵਿੱਚ ਵਿਚਾਰ-ਚਰਚਾ, ਤਸਵੀਰ ਪ੍ਰਦਰਸ਼ਨੀ, ਯਾਦਗਾਰੀ ਮਾਰਚ ਉਲੀਕੇ ਜਾ ਰਹੇ ਹਨ। ਇਹਨਾਂ ਪ੍ਰੋਗਰਾਮਾਂ ਦਾ ਵੇਰਵਾ ਦਿੰਦਿਆਂ ਉਹਨਾਂ ਦੱਸਿਆ ਕਿ 4 ਨਵੰਬਰ ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿੱਚ ਸਿੱਖ ਨਸਲਕੁਸ਼ੀ ਬਾਰੇ ਇੱਕ ਵਿਚਾਰ-ਚਰਚਾ ਕਰਵਾਈ ਜਾ ਰਹੀ ਹੈ ਜਿਸ ਵਿੱਚ ਦਿੱਲੀ ਤੋਂ ਸਿੱਖ ਆਗੂ ਅਤੇ ਸਿੱਖ ਨਸਲਕੁਸ਼ੀ ਨੂੰ ਪਿੰਡੇ 'ਤੇ ਹੰਢਾਉਣ ਵਾਲੇ ਪੱਤਰਕਾਰ ਜਰਨੈਲ ਸਿੰਘ ਮੁੱਖ ਬੁਲਾਰੇ ਦੇ ਤੌਰ 'ਤੇ ਸ਼ਾਮਿਲ ਹੋਣਗੇ। ਉਹਨਾਂ ਦੱਸਿਆ ਕਿ ਇਸ ਵਿਚਾਰ-ਚਰਚਾ ਦੀ ਸਮਾਪਤੀ 'ਤੇ ਯੂਨੀਵਰਸਿਟੀ ਵਿੱਚ ਸਥਿਤ ਗੁਰਦੁਆਰਾ ਸਾਹਿਬ ਤੱਕ ਨਸਲਕੁਸ਼ੀ ਯਾਦਗਾਰੀ ਮਾਰਚ ਕੀਤਾ ਜਾਵੇਗਾ ਜਿੱਥੇ ਪਹੁੰਚ ਕੇ ਇਸ ਨਸਲਕੁਸ਼ੀ ਵਿੱਚ ਵਿਛੜੀਆਂ ਰੂਹਾਂ ਦੀ ਯਾਦ ਵਿੱਚ ਅਰਦਾਸ ਕੀਤੀ ਜਾਵੇਗੀ। ਉਹਨਾਂ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿੱਚ ਕਰਾਵਏ ਜਾ ਰਹੇ ਪ੍ਰੋਗਰਾਮਾਂ ਬਾਰੇ ਦੱਸਿਆ ਕਿ ਇੱਥੇ 5 ਨਵੰਬਰ ਨੂੰ ਸਵੇਰੇ ਵਿਦਿਆਰਥੀ ਵੱਖ-ਵੱਖ ਥਾਵਾਂ 'ਤੇ ਸਿੱਖ ਨਸਲਕੁਸ਼ੀ ਦੇ ਵਰਤਾਰੇ ਬਾਰੇ ਚੇਤੰਨ ਕਰਦੇ ਸੁਨੇਹੇ ਲਿਖੇ ਪੋਸਟਰ ਫੜ੍ਹ ਕੇ ਸੜਕਾਂ 'ਤੇ ਖੜ੍ਹਨਗੇ ਅਤੇ ਦੁਪਹਿਰ ਨੂੰ ਵਿਦਿਆਰਥੀ ਕੇਂਦਰ 'ਤੇ ਸਿੱਖ ਨਸਲਕੁਸ਼ੀ ਨਾਲ ਸਬੰਧਿਤ ਤਸਵੀਰਾਂ ਦੀ ਪ੍ਰਦਰਸ਼ਨੀ ਲਾਈ ਜਾਵੇਗੀ। ਉਹਨਾਂ ਦੱਸਿਆ ਕਿ 6 ਨਵੰਬਰ ਨੂੰ ਸ਼ਾਮ 4 ਵਜੇ ਵਿਦਿਆਰਥੀ ਕੇਂਦਰ ਤੋਂ ਯੂਨੀਵਰਸਿਟੀ ਗੁਰਦੁਆਰਾ ਸਾਹਿਬ ਤੱਕ ਨਸਲਕੁਸ਼ੀ ਯਾਦਗਾਰੀ ਮਾਰਚ ਕੀਤਾ ਜਾਵੇਗਾ।

## ਭਾਰਤ 'ਚ ਦਲਿਤਾਂ 'ਤੇ ਹੋ ਰਹੇ ਨੇ ਜ਼ੁਲਮ

**ਨਵੀਂ ਦਿੱਲੀ : ਏ.ਟੀ.ਨਿਊਜ਼ :** ਨੈਸ਼ਨਲ ਕਰਾਈਮ ਰਿਕਾਰਡ ਬਿਓਰੋ ਵੱਲੋਂ ਬਿਓਰੋ ਦੀ 2017 ਦੀ ਰਿਪੋਰਟ ਅਨੁਸਾਰ ਉਸ ਸਾਲ ਦਲਿਤਾਂ 'ਤੇ ਜ਼ੁਲਮ-ਜਬਰ ਦੇ 43,203 ਮਾਮਲੇ ਦਰਜ ਕੀਤੇ ਗਏ। ਇਨ੍ਹਾਂ ਅਪਰਾਧਾਂ ਦੀ ਦਰ ਮੱਧ ਪ੍ਰਦੇਸ਼, ਬਿਹਾਰ ਅਤੇ ਰਾਜਸਥਾਨ ਵਿਚ ਸਭ ਤੋਂ ਜ਼ਿਆਦਾ ਸੀ। ਇਨ੍ਹਾਂ ਵਿਚੋਂ ਜ਼ਿਆਦਾ ਅਪਰਾਧਿਕ ਮਾਮਲੇ 'ਸ਼ਡਿਊਲ ਕਾਸਟ ਐਂਡ ਸ਼ਡਿਊਲ ਟਰਾਈਬ ਐਕਟ' ਅਤੇ ਤਾਜ਼ੀਰਾਤੇ ਹਿੰਦ ਦੀਆਂ ਧਾਰਾਵਾਂ ਇਕੱਠੀਆਂ ਕਰਕੇ ਦਰਜ ਕੀਤੇ ਗਏ। 5,775 ਕੇਸਾਂ ਵਿਚ ਸਿਰਫ਼ ਸ਼ਡਿਊਲ ਕਾਸਟ ਤੇ ਸ਼ਡਿਊਲ ਟਰਾਈਬ ਐਕਟ ਲਗਾਇਆ ਗਿਆ ਜਿਨ੍ਹਾਂ ਵਿਚ 55 ਫ਼ੀਸਦੀ ਮਾਮਲੇ ਅਜਿਹੇ ਸਨ ਜਿਹੜੇ ਜਾਤੀਵਾਦੀ ਆਧਾਰ 'ਤੇ ਬੇਇੱਜ਼ਤੀ ਕਰਨ ਦੇ ਮਾਮਲੇ ਸਨ। ਦਲਿਤਾਂ ਦੇ ਸਮਾਜਿਕ ਬਾਈਕਾਟ ਦੇ 63 ਅਤੇ ਉਨ੍ਹਾਂ ਨੂੰ ਜਨਤਕ ਅਸਥਾਨ ਵਰਤਣ ਤੋਂ ਮਨ੍ਹਾ ਕਰਨ ਦੇ 12 ਮਾਮਲੇ ਦਰਜ ਹੋਏ। ਇਰਾਦਤਨ ਬੇਇੱਜ਼ਤੀ ਕਰਨ ਦੇ ਸਭ ਤੋਂ ਜ਼ਿਆਦਾ ਮਾਮਲੇ ਕਰਨਾਟਕ ਵਿਚ

ਬਾਕੀ ਸਫ਼ਾ 32 'ਤੇ

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

CAPITAL ACCOUNTING & TAX SERVICES
HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।
Same Day Plates Same Day Plates Same Day Plates

Kuldeep Singh Kang

Sewa Singh Bhinder
ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ
TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption
BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524
PH : 530-669-5780 Fax : 530-669-5775
Cell : 530-908-9386 Cell : 530-405-6020
ਇਹ ਦਫ਼ਤਰ ਡੀ.ਐਮ. ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776

CIS CALIFORNIA IMMIGRATION SERVICES
(Registered & Bonded)
- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- STUDENT VISA
- RELIGIOUS VISA
- U.K. VISA
- CANADA VISA & P.R.


Rosy (Kanwal) Kaur
Immigration Consultant / LDA
CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com

When tired of all treatments for
any disease at any age Try

# HOMEOPATHIC

Experienced Consultant Physician since 1973

American
Red Cross



ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ

We sell homeopathic medicines

ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ

**7021 Village Parkway Dublin CA 94568**

**GURDIP SINGH SANDHU**
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA

**Office: 408.729.6691**
**Cell: 408.687.1899**
email: homeomedicine@yahoo.com
www.homeopathyatoz.com

ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.

# BSons Travel & Tax Services, Inc.

* All Airlines * International And Domestic
* Wholesale Fares Around the World

We Will Beat or
Match any Fare!




*Office Hours*
*Mon-Fri*
*9am-6pm*
*Saturday*
*9am-5pm*

CST. REG #2092042-40

We Also Have Special Vacation Packages

President : Avtar Singh

*Contact any time from anywhere*

*Tel* 707.302.0512, 916.340.8100 • *Fax* 707.425.4260

Email: bsonstravel@yahoo.com

**1652 West Texas St. Suite 139, Fairfield, CA 94533**
**4200 North Boulevard Street No. 1B, Sacramento, CA, 95834**

# SPECIAL AWARDS TO
# *Outstanding Students*

*Celebrating 550th Parkash Purab of Guru Nanak Sahib, Gurdwara Sahib Fremont is soliciting self nomination from Sikh Students of the Bay Area.*

*You are qualified to be considered if you:*

- ARE BETWEEN AGE 13 YEARS AND 21 YEARS
- RESIDENT OF SAN FRANCISCO BAY AREA
- HAVE CURRENT GPA OF 3.5 AND ABOVE
- DONE AT LEAST 100 HOURS OF COMMUNITY SERVICE IN THE RECENT YEAR
- OFFICIATED SSA OR PANTHIK ORGANIZATION
- SPEECH AND DEBATE TEAM PARTICIPATION AT ZONAL, STATE OR NATIONAL LEVEL
- SPECIAL CASE: PHD STUDENTS ELIGIBLE TO APPLY

FREMONT
GURDWARA SAHIB

*Excellency Award*

ON OCCASION OF 550TH PARKASH
PURAB OF GURU NANAK SAHIB

**Please enter your information in this form: bit.ly/fgs-awards**
**For more information: awards@fremontgurdwara.org or call 510-480-0065**

# ਕਰਤਾਰਪੁਰ ਲਾਂਘੇ ਦੇ ਮੁੱਖ ਦਰਵਾਜ਼ੇ ’ਤੇ ਲੱਗੇਗਾ ਮੂਲ ਮੰਤਰ, ਇਕ ਉਂਕਾਰ ਅਤੇ ਰਬਾਬ



**ਬਟਾਲਾ/ਏ.ਟੀ. ਨਿਊਜ਼ :** ਕਰਤਾਰਪੁਰ ਸਾਹਿਬ ਲਾਂਘੇ ਨੂੰ ਜਾਣ ਵਾਲੀ ਚਹੁੰ-ਮਾਰਗੀ ਸੜਕ ਦੇ ਐਨ ਵਿਚਕਾਰ 31 ਫੁੱਟ ਉੱਚਾ ਮੂਲ ਮੰਤਰ, ੴ ਤੇ ਰਬਾਬ ਸਥਾਪਿਤ ਕੀਤਾ ਜਾ ਰਿਹਾ ਹੈ। ਇਸ ਸਬੰਧੀ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਸਰਪ੍ਰਸਤ ਡਾ. ਐਸ.ਪੀ. ਸਿੰਘ ਓਬਰਾਏ ਨੇ ਦੱਸਿਆ ਕਿ ੴ ਵਧੀਆ ਕਿਸਮ ਦੀ ਸਟੀਲ ਦਾ ਲੇਜਰ ਕੱਟ ਰਾਹੀਂ ਬਣਾਇਆ ਗਿਆ ਹੈ, ਜੋ ਮੋਟਰ ਦੀ ਮਦਦ ਨਾਲ ਚਾਰ-ਚੁਫੇਰੇ ਘੁੰਮੇਗਾ। ੴ 9 ਫੁੱਟ ਉੱਚਾ, ਰਬਾਬ ਲਗਪਗ ਸਵਾ 5 ਫੁੱਟ ਉੱਚਾ ਤੇ ਮੂਲ ਮੰਤਰ 16 ਫੁੱਟ ਉੱਚਾ ਲਗਾਇਆ ਜਾਵੇਗਾ। ਇਸ ਭਾਗ ਵਿਚ ਸਭ ਤੋਂ ਪਹਿਲਾਂ ਰਬਾਬ ਲਗਾਈ ਜਾਵੇਗੀ, ਰਬਾਬ ਦੇ ਨਾਲ ਸੰਗਮਰਮਰ ਦਾ ਬਣਿਆ ਪਿੱਲਰ ਬਣੇਗਾ, ਪਿੱਲਰ ’ਤੇ ੴ ਹੋਵੇਗਾ। ੴ ਦੇ ਦੋਵੇਂ ਪਾਸੇ ਮੂਲ ਮੰਤਰ ਲਿਖਿਆ ਜਾਵੇਗਾ।

## ਮਾਮਲਾ 550 ਸਾਲਾ ਪ੍ਰਕਾਸ਼ ਪੁਰਬ ਸਾਂਝੇ ਤੌਰ ’ਤੇ ਮਨਾਉਣ ਦਾ

# ਸ਼੍ਰੋਮਣੀ ਕਮੇਟੀ ਨੇ ਕੈਪਟਨ ਸਰਕਾਰ ਦੀ ਪੇਸ਼ਕਸ਼ ਠੁਕਰਾਈ

**ਚੰਡੀਗੜ੍ਹ/ਏ.ਟੀ. ਨਿਊਜ਼ :** 550 ਸਾਲਾ ਪ੍ਰਕਾਸ਼ ਪੁਰਬ ਦੇ 12 ਨਵੰਬਰ ਨੂੰ ਹੋਣ ਵਾਲੇ ਮੁੱਖ ਸਮਾਗਮ ਨੂੰ ਸਾਂਝੇ ਤੌਰ ’ਤੇ ਸਰਕਾਰੀ ਮੰਚ ’ਤੇ ਮਨਾਉਣ ਦੀ ਪੇਸ਼ਕਸ਼ ਸ਼੍ਰੋਮਣੀ ਕਮੇਟੀ ਨੇ ਰੱਦ ਕਰ ਦਿੱਤੀ ਹੈ। ਇਹ ਪੇਸ਼ਕਸ਼ ਸ਼੍ਰੋਮਣੀ ਕਮੇਟੀ ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਕੀਤੀ ਗਈ ਸੀ। ਇਸ ਸਬੰਧ ਵਿਚ ਮੁੱਖ ਮੰਤਰੀ ਕੈਪਟਨ ਨੇ ਆਪਣੀ ਰਿਹਾਇਸ਼ ’ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨਾਲ ਵਿਸ਼ੇਸ਼ ਮੁਲਾਕਾਤ ਕੀਤੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਦੱਸਿਆ ਕਿ ਉਨ੍ਹਾਂ ਮੁੱਖ ਮੰਤਰੀ ਨੂੰ ਆਖਿਆ ਹੈ ਕਿ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਹਰਪ੍ਰੀਤ ਸਿੰਘ ਨੇ 21 ਅਕਤੂਬਰ ਨੂੰ ਸਿੱਖ ਜਥੇਬੰਦੀਆਂ ਨਾਲ ਮੀਟਿੰਗ ਮਗਰੋਂ ਹੁਕਮ ਦਿੱਤਾ ਸੀ ਕਿ 11 ਅਤੇ 12 ਨਵੰਬਰ ਦੇ ਮੁੱਖ ਸਮਾਗਮ ਸ਼੍ਰੋਮਣੀ ਕਮੇਟੀ ਵਲੋਂ ਗੁਰਦੁਆਰਾ ਬੇਰ ਸਾਹਿਬ ਤੋਂ ਕੀਤੇ ਜਾਣਗੇ, ਜਿਸ ਵਿਚ ਸਰਕਾਰ ਸਮੇਤ ਹਰੇਕ ਜਥੇਬੰਦੀ ਨੂੰ ਸ਼ਾਮਲ ਹੋਣ ਲਈ ਆਖਿਆ ਗਿਆ ਸੀ। ਜਾਣਕਾਰੀ ਅਨੁਸਾਰ ਮੁੱਖ ਮੰਤਰੀ ਵਲੋਂ ਸ਼੍ਰੋਮਣੀ ਕਮੇਟੀ ਪ੍ਰਧਾਨ ਨਾਲ ਮੁਲਾਕਾਤ ਦੌਰਾਨ ਉਨ੍ਹਾਂ ਨੂੰ ਪੇਸ਼ਕਸ਼ ਕੀਤੀ ਗਈ ਕਿ 11 ਨਵੰਬਰ ਨੂੰ ਹੋਣ ਵਾਲਾ ਇਕ ਸਮਾਗਮ ਸ਼੍ਰੋਮਣੀ ਕਮੇਟੀ ਵਲੋਂ ਕੀਤਾ ਜਾਵੇ, ਜਿਸ ਵਿਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਵੱਖ ਵੱਖ ਸੂਬਿਆਂ ਦੇ ਮੁੱਖ ਮੰਤਰੀ ਸ਼ਾਮਲ ਹੋਣਗੇ, ਜਦੋਂਕਿ ਦੂਜਾ ਸਮਾਗਮ 12 ਨਵੰਬਰ ਨੂੰ ਸਰਕਾਰ ਵਲੋਂ ਕੀਤਾ ਜਾਵੇਗਾ ਅਤੇ ਸ਼੍ਰੋਮਣੀ ਕਮੇਟੀ ਇਸ ਸਮਾਗਮ ਵਿਚ ਸਰਕਾਰ ਦੇ ਮੰਚ ’ਤੇ ਸ਼ਾਮਲ ਹੋਵੇ। ਇਸ ਸਮਾਗਮ ਵਿਚ ਰਾਸ਼ਟਰਪਤੀ ਦੇ ਪੁੱਜਣ ਦੀ ਸੰਭਾਵਨਾ ਹੈ। ਸਰਕਾਰੀ ਨੁਮਾਇੰਦਿਆਂ ਵਲੋਂ ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਦੇ ਹੁੰਗਾਰੇ ਮਗਰੋਂ ਅਕਾਲ ਤਖ਼ਤ ਦੇ ਜਥੇਦਾਰ ਨਾਲ ਮੁਲਾਕਾਤ ਕਰਨ ਦੀ ਯੋਜਨਾ ਹੈ। ਲੌਂਗੋਵਾਲ ਨੇ ਆਖਿਆ ਕਿ ਉਨ੍ਹਾਂ ਸਰਕਾਰੀ ਪੇਸ਼ਕਸ਼ ਨੂੰ ਰੱਦ ਕਰ ਦਿੱਤਾ ਹੈ ਕਿਉਂਕਿ ਇਹ ਅਕਾਲ ਤਖ਼ਤ ਦੇ ਆਦੇਸ਼ਾਂ ਦੇ ਉਲਟ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧ ਵਿਚ ਪੰਜ ਸਿੰਘ ਸਾਹਿਬਾਨ ਵਲੋਂ ਅਕਾਲ ਤਖ਼ਤ ਤੋਂ ਆਦੇਸ਼ ਦਿੱਤੇ ਗਏ ਹਨ ਕਿ 11 ਅਤੇ 12 ਨਵੰਬਰ ਦੇ ਸਮਾਗਮ ਸ਼੍ਰੋਮਣੀ ਕਮੇਟੀ ਵਲੋਂ ਬਣਾਏ ਗਏ ਮੰਚ ਤੋਂ ਹੀ ਕੀਤੇ ਜਾਣ। ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਗੁਰਦੁਆਰਾ ਬੇਰ ਸਾਹਿਬ ਵਿਖੇ ਸ਼੍ਰੋਮਣੀ ਕਮੇਟੀ ਵੱਲੋਂ ਲਾਈ ਜਾ ਰਹੀ ਸਟੇਜ ਸਮੁੱਚੇ ਖਾਲਸਾ ਪੰਥ ਦੀ ਸਟੇਜ ਹੈ। ਉਨ੍ਹਾਂ ਮੁੱਖ ਮੰਤਰੀ ਨੂੰ ਅਪੀਲ ਕੀਤੀ ਕਿ ਉਹ 11 ਅਤੇ 12 ਨਵੰਬਰ ਨੂੰ ਦੋਵੇਂ ਦਿਨ ਖਾਲਸਾ ਪੰਥ ਦੀ ਇਸ ਸਟੇਜ ’ਤੇ ਆ ਕੇ ਹਾਜ਼ਰੀ ਲਵਾਉਣ।



## ਜਗਤ ਗੁਰੂ ਨਾਨਕ ਦੇਵ ਓਪਨ ਯੂਨੀਵਰਸਿਟੀ ਬਣੇਗੀ

ਬਟਾਲਾ/ਏ.ਟੀ. ਨਿਊਜ਼ : ਮੁੱਖ ਮੰਤਰੀ ਕੈਪਟਨ ਦੀ ਅਗਵਾਈ ਹੇਠ ਬਟਾਲਾ ਵਿਚ ਹੋਈ ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪਟਿਆਲਾ ਵਿੱਚ ‘ਜਗਤ ਗੁਰੂ ਨਾਨਕ ਦੇਵ ਪੰਜਾਬ ਰਾਜ ਓਪਨ ਯੂਨੀਵਰਸਿਟੀ’ ਦੀ ਸਥਾਪਨਾ ਨੂੰ ਵੀ ਪ੍ਰਵਾਨ ਕਰ ਲਿਆ। ਇਸ ਬਾਰੇ ਬਿੱਲ ਵਿਧਾਨ ਸਭਾ ਦੇ ਅਗਲੇ ਸੈਸ਼ਨ ਵਿੱਚ ਪੇਸ਼ ਹੋਵੇਗਾ। ਇਸ ਯੂਨੀਵਰਸਿਟੀ ਵਿੱਚ ਡਿਗਰੀ, ਡਿਪਲੋਮਾ ਤੇ ਸਰਟੀਫਿਕੇਟ ਕੋਰਸ ਕਰਵਾਏ ਜਾਣਗੇ।

## ਭਾਰਤੀ ਡਾਕ ਵਿਭਾਗ ਵਲੋਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਿੱਕੇ ਜਾਰੀ

ਲੁਧਿਆਣਾ/ਏ.ਟੀ. ਨਿਊਜ਼ : ਡਾਕ ਵਿਭਾਗ ਵਲੋਂ ਗੁਰੂ ਨਾਨਕ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੋਨੇ ਅਤੇ ਚਾਂਦੀ ਦੇ ਸਿੱਕੇ ਜਾਰੀ ਕੀਤੇ। ਇਸ ਬਾਰੇ ਸੁਪਰਡੈਂਟ ਡਾ: ਅਮਨਪ੍ਰੀਤ ਸਿੰਘ ਨੇ ਦੱਸਿਆ ਕਿ ਡਾਕ ਵਿਭਾਗ ਭਾਰਤ ਸਰਕਾਰ ਵਲੋਂ ਪੰਜਾਬ ਦੀਆਂ ਛੋਟੀਆਂ ਸਨਅਤਾਂ ਅਤੇ ਨਿਰਯਾਤ ਕਾਰਪੋਰੇਸ਼ਨ ਲਿਮਟਿਡ ਦੇ ਸਹਿਯੋਗ ਨਾਲ 5 ਗਰਾਮ ਅਤੇ 10 ਗਰਾਮ ਦੇ 24 ਕੈਰਟ ਸ਼ੁੱਧਤਾ ਵਾਲੇ ਸਿੱਕੇ ਤੇ 50 ਗਰਾਮ ਦੇ ਚਾਂਦੀ ਦੇ 999 ਸ਼ੁੱਧਤਾ ਵਾਲੇ ਬਣਾਏ ਹਨ। 5 ਗਰਾਮ ਵਾਲਾ ਸੋਨੇ ਦਾ ਸਿੱਕਾ 22500 ਰੁਪਏ, 10 ਗਰਾਮ ਵਾਲਾ ਸੋਨੇ ਦਾ ਸਿੱਕਾ 45 ਹਜ਼ਾਰ ਤੇ 50 ਗਰਾਮ ਚਾਂਦੀ ਵਾਲਾ ਸਿੱਕਾ 3300 ਰੁਪਏ ਵਿਚ ਮੌਜੂਦ ਹੈ।

# ਅਮਰੀਕਾ ਨੇ ਅੱਤਵਾਦ ਦੇ ਮੁੱਦੇ ’ਤੇ ਪਾਕਿ ਨੂੰ ਕੀਤੀ ਤਾੜਨਾ

- **ਭਾਰਤ ਤੋਂ ਮੰਗਿਆ ਕਸ਼ਮੀਰ ਦੇ ਹਾਲਾਤ ਬਾਰੇ ਖਾਕਾ**
- **ਕਸ਼ਮੀਰ ਮਸਲੇ ਦਾ ਹੱਲ ਗੱਲਬਾਤ ਰਾਹੀਂ ਹੋਵੇ-ਗੁਟਰੇਸ**
- **ਕਰਤਾਰਪੁਰ ਲਾਂਘੇ ਬਾਰੇ ਹੋਏ ਸਮਝੌਤੇ ਦਾ ਅਮਰੀਕਾ ਵਲੋਂ ਸਵਾਗਤ**



**ਵਾਸ਼ਿੰਗਟਨ/ਏ.ਟੀ. ਨਿਊਜ਼**-ਅਮਰੀਕਾ ਨੇ ਭਾਰਤ ਤੋਂ ਕਸ਼ਮੀਰ ਵਿਚ ਰਾਜਨੀਤਕ ਤੇ ਆਰਥਿਕ ਸਥਿਤੀ ਆਮ ਕਰਨ ਦਾ ਖ਼ਾਕਾ ਪੇਸ਼ ਕਰਨ ਤੇ ਜਲਦ ਰਾਜਨੀਤਕ ਬੰਦੀਆਂ ਨੂੰ ਰਿਹਾਅ ਕਰਨ ਦੀ ਇੱਛਾ ਜ਼ਾਹਰ ਕੀਤੀ ਹੈ। ਅਮਰੀਕਾ ਨੇ ਨਾਲ ਹੀ ਪਾਕਿਸਤਾਨ ਨੂੰ ਵੀ ਉਸ ਦੇ ਖੇਤਰ ਵਿਚ ਅੱਤਵਾਦੀਆਂ ਖ਼ਿਲਾਫ਼ ਲਗਾਤਾਰ ਸਥਿਰ ਕਦਮ ਚੁੱਕਣ ਲਈ ਕਿਹਾ ਹੈ। ਦੱਸਣਯੋਗ ਹੈ ਕਿ ਭਾਰਤ ਸਰਕਾਰ ਨੇ ਜੰਮੂ-ਕਸ਼ਮੀਰ ਦੇ ਵਿਸ਼ੇਸ਼ ਦਰਜੇ ਨੂੰ ਖ਼ਤਮ ਕਰਕੇ ਇੱਥੋਂ ਦੇ ਵੱਖਵਾਦੀ ਆਗੂਆਂ ਨੂੰ ਹਿਰਾਸਤ ਵਿਚ ਲੈ ਲਿਆ ਸੀ। ਦੱਖਣੀ ਤੇ ਮੱਧ ਏਸ਼ੀਆ ਮਾਮਲਿਆਂ ਦੀ ਕਾਰਜਕਾਰੀ ਸਹਾਇਕ ਵਿਦੇਸ਼ ਮੰਤਰੀ ਏਲਿਸ ਜੀ ਵੇਲਸ ਨੇ ਕਿਹਾ ਕਿ ਅਸੀਂ ਰੋਜ਼ਮਰਾ ਦੀਆਂ ਸੇਵਾਵਾਂ ਦੇ ਪੂਰੀ ਤਰ੍ਹਾਂ ਬਹਾਲ ਹੋਣ ਤੱਕ ਲਗਾਤਾਰ ਦਬਾਅ ਬਣਾਉਣਾ ਜਾਰੀ ਰੱਖਾਂਗੇ ਪਰ ਸਭ ਤੋਂ ਵੱਧ ਜ਼ਰੂਰੀ ਰਾਜਨੀਤਕ ਤੇ ਆਰਥਿਕ ਸਥਿਤੀ ਠੀਕ ਕਰਨ ਲਈ ਖ਼ਾਕਾ ਤਿਆਰ ਕਰਨਾ ਹੈ। ਵਿਦੇਸ਼ ਮੰਤਰਾਲੇ ਦੇ ਫਾਗੀ ਬਾਟਮ ਦਫ਼ਤਰ ਵਿਚ ਵੇਲਸ ਨੇ ਕਿਹਾ ਕਿ ਅਮਰੀਕਾ ਵਾਦੀ ਦੀ ਸਥਿਤੀ ਨੂੰ ਲੈ ਕੇ ਬੇਹੱਦ ਚਿੰਤਤ ਹੈ ਜਿੱਥੇ ਕਰੀਬ 80 ਲੱਖ ਸਥਾਨਕ ਲੋਕਾਂ ਦਾ ਜੀਵਨ ਜੰਮੂ-ਕਸ਼ਮੀਰ ਤੋਂ ਵਿਸ਼ੇਸ਼ ਰਾਜ ਦਾ ਦਰਜਾ ਵਾਪਸ ਲੈਣ ਤੇ ਰਾਜਨੀਤਕ ਆਗੂਆਂ ਨੂੰ ਬਿਨਾਂ ਕਾਰਨ ਹਿਰਾਸਤ ਵਿਚ ਲੈਣ ਤੇ ਸੰਚਾਰ ਪਾਬੰਦੀਆਂ ਕਾਰਨ ਪ੍ਰਭਾਵਿਤ ਹੈ। ਉਨ੍ਹਾਂ ਹਾਲਾਂਕਿ ਕਿਹਾ ਕਿ ਅਸੀਂ ਹਾਲਾਤ ਵਿਚ ਥੋੜ੍ਹਾ ਸੁਧਾਰ ਵੀ ਦੇਖਿਆ ਹੈ। ਵੇਲਸ ਨੇ ਕਿਹਾ ਕਿ ਲਸ਼ਕਰ, ਜੈਸ਼ ਤੇ ਹਿਜ਼ਬੁਲ ਵਰਗੇ ਅੱਤਵਾਦੀ ਸੰਗਠਨ ਯਕੀਨੀ ਤੌਰ ’ਤੇ ਪ੍ਰੇਸ਼ਾਨੀ ਦਾ ਕਾਰਨ ਹਨ। ਉਨ੍ਹਾਂ ਕਿਹਾ ਕਿ ਇਸ ਸਿਲਸਿਲੇ ਵਿਚ ਅਸੀਂ ਪਾਕਿ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੇ ਸਤੰਬਰ ਵਿਚ ਆਏ ਉਸ ਬਿਆਨ ਦਾ ਸਵਾਗਤ ਕਰਦੇ ਹਾਂ ਜਿਸ ਵਿਚ ਉਨ੍ਹਾਂ ਕਿਹਾ ਸੀ ਕਿ ਕਸ਼ਮੀਰ ਵਿਚ ਹਿੰਸਾ ਕਰਨ ਲਈ ਪਾਕਿਸਤਾਨ ਤੋਂ ਗੁਜ਼ਰਨ ਵਾਲਾ ਹਰ ਵਿਅਕਤੀ ਪਾਕਿਸਤਾਨੀਆਂ ਤੇ ਕਸ਼ਮੀਰੀਆਂ ਦਾ ਦੁਸ਼ਮਣ ਹੋਵੇਗਾ। ਉਨ੍ਹਾਂ ਕਿਹਾ ਕਿ ਭਾਰਤ ਤੇ ਪਾਕਿਸਤਾਨ ਵਿਚਾਲੇ ਅਸੀਂ ਉਸਾਰੂ ਗੱਲਬਾਤ ਦੇਖਣਾ ਚਾਹੁੰਦੇ ਹਾਂ ਜੋ ਕਿ ਪਾਕਿਸਤਾਨ ਦੇ ਉਸ ਦੇ ਖੇਤਰ ਵਿਚ ਅੱਤਵਾਦੀਆਂ ਖ਼ਿਲਾਫ਼ ਲਗਾਤਾਰ ਕਾਰਵਾਈ ’ਤੇ ਆਧਾਰਿਤ ਹੋਣੀ ਚਾਹੀਦੀ ਹੈ।

ਅਮਰੀਕਾ ਨੇ ਅਗਲੇ ਮਹੀਨੇ ਖੁੱਲਣ ਜਾ ਰਹੇ ਇਤਿਹਾਸਕ ਕਰਤਾਰਪੁਰ ਲਾਂਘੇ ਦੇ ਸਮਝੌਤੇ ’ਤੇ ਭਾਰਤ ਤੇ ਪਾਕਿਸਤਾਨ ਵਲੋਂ ਬੀਤੇ ਦਿਨ ਦਸਤਖ਼ਤ ਕੀਤੇ ਜਾਣ ਦਾ ਸਵਾਗਤ ਕਰਦਿਆਂ ਇਸ ਨੂੰ ‘ਚੰਗੀ ਖ਼ਬਰ’ ਦੱਸਿਆ ਹੈ, ਜਿਸ ਨਾਲ ਦੋਹਾਂ ਗੁਆਂਢੀ ਦੇਸ਼ਾਂ ਦੇ ਲੋਕਾਂ ਦੇ ਆਪਸੀ ਸਬੰਧ ਹੋਰ ਮਜ਼ਬੂਤ ਹੋਣਗੇ। ਅਮਰੀਕੀ ਵਿਦੇਸ਼ ਵਿਭਾਗ ਵਿਚ ਦੱਖਣ ਤੇ ਸੈਂਟਰਲ ਏਸ਼ੀਆ ਦੀ ਕਾਰਜਕਾਰੀ ਸਹਾਇਕ ਸਕੱਤਰ ਅਲੀਸ ਜੀ. ਵੈਲਸ ਨੇ ਵੀਰਵਾਰ ਨੂੰ ਟਵੀਟ ਕਰ ਕਿਹਾ ਹੈ ਕਿ ਭਾਰਤ ਤੇ ਪਾਕਿਸਤਾਨ ਵਲੋਂ ਕਰਤਾਰਪੁਰ ਲਾਂਘੇ ਦੇ ਸਮਝੌਤੇ ਨੂੰ ਪ੍ਰਵਾਨਗੀ ਦੇਣੀ ਸਵਾਗਤਯੋਗ ਖ਼ਬਰ ਹੈ। ਦੂਸਰੇ ਪਾਸੇ ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਐਂਟੋਨੀਓ ਗੁਟਰੇਸ ਨੇ ਗੱਲਬਾਤ ਰਾਹੀਂ ਕਸ਼ਮੀਰ ਮਸਲਾ ਸੁਲਝਾਏ ਜਾਣ ਦੀ ਅਪੀਲ ਦੁਹਰਾਉਂਦੇ ਹੋਏ ਕਿਹਾ ਕਿ ਜੋ ਵੀ ਹੱਲ ਹੋਵੇ ਉਸ ਵਿਚ ਵਾਦੀ ਵਿਚ ਰਹਿ ਰਹੇ ਲੋਕਾਂ ਦੇ ਮਨੁੱਖੀ ਅਧਿਕਾਰਾਂ ਦਾ ਸਨਮਾਨ ਕੀਤਾ ਜਾਣਾ ਚਾਹੀਦਾ ਹੈ।

# ਆਈਟੀਬੀਪੀ ਤੋਂ ਅਸਤੀਫ਼ਾ ਦੇਣ ਵਾਲੀ ਅਫ਼ਸਰ ਨੇ ਕਾਂਸਟੇਬਲ ’ਤੇ ਰੇਪ ਦੀ ਕੋਸ਼ਿਸ਼ ਦਾ ਲਾਇਆ ਇਲਜ਼ਾਮ

**ਨਵੀਂ ਦਿੱਲੀ/ਏ.ਟੀ. ਨਿਊਜ਼**-ਇੰਡੋ-ਤਿਬਤੀਅਨ ਬਾਰਡਰ ਪੁਲਿਸ ਫੋਰਸ ਵਿੱਚ ਡਿਪਟੀ ਕਮਾਂਡੈਂਟ- ਡਿਪਟੀ ਜੱਜ ਅਟਾਰਨੀ ਜਨਰਲ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਵਾਲੀ ਕਰੁਨਾਜੀਤ ਕੌਰ ਨੇ ਫੋਰਸ ’ਤੇ ਗੰਭੀਰ ਇਲਜ਼ਾਮ ਲਗਾਏ ਹਨ। ਕਰੁਨਾਜੀਤ ਕੌਰ ਨੇ ਦੱਸਿਆ ਕਿ ਉਸ ਨੇ ਪੰਜ ਸਾਲ ਪਹਿਲਾਂ ਫੋਰਸ ਜੁਆਇਨ ਕੀਤੀ ਸੀ ਅਤੇ ਅਸਤੀਫ਼ਾ ਦੇਣ ਤੋਂ ਬਾਅਦ 17 ਅਕਤੂਬਰ ਨੂੰ ਉਹ ਰਿਲੀਵ ਹੋਈ ਹੈ। ਉਹ ਆਈਟੀਬੀਪੀ ਨਾਰਥ-ਵੈਸਟ ਫਰੰਟੀਅਰ ਚੰਡੀਗੜ੍ਹ ਵਿੱਚ ਪੋਸਟਡ ਸੀ। ਇੱਕ ਮਹੀਨੇ ਦੀ ਅਟੈਚਮੈਂਟ ’ਤੇ ਮਈ-ਜੂਨ ਵਿੱਚ ਉਹਨਾਂ ਨੂੰ ਉਤਰਾਖੰਡ ਦੇ ਗੌਚਰ (ਜੋਸ਼ੀਮੱਠ) ਵਿੱਚ 8 ਬਟਾਲੀਅਨ ਭੇਜਿਆ ਗਿਆ। ਕਰੁਨਾਜੀਤ ਕੌਰ ਨੇ ਕਿਹਾ, “ਇੱਥੋਂ ਮੈਨੂੰ 8 ਬਟਾਲੀਅਨ ਦੀਆਂ ਫਾਰਵਰਡ ਪੋਸਟਾਂ ’ਤੇ ਵੀ ਭੇਜਿਆ ਜਾਂਦਾ ਸੀ। ਇਹਨਾਂ ਵਿੱਚ ਹੀ ਇੱਕ ਮਲਾਰੀ ਪੋਸਟ ਸੀ, ਜਿੱਥੇ 9-10 ਜੂਨ ਦੀ ਰਾਤ ਨੂੰ ਬਟਾਲੀਅਨ ਦੇ ਇੱਕ ਕਾਂਸਟੇਬਲ ਦੀਪਕ ਨੇ ਮੈਨੂੰ ਰਹਿਣ ਲਈ ਦਿੱਤੀ ਹੱਟ ਵਿੱਚ ਰੇਪ ਦੇ ਇਰਾਦੇ ਨਾਲ ਦਾਖ਼ਲ ਹੋਣ ਦੀ ਕੋਸ਼ਿਸ਼ ਕੀਤੀ। ਉਹ ਕਹਿ ਰਿਹਾ ਸੀ ਕਿ ਦੋ ਸਾਲਾਂ ਤੋਂ ਉਸ ਨੇ ਕਿਸੇ ਔਰਤ ਨੂੰ ਨਹੀਂ ਛੂਹਿਆ, ਉਸ ਨੂੰ ਔਰਤ ਚਾਹੀਦੀ ਹੈ।”



ਜਦੋਂ ਉੱਚ ਅਧਿਕਾਰੀਆਂ ਨੇ ਕਾਰਵਾਈ ਨਾ ਕੀਤੀ ਤਾਂ ਉਸ ਨੇ ਜੋਸ਼ੀਮੱਠ ਪੁਲਿਸ ਥਾਣੇ ਵਿੱਚ ਐਫ਼ਆਈਆਰ ਦਰਜ ਕਰਵਾਈ, ਜਿਸ ਬਾਰੇ ਜੋਸ਼ੀਮੱਠ ਦੀ ਜ਼ਿਲ੍ਹਾ ਅਦਾਲਤ ਵਿੱਚ ਕੇਸ ਚੱਲ ਰਿਹਾ ਹੈ। ਕਰੁਨਾਜੀਤ ਦਾ ਕਹਿਣਾ ਹੈ ਕਿ ਚੰਡੀਗੜ੍ਹ ਵਾਪਸ ਆਉਣ ਤੋਂ ਬਾਅਦ ਉਨ੍ਹਾਂ ਨੇ ਫੋਰਸ ਦੇ ਡਾਇਰੈਕਟਰ ਜਨਰਲ ਨਾਲ ਮੀਟਿੰਗ ਕਰਨੀ ਚਾਹੀ ਪਰ ਉਸ ਮੀਟਿੰਗ ਵਿੱਚ ਡੀਆਈਜੀ ਮੌਜੂਦ ਰਹੇ ਜੋ ਕਿ ਕਰੁਨਾਜੀਤ ਮੁਤਾਬਕ ਪਹਿਲਾਂ ਹੀ ਉਸ ਨੂੰ ਧਮਕੀਆਂ ਦੇ ਚੁੱਕੇ ਹਨ। ਕਰੁਨਾਜੀਤ ਨੇ ਇਲਜ਼ਾਮ ਲਾਇਆ ਕਿ ਵੱਖ-ਵੱਖ ਤਰੀਕਿਆਂ ਨਾਲ ਉਸ ਨੂੰ ਪਰੇਸ਼ਾਨ ਕੀਤਾ ਜਾਂਦਾ ਸੀ। ਕਰੁਨਾਜੀਤ ਮੁਤਾਬਕ, “ਜਾਂਚ ਹੋਣੀ ਚਾਹੀਦੀ ਹੈ ਕਿ ਮਲਾਰੀ ਪੋਸਟ ਵਾਲੀ ਘਟਨਾ ਇਸੇ ਕੜੀ ਦੀ ਕੋਈ ਸਾਜਿਸ਼ ਤਾਂ ਨਹੀਂ।”

ਪਰ ਹੁਣ ਹੀ ਕਿਉਂ ਇਸ ਮੁੱਦੇ ਨੂੰ ਚੁੱਕਿਆ ਜਾ ਰਿਹਾ ਹੈ, ਇਸ ਬਾਰੇ ਉਨ੍ਹਾਂ ਕਿਹਾ, “ਫੋਰਸ ਵਿੱਚ ਰਹਿ ਕੇ ਮੈਨੂੰ ਫੋਰਸ ਦੇ ਅਨੁਸ਼ਾਸਨ ਵਿੱਚ ਰਹਿਣਾ ਪੈਣਾ ਸੀ ਤੇ ਇੱਥੋਂ ਦੀ ਹਰ ਸੱਚਾਈ ਬਾਹਰ ਨਹੀਂ ਆ ਸਕਦੀ ਸੀ, ਜਿਸ ਕਾਰਨ ਮੈਂ ਅਸਤੀਫ਼ਾ ਦੇ ਕੇ ਇਹ ਲੜਾਈ ਲੜਣ ਦਾ ਫੈਸਲਾ ਲਿਆ। ਆਈਟੀਬੀਪੀ ਤੋਂ ਬਾਹਰਲੀ ਕਿਸੇ ਏਜੰਸੀ ਵਲੋਂ ਮਾਮਲੇ ਦੀ ਜਾਂਚ ਕਰਵਾਈ ਜਾਵੇ ਅਤੇ ਉਹਨਾਂ ਦੇ ਕੇਸ ਤੋਂ ਇਲਾਵਾ ਫੋਰਸ ਵਿੱਚ ਹੋਰ ਔਰਤਾਂ ਦੀਆਂ ਪਰੇਸ਼ਾਨੀਆਂ ਵੀ ਹੱਲ ਹੋਣ। ਆਈਟੀਬੀਪੀ ਦੇ ਅਫ਼ਸਰ ਵਿਵੇਕ ਨੇ ਦੱਸਿਆ ਕਿ ਕਾਂਸਟੇਬਲ ਦੀਪਕ ਨੂੰ ਮੁਅੱਤਲ ਕਰ ਦਿੱਤਾ ਗਿਆ ਸੀ ਤੇ 8 ਬਟਾਲੀਅਨ ਤੋਂ 1 ਬਟਾਲੀਅਨ ਵਿੱਚ ਤਬਾਦਲਾ ਕਰ ਦਿੱਤਾ ਗਿਆ ਸੀ। ਹੁਣ ਕੇਸ ਅਦਾਲਤ ਵਿੱਚ ਹੈ। ਵਿਵੇਕ ਪਾਂਡੇ ਨੇ ਬਾਕੀ ਸੀਨੀਅਰ ਅਫ਼ਸਰਾਂ ’ਤੇ ਲਗਾਏ ਇਲਜ਼ਾਮਾਂ ਨੂੰ ਨਕਾਰਿਆ ਹੈ।

# ਰਾਧਾ ਸੁਆਮੀ ਵਿਰੁੱਧ ਮੋਰਚਾ ਲਗਾਉਣ ਵਾਲੇ ਭਾਈ ਸਿਰਸਾ ਤੇ ਸਾਥੀ ਅਦਾਲਤ ਵਲੋਂ ਬਰੀ

**ਬਾਬਾ ਬਕਾਲਾ ਸਾਹਿਬ/ਏ.ਟੀ. ਨਿਊਜ਼ :** 12 ਸਤੰਬਰ ਤੋਂ ਕਿਸਾਨਾਂ ਦੀਆਂ ਜ਼ਮੀਨਾਂ ’ਤੇ ਕਥਿਤ ਕਬਜ਼ੇ ਕਰਨ ਦੇ ਦੋਸ਼ਾਂ ਤਹਿਤ ਡੇਰਾ ਬਿਆਸ ਖਿਲਾਫ਼ ਬਿਆਸ ਫਲਾਈਓਵਰ ਦੇ ਹੇਠਾਂ ਲਗਾਏ ਧਰਨੇ ਨੂੰ ਪੁਲਿਸ ਵਲੋਂ 26 ਦਿਨਾਂ ਬਾਅਦ ਚੁਕਾ ਦਿੱਤਾ ਗਿਆ ਸੀ ਤੇ ਇਸ ਤਹਿਤ ਲੋਕ ਭਲਾਈ ਇਨਸਾਫ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਭਾਈ ਬਲਦੇਵ ਸਿੰਘ ਸਿਰਸਾ ਸਮੇਤ ਕਿਸਾਨ ਰਣਜੀਤ ਸਿੰਘ, ਮੱਖਣ ਸਿੰਘ, ਹਰਜਿੰਦਰ ਸਿੰਘ, ਨਰਜਿੰਦਰ ਸਿੰਘ ਬਿਆਸ ਤੇ ਜਲਵਿੰਦਰ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਜ਼ੇਲ੍ਹ ਭੇਜ ਦਿੱਤਾ ਗਿਆ ਸੀ, ਇਨ੍ਹਾਂ ਸਾਰਿਆਂ ਕਿਸਾਨਾਂ ਨੂੰ ਐਸ.ਡੀ.ਐਮ. ਬਾਬਾ ਬਕਾਲਾ ਸਾਹਿਬ ਦੀ ਅਦਾਲਤ ਵਲੋਂ ਬਾਇੱਜਤ ਬਰੀ ਕਰ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਅਦਾਲਤ ਵਲੋਂ ਹਰ ਪੇਸ਼ੀ ’ਤੇ ਹੀ ਭਾਈ ਸਿਰਸਾ ਨੇ ਜ਼ਮਾਨਤ ਲੈਣ ਤੋਂ ਇਨਕਾਰ ਕਰ ਦਿੱਤਾ ਸੀ। ਅਦਾਲਤ ਦੀ ਚੱਲੀ ਕਾਰਵਾਈ ਸਮੇਂ ਭਾਈ ਸਿਰਸਾ ਤੇ ਸਾਥੀਆਂ ਵਲੋਂ ਪੇਸ਼ ਵਕੀਲ ਐਡਵੋਕੇਟ ਲੱਖਾ ਸਿੰਘ ਆਜ਼ਾਦ ਨੇ ਦੱਸਿਆ ਕਿ ਉਨ੍ਹਾਂ ਦੇ ਮੁਅੱਕਲ ਖਿਲਾਫ਼ ਪੁਲਿਸ ਵਲੋਂ ਪੇਸ਼ ਕਲੰਦਰਾ ਪੁਲਿਸ ਸਾਬਤ ਨਹੀਂ ਕਰ ਸਕੀ, ਇਸ ਲਈ ਇਹ ਕੇਸ ਝੂਠਾ ਹੈ, ਜਿਸ ਨੂੰ ਰੱਦ ਕੀਤਾ ਜਾਣਾ ਚਾਹੀਦਾ ਹੈ ਜਦਕਿ ਸਰਕਾਰੀ ਵਕੀਲ ਨੇ ਕਿਹਾ ਕਿ ਦੋਸ਼ੀਆਂ ਕੋਲੋਂ ਜ਼ਮਾਨਤੀ ਬਾਂਡ ਭਰਵਾਇਆ ਜਾਵੇ ਤੇ ਇਨ੍ਹਾਂ ਨੂੰ ਇਕ ਸਾਲ ਲਈ ਪਾਬੰਦ ਕੀਤਾ ਜਾਵੇ।

ਅੰਮ੍ਰਿਤਸਰ ਟਾਈਮਜ਼
AMRITSAR TIMES
30 ਅਕਤੂਬਰ 2019 ਤੋਂ 03 ਨਵੰਬਰ 2019

# ਬੀਜੇਪੀ ਦੀ ਉਲਟੀ ਗਿਣਤੀ

ਭਾਰਤ ਵਿਚ ਪਿਛਲੇ ਦੋ ਦਹਾਕਿਆਂ ਤੋਂ ਇਕ ਵੱਡੀ ਰਾਜਸੀ ਤਾਕਤ ਵਜੋਂ ਉੱਭਰੀ ਭਾਰਤੀ ਜਨਤਾ ਪਾਰਟੀ ਨੂੰ ਭਾਰਤੀ ਜਮਹੂਰੀਅਤ ਵਿਚ ਪੱਕਾ ਕਿਲਾ ਸਥਾਪਤ ਕਰਨ ਵਿਚ ਮੁਸ਼ਕਿਲ ਆਉਂਦੀ ਜਾਪਦੀ ਹੈ। 1999 ਵਿਚ ਅਟਲ ਬਿਹਾਰੀ ਵਾਜਪੇਈ ਦੀ ਅਗਵਾਈ ਵਿਚ ਕੇਂਦਰ ਵਿਚ ਗਠਜੋੜ ਦੀ ਮਦਦ ਨਾਲ ਸਰਕਾਰ ਬਣਾਉਣ ਵਾਲੀ ਭਾਰਤੀ ਜਨਤਾ ਪਾਰਟੀ 2014 ਦੀਆਂ ਲੋਕ ਸਭਾ ਚੋਣਾਂ ਵਿਚ ਵੱਡੀ ਪਾਰਟੀ ਵਜੋਂ ਉਭਰੀ ਅਤੇ 2019 ਵਿਚ ਇਸ ਨੇ ਪਿਛਲੇ ਸਾਰੇ ਰਿਕਾਰਡ ਮਾਤ ਪਾ ਕੇ ਭਾਰਤੀ ਬਹੁਮਤ ਹੀ ਹਾਸਲ ਨਹੀਂ ਕੀਤਾ ਸਗੋਂ ਇਸ ਨੂੰ ਇਹ ਵੀ ਅਹਿਸਾਸ ਹੋਣ ਲੱਗਾ ਕਿ ਭਾਰਤੀ ਫੈਡਰਲ ਅਤੇ ਬਹੁਕੌਮੀ ਸਿਆਸੀ ਸਮੀਕਰਨ ਹੁਣ ਇਕ ਹਿੰਦੂ ਰਾਸ਼ਟਰਵਾਦ ਵਿਚ ਤਬਦੀਲ ਹੋ ਚੁੱਕਾ ਹੈ। ਇਹੋ ਕਾਰਨ ਸੀ ਕਿ ਇਸ ਸਾਲ ਸੱਤਾ ਸੰਭਾਲਦਿਆਂ ਹੀ ਇਸ ਨੇ ਹਿੰਦੂ ਰਾਸ਼ਟਰ ਪੱਖੀ ਫੈਸਲੇ ਲੈਣੇ ਸ਼ੁਰੂ ਕਰ ਦਿੱਤੇ। ਜੰਮੂ ਕਸ਼ਮੀਰ ਨੂੰ ਭਾਰਤੀ ਸੰਵਿਧਾਨ ਤਹਿਤ ਮਿਲਿਆ ਵਿਸ਼ੇਸ਼ ਰਾਜ ਦਾ ਦਰਜਾ ਖਤਮ ਕਰਨਾ ਅਤੇ ਇਕ ਚੁਣੀ ਹੋਈ ਸਰਕਾਰ ਭੰਗ ਕਰਕੇ ਇਸ ਸੂਬੇ ਨੂੰ ਦੋ ਹਿੱਸਿਆਂ ਵਿਚ ਵੰਡਣਾ ਇਸ ਸਰਕਾਰ ਦੀ ਵੱਡੀ ਅਤੇ 'ਜ਼ੁਅੱਰਤ' ਵਾਲੀ ਕਾਰਵਾਈ ਕਹੀ ਜਾ ਸਕਦੀ ਹੈ। ਜੰਮੂ ਕਸ਼ਮੀਰ ਪਿਛਲੇ ਤਿੰਨ ਦਹਾਕਿਆਂ ਤੋਂ ਫੌਜ ਦੇ ਹਵਾਲੇ ਹੈ ਪਰ ਜਿਸ ਤਰੀਕੇ ਨਾਲ ਸੂਬੇ ਵਿਚ ਖਾਸ ਕਰਕੇ ਕਸ਼ਮੀਰ ਵਾਦੀ ਵਿਚ ਕਰਫਿਊ ਲਗਾ ਕੇ ਪਾਰਲੀਮੈਂਟ ਵਿਚ ਇਹ ਫੈਸਲੇ ਲਏ ਗਏ ਅਤੇ ਕਸ਼ਮੀਰੀਆਂ ਨੂੰ ਅੱਜ ਤੱਕ ਵੀ ਘਰਾਂ ਅੰਦਰ ਰਹਿਣ ਲਈ ਮਜ਼ਬੂਰ ਕੀਤਾ ਜਾ ਰਿਹਾ ਹੈ, ਉਸ ਤੋਂ ਅੰਧ ਰਾਸ਼ਟਰਵਾਦੀ ਬਹੁਗਿਣਤੀ ਦੀ ਤਾਨਾਸ਼ਾਹੀ ਦਾ ਪ੍ਰਤੱਖ ਸਬੂਤ ਸਾਹਮਣੇ ਆਇਆ।

ਮਹਾਰਾਸ਼ਟਰ ਅਤੇ ਹਰਿਆਣਾ ਦੀਆਂ ਹਾਲੀਆ ਵਿਧਾਨ ਸਭਾ ਚੋਣਾਂ ਨੇ ਭਾਰਤੀ ਜਨਤਾ ਪਾਰਟੀ ਦਾ ਇਹ ਭਰਮ ਜਾਲ ਵੀ ਤੋੜ ਦਿੱਤਾ ਹੈ ਕਿ ਹਿੰਦੂ ਰਾਸ਼ਟਰਵਾਦ ਦਾ ਸਹਾਰਾ ਲੈ ਕੇ ਜਮਹੂਰੀ ਤਰੀਕੇ ਨਾਲ ਸੱਤਾ ਬਰਕਰਾਰ ਰੱਖੀ ਜਾ ਸਕਦੀ ਹੈ। ਇਹ ਵੱਖਰੀ ਗੱਲ ਹੈ ਕਿ ਹਿੰਦੂ ਰਾਸ਼ਟਰਵਾਦ ਦਾ ਪੱਤਾ ਘੱਟ-ਗਿਣਤੀਆਂ ਖਿਲਾਫ਼ ਕਾਰਵਾਈਆਂ ਲਈ ਵਰਤਿਆ ਜਾ ਸਕਦਾ ਹੈ ਪਰ ਸਿਆਸੀ ਧਰਾਤਲ ਤੇ ਕੁਝ ਵੱਖਰਾ ਵਾਪਰਦਾ ਹੈ। ਹਰਿਆਣਾ ਵਿਚ ਇਸ ਵਾਰ ਕੁੱਲ 90 ਸੀਟਾਂ ਵਿਚੋਂ 75 ਤੋਂ ਵੱਧ ਜਿੱਤਣ ਦਾ ਦਾਅਵਾ ਕਰਨ ਵਾਲੀ ਬੀਜੇਪੀ ਇਸ ਵਾਰ ਸੁੰਗੜ ਕੇ 40 ਸੀਟਾਂ ਤੇ ਆ ਗਈ ਅਤੇ ਸਰਕਾਰ ਬਣਾਉਣ ਲਈ ਪੂਰਨ ਬਹੁਮਤ ਵੀ ਹਾਸਲ ਨਹੀਂ ਕਰ ਸਕਦੀ। ਇਸ ਨੂੰ ਸਰਕਾਰ ਬਣਾਉਣ ਵਾਸਤੇ ਚੌਟਾਲਾ ਪਰਿਵਾਰ ਦੀ ਨਵੀਂ ਪਾਰਟੀ ਜੇਜੇਪੀ ਦਾ ਸਹਾਰਾ ਲੈਣਾ ਪਿਆ ਅਤੇ ਬੀਜੇਪੀ ਦੇ ਮੁੱਖ ਮੰਤਰੀ ਦੇ ਬਰਾਬਰ ਜੇਜੇਪੀ ਦਾ ਉਪ ਮੁੱਖ ਮੰਤਰੀ ਲਗਾਉਣਾ ਪਿਆ। ਬੇਸ਼ੱਕ ਬੀਜੇਪੀ ਨੇ ਸਰਕਾਰ ਬਣਾ ਲਈ ਪਰ ਪਾਰਟੀ ਦੀ ਸੂਬਾ ਇਕਾਈ ਵਿਚ 'ਸਭ ਅੱਛਾ ਨਹੀਂ' ਹੈ। ਪਾਰਟੀ ਦੇ ਹਾਰੇ ਹੋਏ ਵੱਡੇ ਨੇਤਾਵਾਂ ਅਤੇ ਵਰਕਰਾਂ ਵਿਚਕਾਰ ਆਪਸੀ ਖਿੱਚੋਤਾਣ ਸ਼ੁਰੂ ਹੋ ਗਈ ਹੈ। ਕਈ ਆਗੂ ਇਕ ਦੂਜੇ ਉਪਰ ਇਲਜ਼ਾਮ ਤਰਾਸ਼ੀ ਕਰ ਰਹੇ ਹਨ। ਮੁੱਖ ਮੰਤਰੀ ਮਨੋਹਰ ਲਾਲ ਅਤੇ ਕੇਂਦਰੀ ਲੀਡਰਸ਼ਿਪ ਵੀ ਚੁੱਪ ਹੈ। ਇਸ ਵਾਰ ਬੀਜੇਪੀ ਦੀ ਵਿਚਾਰਧਾਰਕ ਅਤੇ ਰਾਜਸੀ ਸਰੋਤ ਸਮਝੀ ਜਾਣ ਵਾਲੀ ਆਰ ਐਸ ਐਸ ਦਾ 'ਪੰਨਾ ਪ੍ਰਮੁੱਖ' ਵਾਲਾ ਫਾਰਮੂਲਾ ਵੀ ਕਾਮਯਾਬ ਨਹੀਂ ਹੋਇਆ।

ਦੂਜੇ ਪਾਸੇ ਹਿੰਦੂ ਰਾਸ਼ਟਰਵਾਦੀ ਤਾਕਤਾਂ ਦਾ ਗੜ੍ਹ ਸਮਝੇ ਜਾਂਦੇ ਮਹਾਂਰਾਸ਼ਟਰ ਵਿਚ ਵੀ ਬੀਜੇਪੀ ਅਤੇ ਸ਼ਿਵ ਸੈਨਾ ਦੇ ਇਤਿਹਾਸਕ ਅਤੇ ਪਾਕ ਪਵਿੱਤਰ ਗਠਜੋੜ ਵਿਚ ਤਰੇੜਾਂ ਪੈਣੀਆਂ ਸ਼ੁਰੂ ਹੋ ਗਈਆਂ ਹਨ। ਸੱਤਾ ਦਾ ਜ਼ਾਇਕਾ ਲੈ ਚੁੱਕੀਆਂ ਦੋਵੇਂ ਸਿਆਸੀ ਪਾਰਟੀਆਂ ਖਾਸ ਕਰਕੇ ਇਨ੍ਹਾਂ ਦੇ ਖੇਤਰੀ ਨੇਤਾਵਾਂ ਵਿਚ ਵਖਰੇਵਾਂ ਸ਼ੁਰੂ ਹੋ ਗਿਆ ਹੈ। ਇਹ ਵਖਰੇਵਾਂ ਕੋਈ ਸਿਆਸੀ ਜਾਂ ਵਿਚਾਰਧਾਰਕ ਨਹੀਂ ਸਗੋਂ ਰਾਜ ਸੱਤਾ ਉਪਰ ਕਾਬਜ਼ ਹੋਣ ਦੇ ਫਾਰਮੂਲੇ ਦਾ ਹੈ। ਸ਼ਿਵ ਸੈਨਾ ਚਾਹੁੰਦੀ ਹੈ ਕਿ ਢਾਈ ਢਾਈ ਸਾਲ ਵੰਡ ਕੇ ਸੱਤਾ ਦਾ ਆਨੰਦ ਮਾਣਿਆ ਜਾਵੇ ਜਦਕਿ ਬੀਜੇਪੀ ਦੇ ਸੂਬਾਈ ਨੇਤਾ ਦਵੇਂਦਰ ਫੜਨਵੀਸ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਪਾਰਟੀ ਕੋਲ ਸੀਟਾਂ ਜ਼ਿਆਦਾ ਹਨ ਇਸ ਲਈ ਮੁੱਖ ਮੰਤਰੀ ਉਹੀ ਬਣਨਗੇ ਅਤੇ ਅਨੁਪਾਤ ਮੁਤਾਬਕ ਸ਼ਿਵ ਸੈਨਾ ਨੂੰ ਵਜ਼ਾਰਤੀ ਅਹੁਦੇ ਦਿੱਤੇ ਜਾਣਗੇ।

ਇੱਥੇ ਸੁਆਲ ਸੱਤਾ ਦੀ ਤਕਸੀਮ ਜਾਂ ਵਜ਼ਾਰਤੀ ਅਹੁਦਿਆਂ ਦੇ ਲੈਣ ਦੇਣ ਦਾ ਨਹੀਂ ਹੈ। ਸੁਆਲ ਤਾਂ ਇਹ ਹੈ ਕਿ ਬੀਜੇਪੀ ਦੇ ਕੌਮਾਂਤਰੀ ਚਿਹਰੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ 'ਪ੍ਰਵਚਨ' ਹੇਠਲੀ ਲੀਡਰਸ਼ਿਪ ਅਤੇ ਕੇਡਰ ਨੂੰ ਕਿਉਂ ਨਹੀਂ ਰਾਸ ਆ ਰਹੇ। ਜੇ ਸਚਮੁੱਚ ਪਾਰਟੀ ਦੇਸ਼ ਅਤੇ ਲੋਕਾਂ ਦੀ ਸੇਵਾ ਨੂੰ ਸਮਰਪਿਤ ਹੈ ਤਾਂ ਸੱਤਾ ਤੇ ਜੱਫ਼ਾ ਮਾਰਨ ਲਈ ਬਜ਼ਿੱਦ ਕਿਉਂ ਹੈ। ਠੀਕ ਹੈ ਕੁਝ ਮਹੀਨੇ ਪਹਿਲਾਂ 'ਹਿੰਦੂ ਪੱਤਾ' ਵਰਤ ਕੇ ਪਾਰਟੀ ਕੇਂਦਰ ਵਿਚ ਸੱਤਾ ਵਿੱਚ ਆ ਗਈ ਪਰ ਏਨੀ ਛੇਤੀ ਵੋਟਰਾਂ ਦਾ ਮੋਹ ਭੰਗ ਕਿਉਂ ਹੋਣ ਲੱਗਾ। ਰਾਜਨੀਤਕ ਮਾਹਿਰ ਇਹ ਮੰਨਦੇ ਹਨ ਕਿ ਭਾਰਤੀ ਸਟੇਟ ਦਾ ਖਾਸਾ ਹਿੰਦੂ ਸਟੇਟ ਵਾਲਾ ਹੈ ਪਰ ਜੇਕਰ ਜ਼ਾਹਿਰਾ ਤੌਰ 'ਤੇ ਇਹ ਪੱਤਾ ਖੇਡਣ ਵਾਲੀ ਪਾਰਟੀ ਨੂੰ ਰਾਜ ਸੱਤਾ ਲਈ ਇਸ ਤਰ੍ਹਾਂ ਸਹਿਯੋਗੀਆਂ ਦੀ ਜ਼ਲਾਲਤ ਝੱਲਣੀ ਪੈ ਰਹੀ ਹੈ ਅਤੇ ਕੇਡਰ ਵਿਚ ਬਾਗੀ ਸੁਰਾਂ ਉਭਰਨ ਲੱਗੀਆਂ ਹਨ ਤਾਂ ਭਵਿੱਖ ਵਿਚ ਇਹ ਪਾਰਟੀ ਰਾਜ ਸੱਤਾ ਵਿਚ ਬਣੇ ਰਹਿਣ ਲਈ ਕਿਹੜਾ ਨਵਾਂ ਦਾਅ ਚਲਾਏਗੀ, ਇਹ ਸਮਾਂ ਹੀ ਦੱਸੇਗਾ। ਫਿਲਹਾਲ ਇਹ ਰਾਜਸੀ ਤੌਰ 'ਤੇ ਪਤਨ ਵੱਲ ਜਾ ਰਹੀ ਹੈ।

# ਕਰਤਾਰਪੁਰ ਲਾਂਘਾ : ਰੂਹਾਨੀ ਅਜ਼ਮਤ ਬਰਕਰਾਰ ਰੱਖਣ ਦੀ ਲੋੜ

**ਇਹ ਗੱਲ ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਨੂੰ ਸਮਝ ਲੈਣੀ ਚਾਹੀਦੀ ਹੈ ਕਿ ਮਹਿਜ਼ ਫਲੈਗ-ਪੋਸਟ ਦੀ ਬੁਲੰਦੀ ਕਦੇ ਵੀ ਕੌਮਾਂ ਦੇ ਬੁਲੰਦ ਇਖ਼ਲਾਕ ਦੀ ਤਰਜ਼ਮਾਨ ਨਹੀਂ ਹੁੰਦੀ। ਜੇ ਸਾਡੇ ਆਪਿਆਂ ਵਿਚੋਂ ਨੈਤਿਕਤਾ ਦਾ ਸਹਿਜ, ਜ਼ਿੰਦਗੀ ਦਾ ਪੁਰਖਲੂਸ ਅਦਬ ਅਤੇ ਇਨਸਾਨੀ ਰਿਸ਼ਤਿਆਂ ਦੇ ਸਲੀਕਿਆਂ ਵਿਚੋਂ ਦਾਨਾਈ ਮਨਫ਼ੀ ਹੋ ਜਾਵੇ ਤਾਂ ਫੇਰ ਕੌਮੀ ਪਰਚਮ ਦੀ ਬੁਲੰਦੀ ਭਾਵੇਂ ਕਿਸੇ ਵੀ ਉਚਾਈ ਦੀ ਹੋਵੇ ਸਭ ਵਿਅਰਥ ਤੇ ਬੇਮਾਅਨਾ ਹੋ ਕੇ ਰਹਿ ਜਾਂਦੀ ਹੈ। ਅਜਿਹੇ ਘਟਨਾਕ੍ਰਮ ਤੇ ਮਨਫ਼ੀ ਸਰੋਕਾਰ ਸਾਰੇ ਸੁਹਿਰਦ ਯਤਨਾਂ 'ਤੇ ਪਾਣੀ ਫੇਰ ਦੇਣ ਦੀ ਕੈਫ਼ੀਅਤ ਰੱਖਦੇ ਹਨ ਜਿਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਦੇ ਸਮੁੱਚੇ ਰੂਹਾਨੀ ਤਸੱਵਰ ਦੀ ਲੋਅ ਵਿਚ ਸਮਝਣ ਅਤੇ ਦੀਰਘ ਦੀਨਤਾ ਨਾਲ ਵਿਚਾਰ ਕੇ ਹਕੂਮਤਾਂ ਦੇ ਬਾਦਸ਼ਾਹੀ ਅਡੰਬਰਾਂ ਤੋਂ ਮੁਕਤ ਰੱਖਣ ਦੀ ਲੋੜ ਹੈ।**



**ਬੀਰ ਦਵਿੰਦਰ ਸਿੰਘ**
ਸਾਬਕਾ ਡਿਪਟੀ ਸਪੀਕਰ, ਪੰਜਾਬ ਵਿਧਾਨ ਸਭਾ
ਸੰਪਰਕ : 98140-33362

ਜਦੋਂ ਤੋਂ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਲਾਂਘੇ ਦੇ ਖੁੱਲ੍ਹਣ ਦੀ ਆਸ ਬੱਝੀ ਹੈ, ਉਦੋਂ ਤੋਂ ਹੀ ਕਰਤਾਰਪੁਰ ਸਾਹਿਬ ਲਾਂਘੇ ਦੇ ਖੁੱਲ੍ਹਣ 'ਤੇ ਸੰਦੇਹ ਦੇ ਪਰਛਾਵੇਂ ਮੰਡਰਾ ਰਹੇ ਹਨ। ਇਹ ਠੀਕ ਹੈ ਕਿ ਕਰਤਾਰਪੁਰ ਸਾਹਿਬ ਲਾਂਘੇ ਨੂੰ ਬਿਨਾਂ ਕਿਸੇ ਵੱਡੀ ਰੋਕ-ਟੋਕ ਦੇ ਸਿੱਖ ਸ਼ਰਧਾਲੂਆਂ ਲਈ ਖੋਲ੍ਹਣ ਦੇ ਪਹਿਲੇ ਪੁਖਤਾ ਸੰਕੇਤ ਤਾਂ ਇਮਰਾਨ ਖ਼ਾਨ ਦੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕਣ ਦੇ ਸਮਾਗਮ ਵਿਚੋਂ ਹੀ ਮਿਲੇ ਸਨ। ਇਹ ਮਹਿਜ਼ ਇਕ ਇਤਫ਼ਾਕ ਹੀ ਸੀ ਕਿ ਅਜਿਹੀ ਸ਼ੁਭ ਖ਼ਬਰ ਸਭ ਤੋਂ ਪਹਿਲਾਂ ਪਾਕਿਸਤਾਨੀ ਫ਼ੌਜ ਦੇ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਦੇ ਮੁਖਾਰਬਿੰਦ 'ਚੋਂ ਸੁਣਨ ਨੂੰ ਮਿਲੀ ਜਿਸ ਨੂੰ ਸੁਣਦਿਆਂ ਹੀ ਖ਼ੁਸ਼ੀ ਵਿਚ ਖੀਵੇ ਹੋਏ ਉਸ ਮੌਕੇ 'ਤੇ ਵਿਸ਼ੇਸ਼ ਮਹਿਮਾਨ ਵਜੋਂ ਮੌਜੂਦ ਪੰਜਾਬ ਦੇ ਵਜ਼ੀਰ ਸਰਦਾਰ ਨਵਜੋਤ ਸਿੰਘ ਸਿੱਧੂ ਨੇ ਜਨਰਲ ਬਾਜਵਾ ਨੂੰ ਗਲਵੱਕੜੀ ਪਾ ਲਈ। ਨਵਜੋਤ ਸਿੰਘ ਸਿੱਧੂ ਦੀ ਉਲਾਰ ਗਲਵੱਕੜੀ ਭਾਵੇਂ ਇਕ ਮੌਕਾ-ਮੇਲ ਵਿਚੋਂ ਉਪਜੀ ਰੁਮਾਂਚਕ ਤਰੰਗ ਹੀ ਸੀ ਜੋ ਸ਼ਿਸਟਾਚਾਰ ਵਜੋਂ ਉਸ ਮੌਕੇ 'ਤੇ ਪੂਰੀ ਤਰ੍ਹਾਂ ਵਾਜਬ ਸੀ ਕਿਉਂਕਿ ਜਨਰਲ ਕਮਰ ਜਾਵੇਦ ਬਾਜਵਾ ਨਵਜੋਤ ਸਿੰਘ ਸਿੱਧੂ ਨੂੰ ਮੁਖ਼ਾਤਿਬ ਹੋ ਕੇ ਹੀ ਇਸ 'ਟੁੰਬਣਸ਼ੀਲ' ਸ਼ੁਭ ਖ਼ਬਰ ਨੂੰ ਸੰਚਾਰਿਤ ਕਰ ਰਹੇ ਸਨ, ਇਸ ਲਈ ਨਵਜੋਤ ਸਿੰਘ ਸਿੱਧੂ ਦਾ ਇਕ ਸਿੱਖ ਹੋਣ ਦੇ ਨਾਤੇ ਉਸ ਮੌਕੇ ਭਾਵੁਕ ਹੋ ਜਾਣਾ ਕੁਦਰਤੀ ਵਰਤਾਰਾ ਸੀ।

ਬਦਕਿਸਮਤੀ ਨਾਲ ਭਾਰਤੀ ਮੀਡੀਆ ਅਤੇ ਰਾਜਨੀਤਕ ਸੰਕੀਰਨਤਾ ਨੇ ਇਸ 'ਸ਼ੁਭ ਖ਼ਬਰ' ਨੂੰ ਸਹੀ ਪਰਿਪੇਖ ਵਿਚ ਲੈਣ ਦੀ ਬਜਾਏ ਇਕ ਇਨਕਾਰੀ ਅਸਵੀਕ੍ਰਿਤੀ ਦੇ ਰੂਪ ਵਿਚ 'ਸ਼ੁਭ ਖ਼ਬਰ' ਦੇ ਰੂਹਾਨੀ ਪੱਖ ਨੂੰ ਨਜ਼ਰਅੰਦਾਜ਼ ਕਰਕੇ ਸਿਰਫ਼ 'ਗਲਵੱਕੜੀ' ਨੂੰ ਹੀ ਇਕ ਘ੍ਰਿਣਾਯੋਗ ਕੇਂਦਰ ਬਿੰਦੂ ਬਣਾ ਕੇ ਇਸ ਸਾਰੇ ਮੰਜ਼ਰ ਨੂੰ ਸੰਕੀਰਨਤਾ ਦਾ ਗ੍ਰਹਿਣ ਲਾ ਕੇ ਬਦਰੰਗ ਕਰਨ ਦਾ ਉਪਰਾਲਾ ਕੀਤਾ।

ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਪ੍ਰਕਾਸ਼ ਪੁਰਬ ਹੁਣ ਨੇੜੇ ਆ ਰਿਹਾ ਹੈ। ਇਸ ਪੁਰਬ ਦੀ ਆਭਾ ਤੇ ਮਰਿਆਦਾ ਦੇ ਮੱਦੇਨਜ਼ਰ ਕੁਝ ਜ਼ਰੂਰੀ ਨੁਕਤੇ ਇਸ ਨਿਬੰਧ ਰਾਹੀਂ ਦੋਵਾਂ ਰਾਸ਼ਟਰਾਂ, ਭਾਵ ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਦੇ ਦ੍ਰਿਸ਼ਟੀਗੋਚਰ ਕਰਨਾ ਜ਼ਰੂਰੀ ਸਮਝਦਾ ਹਾਂ। ਸਿੱਖ ਸੰਗਤ ਦੀ ਗਿਣਤੀ ਅੱਜ ਢਾਈ ਕਰੋੜ ਦੇ ਕਰੀਬ ਬਣਦੀ ਹੈ ਜਦ ਕਿ ਗੁਰੂ ਨਾਨਕ ਨਾਮ ਲੇਵਾ ਸੰਗਤ ਦੀ ਕੁੱਲ ਸੰਸਾਰ ਵਿਚ ਗਿਣਤੀ ਦਸ ਕਰੋੜ ਦੇ ਲਗਪਗ ਹੈ। ਕੁੱਲ ਸੰਸਾਰ ਵਿਚ ਵੱਸਦੇ ਗੁਰੂ ਨਾਨਕ ਸਾਹਿਬ ਜੀ ਦੇ ਨਾਮ ਲੇਵਾ ਦੋਵਾਂ ਸਰਕਾਰਾਂ ਦੇ ਸ਼ੁਕਰਗੁਜ਼ਾਰ ਹਨ ਕਿ ਰੋਜ਼ਾਨਾ ਪਸਰ ਰਹੀਆਂ ਕੁੜੱਤਣਾਂ ਅਤੇ ਬਾਹਮੀ ਅਵਾਜ਼ਾਰੀਆਂ ਦੇ ਬਾਵਜੂਦ ਸ੍ਰੀ ਕਰਤਾਰਪੁਰ ਸਾਹਿਬ ਦੇ ਲਾਂਘੇ ਨੂੰ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਅਵਸਰ 'ਤੇ ਖੋਲ੍ਹਣ ਦੀ ਆਪਸੀ ਰਜ਼ਾਮੰਦੀ ਤੇ ਕੁਝ ਦੁਸ਼ਵਾਰੀਆਂ ਦੇ ਬਾਵਜੂਦ ਦੋਵੇਂ ਧਿਰਾਂ ਪਹਿਰਾ ਦੇ ਰਹੀਆਂ ਹਨ ਤੇ ਹੁਣ ਇਸ ਉਮੀਦ ਦੇ ਬਰ ਆਵਣ ਦਾ ਵੇਲਾ ਹੈ ਕਿ ਗੁਰੂ ਨਾਨਕ ਦੇ ਘਰ ਦਾ ਬੂਹਾ ਸਿੱਖ-ਸੰਗਤਾਂ ਦੇ ਦਰਸ਼ਨ ਦੀਦਾਰਿਆਂ ਲਈ ਹਰ ਸੂਰਤ ਵਿਚ ਖੁੱਲ੍ਹ ਹੀ ਜਾਵੇਗਾ। ਸਿੱਖ ਕੌਮ ਇਹ ਵੀ ਚਾਹੁੰਦੀ ਹੈ ਕਿ ਕਰਤਾਰਪੁਰ ਸਾਹਿਬ ਦੇ ਕਰਤਾਰੀ ਲਾਂਘੇ ਨੂੰ ਹਕੂਮਤੀ ਪੇਚੀਦਗੀਆਂ ਦੀ ਪੁੱਠ ਚੜ੍ਹਾ ਕੇ ਇਕ ਹੋਰ 'ਵਾਹਗਾ' ਸਰਹੱਦ ਨਾ ਬਣਾਇਆ ਜਾਵੇ।

ਗੁਰੂ ਨਾਨਕ ਸਾਹਿਬ ਦੇ ਸਿੱਖਾਂ ਦੀਆਂ ਦੇਸ਼ ਦੇ ਖ਼ੂਨੀ ਬਟਵਾਰੇ ਤੋਂ ਬਾਅਦ, ਸਿੱਖ ਪੰਥ ਤੋਂ ਵਿਛੋੜੇ ਗਏ ਪਵਿੱਤਰ ਗੁਰਧਾਮਾਂ ਦੇ ਖੁੱਲ੍ਹੇ ਦਰਸ਼ਨ ਦੀਦਾਰਿਆਂ ਦੀ ਸਿਕ ਨੂੰ ਲੈ ਕੇ ਸ਼ੁਰੂ ਹੋਈਆਂ ਜੋਦੜੀਆਂ ਤੇ ਅਰਦਾਸਾਂ ਦੇ ਮਨਜ਼ੂਰ ਥੀਵਣ ਦਾ ਵਕਤ ਆ ਗਿਆ ਹੈ। ਅਤੀਤ ਦੇ ਪਰਛਾਵੇਂ ਸਿੱਖ ਸੰਗਤਾਂ ਦੇ ਮਨਾਂ ਵਿਚ ਇਕ ਸਹਿਮ ਜਿਹਾ ਪੈਦਾ ਕਰ ਰਹੇ ਹਨ ਕਿ ਕਿਤੇ ਕੁਝ ਅਜਿਹਾ ਨਾ ਵਾਪਰ ਜਾਵੇ ਕਿ ਕਰਤਾਰਪੁਰ ਸਾਹਿਬ ਨੂੰ ਜਾਂਦਾ ਇਹ ਲਾਂਘਾ ਇਕ ਹੋਰ ਵਾਹਗਾ ਸਰਹੱਦ ਬਣ ਜਾਵੇ। ਡਰ ਲੱਗ ਰਿਹਾ ਹੈ ਕਿ ਕਿਤੇ ਗੁਰੂ ਨਾਨਕ ਦੇ ਗਿਰਾਂ ਦੇ ਪੁਰਨੂਰ ਸਵੇਰਿਆਂ ਤੇ ਪੁਰਸਕੂਨ ਤ੍ਰਿਕਾਲਾਂ ਵਿਚ ਭਾਰਤ ਦੀ ਬੀਐੱਸਐੱਫ ਅਤੇ ਪਾਕਿਸਤਾਨ ਦੇ ਰੇਂਜਰਾਂ ਦੇ ਬੂਟਾਂ ਦੀ ਧਮਕ ਵਿਘਨ ਨਾ ਪਾਵੇ। ਇਹੋ ਇਲਤਿਜਾ ਹੈ ਕਿ ਲਗਪਗ ਪੌਣੀ ਸਦੀ ਤੋਂ ਗੁਰੂ ਬਾਬੇ ਦੇ ਘਰ ਦੀ ਦੀਦ ਲਈ ਦੁਆਵਾਂ ਮੰਗਦੀਆਂ ਸਿੱਖ ਸੰਗਤਾਂ ਦੇ ਸਾਹਮਣੇ ਕਿਸੇ ਵੀ ਤਰ੍ਹਾਂ ਦੀਆਂ ਅਦਾਵਤਾਂ ਦੀ ਪ੍ਰਦਰਸ਼ਨੀ ਨਾ ਹੋਵੇ। ਇਸ ਅਦੁੱਤੀ ਤੀਰਥ ਯਾਤਰਾ ਲਈ ਇਕ ਖ਼ਾਸ ਕਿਸਮ ਦੇ ਧੀਰਜਮਈ ਮਾਹੌਲ ਨੂੰ ਸਿਰਜਣ ਦੀ ਲੋੜ ਹੈ। ਮੈਨੂੰ ਸਮਝ ਨਹੀਂ ਆ ਰਿਹਾ ਕਿ ਪਾਕਿਸਤਾਨ ਅਤੇ ਭਾਰਤ ਦੇ ਹੁਕਮਰਾਨਾਂ ਨੂੰ ਇਹ ਗੱਲ ਕਿੰਜ ਆਖੀ ਜਾਵੇ ਜਾਂ ਸਮਝਾਈ ਜਾਵੇ ਕਿ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਲਈ ਕਰਤਾਰਪੁਰ ਸਾਹਿਬ ਦੇ ਦਰਸ਼ਨ ਦੀਦਾਰ, ਉਨ੍ਹਾਂ ਦੇ ਜੀਵਨ ਦੇ ਬੇਹੱਦ ਵਿਲੱਖਣ ਪਲ ਹੋਣਗੇ ਜਦੋਂ ਉਹ ਗੁਰੂ ਨਾਨਕ ਸਾਹਿਬ ਦੀ ਅਸਰੀਰੀ ਅਜ਼ਮਤ ਦੇ ਸਨਮੁੱਖ ਹੋ ਕੇ ਇਕ 'ਰੂਹਾਨੀ ਸੰਵਾਦ' ਵਿਚ ਗਵਾਚੇ ਹੋਣਗੇ। ਇਹ ਪਲ ਹਰ ਗੁਰੂ ਨਾਨਕ ਨਾਮ ਲੇਵਾ ਦੀ ਹਯਾਤੀ ਦਾ ਇਕ ਅਹਿਮ-ਤਰੀਨ ਮੌਕਾ ਹੋਵੇਗਾ। ਜ਼ਿਕਰਯੋਗ ਹੈ ਕਿ ਜਦੋਂ ਕਰਤਾਰਪੁਰ ਸਾਹਿਬ ਸਾਡੇ ਲਈ ਇਕ ਰੂਹਾਨੀ ਖਿੱਚ ਦਾ ਮਰਕਜ਼ ਹੈ ਤਾਂ ਉਸ ਦੇ ਦਰਸ਼ਨ ਦੀਦਾਰਿਆਂ ਵੱਲ ਜਾਂਦੀ ਰੂਹਾਨੀ ਪਗਡੰਡੀ ਹਰ ਕਿਸਮ ਦੇ ਤਣਾਅ ਤੇ ਆਪਸੀ ਖਿੱਚੋਤਾਣ ਤੋਂ ਮੁਕਤ ਹੋਣੀ ਚਾਹੀਦੀ ਹੈ ਅਤੇ ਕਿੰਨਾ ਚੰਗਾ ਹੋਵੇ ਜੇ ਸਾਰਾ ਆਲਮ (ਦੋਵੇਂ ਪਾਸੇ) ਰੂਹਾਨੀ ਆਵੇਸ਼ ਵਿਚ ਓਤ-ਪੋਤ ਨਜ਼ਰ ਆਵੇ ਅਤੇ ਪੱਤੇ-ਪੱਤੇ ਵਿਚੋਂ ਗੁਰੂ ਨਾਨਕ ਸਾਹਿਬ ਦੀ ਮਿੱਠੀ ਬਾਣੀ ਤੇ 'ਸ਼ਬਦ ਗੂੰਜ' ਦੀਆਂ ਮਧੁਰ ਧੁਨਾਂ ਦੀ ਸ਼ੀਰਨੀ ਸਾਡੀਆਂ ਰੂਹਾਂ ਨੂੰ ਸਰਸ਼ਾਰ ਕਰੇ। ਲਿਹਾਜ਼ਾ ਸਾਰੀਆਂ ਰਾਜਨੀਤਕ ਧਿਰਾਂ ਨੂੰ ਪੁਰਜ਼ੋਰ ਗੁਜ਼ਾਰਿਸ਼ ਹੈ ਕਿ ਇਸ ਮਹਾਨ ਪਵਿੱਤਰ ਮੌਕੇ 'ਤੇ ਆਪੋ-ਆਪਣੇ ਰਾਜਨੀਤਕ ਮੰਚ ਲਾ ਕੇ ਆਪਣੀ ਨਿੱਜੀ ਭੱਲ ਬਣਾਉਣ ਲਈ ਤੇ ਰਾਜਨੀਤਕ ਲਾਹੇ ਲੈਣ ਦੇ ਮਨਸ਼ਿਆਂ ਨਾਲ ਵਿਅੰਗਮਈ ਭਾਸ਼ਨਬਾਜ਼ੀ ਕਰਕੇ ਇਸ ਪਵਿੱਤਰ ਪੁਰਬ ਦੀ ਰੂਹਾਨੀਅਤ ਨੂੰ ਕਿਸੇ ਵੀ ਤਰ੍ਹਾਂ ਬੇਨੂਰ ਨਾ ਕੀਤਾ ਜਾਵੇ।

ਅਖ਼ਬਾਰਾਂ ਵਿਚ ਖ਼ਬਰਾਂ ਹਨ ਕਿ ਭਾਰਤ ਸਰਕਾਰ ਵੱਲੋਂ ਭਾਰਤ ਵਾਲੇ ਪਾਸੇ ਇਸ ਲਾਂਘੇ ਉੱਪਰ 300 ਫੁੱਟ ਦੀ ਉਚਾਈ ਵਾਲੀ ਇਕ ਫਲੈਗ-ਪੋਸਟ ਦਾ ਨਿਰਮਾਣ ਕੀਤਾ ਜਾ ਰਿਹਾ ਹੈ ਜਿਸ ਦੇ ਸਿਖ਼ਰ 'ਤੇ ਭਾਰਤ ਦਾ ਕੌਮੀ ਝੰਡਾ ਤਿਰੰਗਾ ਲਹਿਰਾਏਗਾ। ਹੁਣ ਇਹ ਵੀ ਖ਼ਬਰ ਆਈ ਹੈ ਕਿ ਪਾਕਿਸਤਾਨ ਵੱਲੋਂ ਵੀ ਭਾਰਤ ਦੀ ਤਰਜ਼ 'ਤੇ ਆਪਣੇ ਇਲਾਕੇ ਵਿਚ ਕਿਸੇ ਅਜਿਹੀ ਫਲੈਗ-ਪੋਸਟ ਦਾ ਨਿਰਮਾਣ ਕੀਤਾ ਜਾ ਰਿਹਾ ਹੈ ਜਿੱਥੇ ਪਾਕਿਸਤਾਨ ਦਾ ਕੌਮੀ ਝੰਡਾ ਲਹਿਰਾਇਆ ਜਾਵੇਗਾ। ਇਸ ਤਰ੍ਹਾਂ ਦੇ ਰਾਸ਼ਟਰਵਾਦੀ ਰੁਝਾਨ ਰੂਹਾਨੀ ਸਥਾਨਾਂ 'ਤੇ ਸ਼ੋਭਦੇ ਨਹੀਂ। ਜੇ ਅਜਿਹਾ ਕੁਝ ਹੁੰਦਾ ਹੈ ਤਾਂ ਦੋਵੇਂ ਤਰਫ਼ ਹਰ ਰੋਜ਼ ਸਵੇਰੇ ਝੰਡੇ ਦੇ ਚੜ੍ਹਾਣ ਅਤੇ ਹਰ ਸ਼ਾਮ ਨੂੰ ਉਤਾਰਨ ਦੀ ਰਸਮ ਤਾਂ ਫੇਰ ਲਾਜ਼ਮੀ ਹੀ ਹੋਵੇਗੀ। ਫੇਰ ਤਾਂ ਅਟਾਰੀ ਵਾਹਗਾ ਬਾਰਡਰ ਵਾਂਗ ਹੀ ਰੋਜ਼ਾਨਾ ਸ਼ਾਮ ਨੂੰ ਨਾਟਕੀ ਢੰਗ ਨਾਲ ਆਪੋ-ਆਪਣੇ ਗਰਬ ਗੁਮਾਨ ਦੀ ਨੁਮਾਇਸ਼ ਕਰਤਾਰਪੁਰ ਲਾਂਘੇ ਦੇ ਦੋਵੇਂ ਪਾਸੇ ਹੋਵੇਗੀ। ਭਾਰਤ ਦੀ ਬੀਐੱਸਐੱਫ ਅਤੇ ਪਾਕਿਸਤਾਨ ਦੇ ਰੇਂਜਰਾਂ ਦੇ ਬੂਟਾਂ ਦੇ ਖੜਾਕ, ਬਿਗਲਰਾਂ ਦੇ ਬਿਗਲ ਤੇ ਦੁਪਾਸੀ ਵੱਜਦੇ ਦਮਾਮਿਆਂ ਦੇ ਖੜਕਿਆਂ-ਦੜਕਿਆਂ ਨਾਲ ਤਾਂ ਡੇਰਾ ਬਾਬਾ ਨਾਨਕ ਤੇ ਕਰਤਾਰਪੁਰ ਸਾਹਿਬ ਦੀਆਂ ਪੁਰਨੂਰ ਫਿਜ਼ਾਵਾਂ ਵਿਚ ਖਲਲ ਪਵੇਗਾ। ਇਸ ਰੌਲੇ-ਰੱਪੇ ਦੀ ਥਾਂ ਉੱਥੇ ਗੁਰੂ ਨਾਨਕ ਦੇਵ ਜੀ ਦਾ ਸਰਬੱਤ ਦੇ ਭਲੇ ਲਈ ਦਿੱਤਾ ਗਿਆ ਸਰਬਵਿਆਪਕ ਉਪਦੇਸ਼ ਗੂੰਜਣਾ ਚਾਹੀਦਾ ਹੈ। ਅਜਿਹੇ ਵਰਤਾਰੇ ਪ੍ਰਕਾਸ਼ ਪੁਰਬ ਦੀ ਆਭਾ ਨੂੰ ਘਟਾਉਣ ਵਾਲੇ ਹੋਣਗੇ। ਦੋਵਾਂ ਹੀ ਰਾਸ਼ਟਰਾਂ ਨੂੰ ਇਸ ਸੱਚ ਦੀ ਹਕੀਕਤ ਨੂੰ ਸਮਝਣ ਦੀ ਲੋੜ ਹੈ ਕਿ ਸਿੱਖ ਸੰਗਤਾਂ ਕਰਤਾਰ ਸਾਹਿਬ ਦੇ ਲਾਂਘੇ ਨੂੰ ਸਦੈਵ ਕਾਲ ਲਈ ਖੋਲ੍ਹਣ ਦੀਆਂ ਅਰਦਾਸਾਂ ਤਾਂ ਬਾਬੇ ਨਾਨਕ ਦੀ ਦਹਿਲੀਜ਼ 'ਤੇ ਸਿਰ ਝੁਕਾਉਣ ਲਈ ਕਰ ਰਹੀਆਂ ਸਨ ਨਾ ਕਿ ਇਸ ਸ਼ਰਧਾ ਵਿਚ ਗੜੁੱਚੇ ਇਸ ਸੱਚ-ਧਰਮ ਦੇ ਅਸਰੀਰੀ ਲਾਂਘੇ ਦੇ ਦੋਵੇਂ ਬੰਨੀ ਆਪਣੇ-ਆਪਣੇ ਝੰਡੇ ਝੁਲਾ ਕੇ ਆਪਣੀਆਂ- ਆਪਣੀਆਂ ਬਾਦਸ਼ਾਹਤਾਂ ਤੇ ਹਕੂਮਤਾਂ ਦੀ ਸਮਰੱਥਾ ਦੇ ਗ਼ਰੂਰ ਦੀ ਨੁਮਾਇਸ਼ ਕੀਤੀ ਜਾਵੇਗੀ। ਮੈਨੂੰ ਡਰ ਹੈ ਕਿ ਅਜਿਹੀ ਦੁਪਾਸੜ ਕਸ਼ਮਕਸ਼ ਕਿਸੇ ਦਿਨ ਆਸਥਾ ਅਤੇ ਵਿਸ਼ਵਾਸ ਦੇ ਕਰਤਾਰਪੁਰੀ ਲਾਂਘੇ ਨੂੰ ਕਿਸੇ ਅੰਤਰਰਾਸ਼ਟਰੀ ਖਿੱਚੋਤਾਣ ਦਾ ਖੇਤਰ ਨਾ ਬਣਾ ਦੇਵੇ। ਇਸ ਲਈ ਇਹ ਜ਼ਰੂਰੀ ਹੈ ਕਿ ਪਾਕਿਸਤਾਨ ਅਤੇ ਭਾਰਤ ਵੱਲੋਂ ਇਸ ਲਾਂਘੇ ਨੂੰ ਸ਼ਰਧਾਲੂਆਂ ਦੇ ਦਰਸ਼ਨਾਂ ਲਈ ਖੋਲ੍ਹਣ ਲਈ ਕੀਤੀਆਂ ਸ਼ਲਾਘਾਯੋਗ ਪਹਿਲ ਕਦਮੀਆਂ ਦੀ ਮਰਿਆਦਾ ਨੂੰ ਸਦਾ ਚੇਤੇ ਰੱਖਿਆ ਜਾਵੇ ਤੇ ਕੁਝ ਵੀ ਅਜਿਹਾ ਨਾ ਹੋਵੇ ਜੋ ਬਾਬੇ ਨਾਨਕ ਨੂੰ ਮਨਜ਼ੂਰ ਨਾ ਥੀਵੇ !

ਇਹ ਗੱਲ ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਨੂੰ ਸਮਝ ਲੈਣੀ ਚਾਹੀਦੀ ਹੈ ਕਿ ਮਹਿਜ਼ ਫਲੈਗ-ਪੋਸਟ ਦੀ ਬੁਲੰਦੀ ਕਦੇ ਵੀ ਕੌਮਾਂ ਦੇ ਬੁਲੰਦ ਇਖ਼ਲਾਕ ਦੀ ਤਰਜ਼ਮਾਨ ਨਹੀਂ ਹੁੰਦੀ। ਜੇ ਸਾਡੇ ਆਪਿਆਂ ਵਿਚੋਂ ਨੈਤਿਕਤਾ ਦਾ ਸਹਿਜ, ਜ਼ਿੰਦਗੀ ਦਾ ਪੁਰਖਲੂਸ ਅਦਬ ਅਤੇ ਇਨਸਾਨੀ ਰਿਸ਼ਤਿਆਂ ਦੇ ਸਲੀਕਿਆਂ ਵਿਚੋਂ ਦਾਨਾਈ ਮਨਫ਼ੀ ਹੋ ਜਾਵੇ ਤਾਂ ਫੇਰ ਕੌਮੀ ਪਰਚਮ ਦੀ ਬੁਲੰਦੀ ਭਾਵੇਂ ਕਿਸੇ ਵੀ ਉਚਾਈ ਦੀ ਹੋਵੇ ਸਭ ਵਿਅਰਥ ਤੇ ਬੇਮਾਅਨਾ ਹੋ ਕੇ ਰਹਿ ਜਾਂਦੀ ਹੈ। ਅਜਿਹੇ ਘਟਨਾਕ੍ਰਮ ਤੇ ਮਨਫ਼ੀ ਸਰੋਕਾਰ ਸਾਰੇ ਸੁਹਿਰਦ ਯਤਨਾਂ 'ਤੇ ਪਾਣੀ ਫੇਰ ਦੇਣ ਦੀ ਕੈਫ਼ੀਅਤ ਰੱਖਦੇ ਹਨ ਜਿਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਦੇ ਸਮੁੱਚੇ ਰੂਹਾਨੀ ਤਸੱਵਰ ਦੀ ਲੋਅ ਵਿਚ ਸਮਝਣ ਅਤੇ ਦੀਰਘ ਦੀਨਤਾ ਨਾਲ ਵਿਚਾਰ ਕੇ ਹਕੂਮਤਾਂ ਦੇ ਬਾਦਸ਼ਾਹੀ ਅਡੰਬਰਾਂ ਤੋਂ ਮੁਕਤ ਰੱਖਣ ਦੀ ਲੋੜ ਹੈ।



# ਚੰਦ ਉੱਤੇ ਚੜ੍ਹਾਈ, ਭੁੱਖ ਨਾਲ ਲੜਾਈ



**ਗੁਰਮੀਤ ਪਲਾਹੀ**

ਗਲੋਬਲ ਹੰਗਰ ਇੰਡੈਕਸ ਵਿੱਚ ਕੁਲ 117 ਦੇਸ਼ਾਂ ਦੀ ਸੂਚੀ ਵਿੱਚ ਭਾਰਤ ਦਾ 102 ਵਾਂ ਸਥਾਨ ਹੈ। ਭਾਰਤ ਦੀ ਰੈਂਕਿੰਗ ਭੁੱਖਮਰੀ ਦੇ ਮਾਮਲੇ ਵਿੱਚ ਗੁਆਂਢੀ ਮੁਲਕਾਂ ਬੰਗਲਾਦੇਸ਼, ਨੇਪਾਲ ਅਤੇ ਪਾਕਿਸਤਾਨ ਤੋਂ ਵੀ ਬਦਤਰ ਹੈ। ਚੀਨ ਦਾ ਸਥਾਨ ਭੁੱਖਮਰੀ ਦੇ ਮਾਮਲੇ ਉੱਤੇ 25 ਵਾਂ ਅਤੇ ਪਾਕਿਸਤਾਨ ਦਾ ਸਥਾਨ 94ਵੇਂ ਨੰਬਰ ਉੱਤੇ ਹੈ। ਸਪਸ਼ਟ ਵਿਖਾਈ ਦੇ ਰਿਹਾ ਹੈ ਕਿ ਭਾਰਤ ਚੰਦ ਉੱਤੇ ਚੜ੍ਹਾਈ ਕਰਕੇ ਵਿਸ਼ਵ ਪੱਧਰ ਉੱਤੇ ਨਾਮਣਾ ਖੱਟਣ ਦੇ ਚੱਕਰ ਵਿੱਚ ਹੈ, ਜਦਕਿ ਭੁੱਖਮਰੀ ਨੂੰ ਕਾਬੂ ਕਰਨ ਵਿੱਚ ਨਿੱਤ ਪੱਛੜਦਾ ਜਾ ਰਿਹਾ ਹੈ।

ਸਾਲ 2018 ਵਿੱਚ ਭਾਰਤ ਦਾ ਸਥਾਨ 119 ਦੇਸ਼ਾਂ ਵਿੱਚ 103ਵੇਂ ਸਥਾਨ ਉੱਤੇ ਸੀ ਜਦਕਿ 2000 ਵਿੱਚ 113 ਦੇਸ਼ਾਂ ਵਿੱਚੋਂ ਇਹ ਨੰਬਰ 83ਵੇਂ ਥਾਂ 'ਤੇ ਸੀ। ਗਲੋਬਲ ਹੰਗਰ ਇੰਡੈਕਸ ਕਿਸੇ ਵੀ ਦੇਸ਼ ਵਿੱਚ ਕੁਪੋਸ਼ਣ ਬੱਚਿਆਂ ਦੇ ਅਨੁਪਾਤ, ਪੰਜ ਸਾਲ ਤੋਂ ਘੱਟ ਉਮਰ ਵਾਲੇ ਬੱਚੇ, ਜਿਨ੍ਹਾਂ ਦਾ ਭਾਰ ਜਾਂ ਲੰਬਾਈ ਉਮਰ ਦੇ ਹਿਸਾਬ ਨਾਲ ਘੱਟ ਹੈ ਅਤੇ ਪੰਜ ਸਾਲ ਤੋਂ ਘੱਟ ਉਮਰ ਵਾਲੇ ਬੱਚਿਆਂ ਵਿੱਚ ਮਰਨ ਦਰ ਦੇ ਅਧਾਰ ਉੱਤੇ ਤਿਆਰ ਕੀਤੀ ਜਾਂਦੀ ਹੈ। ਰਿਪੋਰਟ ਅਨੁਸਾਰ ਭਾਰਤ ਵਿੱਚ ਕੁਪੋਸ਼ਣ ਦੀ ਸਥਿਤੀ ਕਾਫੀ ਮਾੜੀ ਹੈ। ਕੀ ਭੁੱਖਮਰੀ ਦੀ ਇਹ ਸਥਿਤੀ ਆਰਥਿਕ ਮਹਾਂਸ਼ਕਤੀ ਅਤੇ ਪੰਜਾਹ ਖਰਬ ਦੀ ਅਰਥ ਵਿਵਸਥਾ ਬਣਨ ਦਾ ਦਾਅਵਾ ਕਰਨ ਵਾਲੇ ਦੇਸ਼ ਦੇ ਲਈ ਬੇਹੱਦ ਸ਼ਰਮਨਾਕ ਨਹੀਂ ਹੈ, ਜਿੱਥੇ 90 ਫ਼ੀਸਦੀ ਤੋਂ ਵੱਧ ਬੱਚਿਆਂ ਨੂੰ ਘੱਟ ਤੋਂ ਘੱਟ ਭੋਜਨ ਵੀ ਨਹੀਂ ਮਿਲਦਾ।

ਵਿਸ਼ਵ ਬੈਂਕ ਦੀ ਰਿਪੋਰਟ ਮੁਤਾਬਕ ਭਾਰਤ ਵਿੱਚ ਅੱਜ ਵੀ 22 ਫ਼ੀਸਦੀ ਲੋਕ ਗਰੀਬੀ ਰੇਖਾ ਤੋਂ ਹੇਠਾਂ ਹਨ ਭਾਵੇਂ ਕਿ ਸਰਕਾਰਾਂ ਇਹ ਦਾਅਵਾ ਕਰਦੀਆਂ ਹਨ ਕਿ ਦੇਸ਼ ਦੀ ਵੱਡੀ ਆਬਾਦੀ ਨੂੰ ਇੱਕ ਰੁਪਏ ਕਿਲੋ ਕਣਕ, ਚਾਵਲ, ਮੁਹੱਈਆ ਕੀਤੇ ਜਾਂਦੇ ਹਨ। ਆਯੁਸ਼ਮਾਨ ਯੋਜਨਾ ਤਹਿਤ ਉਨ੍ਹਾਂ ਨੂੰ 5 ਲੱਖ ਰੁਪਏ ਦਾ ਖ਼ਰਚਾ ਇਲਾਜ ਲਈ ਦਿੱਤਾ ਜਾਂਦਾ ਹੈ। ਬਜ਼ੁਰਗਾਂ, ਵਿਧਵਾ ਔਰਤਾਂ, ਆਸ਼ਰਿਤ ਬੱਚਿਆਂ ਨੂੰ ਵੀ ਪੈਨਸ਼ਨ ਦਿੱਤੀ ਜਾਂਦੀ ਹੈ। ਗਰਭਵਤੀਆਂ ਨੂੰ ਸਹੂਲਤਾਂ ਮਿਲਦੀਆਂ ਹਨ। ਸਕੂਲ ਪੜ੍ਹਦੇ ਬੱਚਿਆਂ ਨੂੰ ਇੱਕ ਡੰਗ ਦਾ ਭੋਜਨ ਮੁਹੱਈਆ ਕੀਤਾ ਜਾਂਦਾ ਹੈ। ਪਰ ਇਸ ਸਭ ਕੁਝ ਦੇ ਬਾਵਜੂਦ ਦੇਸ਼ ਦਾ ਸਧਾਰਨ ਆਦਮੀ ਹੋਰ ਗਰੀਬ ਹੋ ਰਿਹਾ ਹੈ, ਭਾਵੇਂ ਕਿ ਕਿਹਾ ਜਾ ਰਿਹਾ ਹੈ ਕਿ ਭਾਰਤ ਸਮੇਤ ਦੁਨੀਆ ਦੇ ਹੋਰ ਦੇਸ਼ ਗਰੀਬੀ ਤੋਂ ਮੁਕਤੀ ਦੀ ਦਿਸ਼ਾ ਵਿੱਚ ਪੁਲਾਂਘਾਂ ਪੁੱਟ ਰਹੇ ਹਨ। ਸਾਲ 2015 ਦੀ ਵਿਸ਼ਵ ਬੈਂਕ ਰਿਪੋਰਟ ਇਹ ਦੱਸਦੀ ਹੈ ਕਿ ਹੁਣ ਵੀ ਦੁਨੀਆ ਵਿੱਚ 70 ਕਰੋੜ ਲੋਕ ਅਤਿ ਦੇ ਗਰੀਬ ਹਨ, ਜਿਸ ਵਿੱਚ ਵੱਡੀ ਗਿਣਤੀ ਗਰੀਬ ਲੋਕ ਮਹਾਨ ਭਾਰਤ ਦੀ ਧਰਤੀ ਦੇ ਵਸਨੀਕ ਹਨ। ਭਾਰਤ, ਜਿਹੜਾ ਆਪਣੇ ਨਾਗਰਿਕਾਂ ਦੀ ਸਿੱਖਿਆ, ਸਿਹਤ, ਰੁਜ਼ਗਾਰ ਪ੍ਰਤੀ ਚਿੰਤਾ ਛੱਡ ਕੇ ਕਥਿਤ ਆਰਥਿਕ ਵਿਕਾਸ ਦਾ ਰਸਤਾ ਚੁਣਕੇ, ਵਿਸ਼ਵ ਵਿੱਚ ਆਪਣੀ ਧੌਂਸ ਬਣਾਉਣ ਤੁਰਿਆ ਹੋਇਆ ਹੈ।

ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀਆਂ ਵਿਸ਼ਵ ਫੇਰੀਆਂ ਅਤੇ ਉਨ੍ਹਾਂ ਵਿਸ਼ਵ ਫੇਰੀਆਂ ਵਿੱਚ ਭਾਰਤ ਨੂੰ ਵਿਸ਼ਵ ਦੀ ਵੱਡੀ ਅਤੇ ਤਰੱਕੀ ਕਰ ਰਹੀ ਆਰਥਿਕਤਾ ਵਿਖਾਉਣਾ ਆਮ ਜਿਹੀ ਗੱਲ ਹੋ ਗਈ ਹੈ।ਪਰ ਦੇਸ਼ ਦੇ ਸਾਬਕਾ ਪ੍ਰਧਾਨ ਮੰਤਰੀ ਅਤੇ ਵਿਸ਼ਵ ਪ੍ਰਸਿੱਧੀ ਪ੍ਰਾਪਤ ਅਰਥ ਸ਼ਾਸਤਰੀ ਡਾ. ਮਨਮੋਹਨ ਸਿੰਘ ਨੇ ਕਿਹਾ ਕਿ ਭਾਰਤ ਦੀ ਆਰਥਿਕਤਾ ਵਿਗੜ ਰਹੀ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਭਾਰਤ ਨੂੰ ਗੰਭੀਰ ਆਰਥਿਕ ਸੰਕਟ ਦਾ ਸਾਹਮਣਾ ਕਰਨਾ ਪਏਗਾ। ਸਿੱਟੇ ਵਜੋਂ ਮਹਿੰਗਾਈ ਵਧੇਗੀ ਅਤੇ ਦੇਸ਼ ਵਿੱਚ ਗਰੀਬੀ ਦਾ ਹੋਰ ਵੀ ਪਸਾਰਾ ਹੋਏਗਾ। ਇਸ ਸਾਲ ਦੇ ਨੋਬੇਲ ਇਨਾਮ ਦੇ ਜੇਤੂ ਭਾਰਤੀ ਮੂਲ ਦੇ ਅਮਰੀਕੀ ਅਰਥ ਸ਼ਾਸਤਰੀ ਅਭਿਜੀਤ ਬੈਨਰਜੀ ਨੇ ਕਿਹਾ ਹੈ ਕਿ ਭਾਰਤੀ ਅਰਥ ਵਿਵਸਥਾ ਛੇਤੀ ਪਟੜੀ ਉੱਤੇ ਆਉਂਦੀ ਦਿਖਾਈ ਨਹੀਂ ਦੇ ਰਹੀ। ਭਾਰਤੀ ਅਰਥ ਵਿਵਸਥਾ ਬੁਰੀ ਤਰ੍ਹਾਂ ਡਾਵਾਂਡੋਲ ਹੈ। ਨੇੜਲੇ ਭਵਿੱਖ ਵਿੱਚ ਇਸਦੇ ਪਟੜੀ ਉੱਤੇ ਆਉਣ ਦਾ ਯਕੀਨ ਨਹੀਂ ਬੱਝਦਾ।

ਸਵਾਲ ਪੈਦਾ ਹੁੰਦਾ ਹੈ ਕਿ ਜਦੋਂ ਦੇਸ਼ ਦੀ ਆਰਥਿਕਤਾ ਡਾਵਾਂਡੋਲ ਹੋਵੇ, ਲੋਕਾਂ ਦੇ ਬੈਂਕ ਵਿਵਸਥਾ ਦੇ ਵਿਸ਼ਵਾਸ ਨੂੰ ਖੋਰਾ ਲੱਗ ਰਿਹਾ ਹੋਵੇ, ਆਮ ਆਦਮੀ ਬੇਰੁਜ਼ਗਾਰੀ ਦੀ ਭੱਠੀ ਵਿੱਚ ਝੁਲਸ ਰਿਹਾ ਹੋਵੇ ਅਤੇ ਜਿੱਥੇ ਦੇਸ਼ ਵਿੱਚ ਹਰ ਵਰ੍ਹੇ ਇੱਕ ਕਰੋੜ ਲੋਕ ਬੇਰੁਜ਼ਗਾਰਾਂ ਦੀ ਕਤਾਰ ਵਿੱਚ ਲੱਗ ਰਹੇ ਹੋਣ, ਉੱਥੇ ਭੁੱਖਮਰੀ ਦਾ ਵਧਣਾ ਹੈਰਾਨੀਜਨਕ ਵਰਤਾਰਾ ਨਹੀਂ ਹੈ। ਦੇਸ਼ ਦੇ ਇੱਕ ਪਾਸੇ ਕਾਰਪੋਰੇਟ ਜਗਤ ਤਰੱਕੀ ਕਰ ਰਿਹਾ ਹੈ, ਵੱਡੇ-ਵੱਡੇ ਪ੍ਰਾਜੈਕਟਾਂ ਉੱਤੇ ਉਸਦੀ ਕਾਮਯਾਬੀ ਦੀ ਦਾਸਤਾਨ ਲਿਖੀ ਜਾ ਰਹੀ ਹੈ,ਵੱਡੇ ਧਨ ਕੁਬੇਰਾਂ ਦੇ ਬੈਂਕ ਕਰਜ਼ੇ ਮੁਆਫ਼ ਕੀਤੇ ਜਾ ਰਹੇ ਹਨ, ਪਰ ਆਮ ਆਦਮੀ ਦੇ ਜੀਵਨ-ਪੱਧਰ ਨੂੰ ਸੁਧਾਰਨ ਹਿਤ ਉਸਦੀ ਨਵੀਂ ਪਨੀਰੀ ਜੋ ਕੁਪੋਸ਼ਣ ਦਾ ਸ਼ਿਕਾਰ ਹੋ ਰਹੀ ਹੈ, ਉਸ ਵਾਸਤੇ ਕੋਈ ਵਿਸ਼ੇਸ਼ ਉੱਦਮ ਉਪਰਾਲੇ ਨਹੀਂ ਕੀਤੇ ਜਾ ਰਹੇ। ਦੇਸ਼ ਦੀ ਅਰਥ-ਵਿਵਸਥਾ ਜੇ ਵਿਗੜਦੀ ਹੈ, ਤਾਂ ਰੁਜ਼ਗਾਰ ਖੁਸਦਾ ਹੈ, ਮਹਿੰਗਾਈ ਵਧਦੀ ਹੈ, ਭੁੱਖਮਰੀ ਵਿੱਚ ਵਾਧਾ ਹੁੰਦਾ ਹੈ, ਵਿਕਾਸ ਦਰ ਘਟਦੀ ਹੈ।

ਇਸ ਸਮੇਂ ਭੈੜੀ ਅਰਥ ਵਿਵਸਥਾ ਅਤੇ ਵਿਕਾਸ ਦਰ ਦੀ ਕਮੀ ਕਾਰਨ ਹਰ ਸੈਕਟਰ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਖੇਤੀ ਸੰਕਟ ਬਰਕਰਾਰ ਹੈ। ਆਟੋਮੋਬਾਇਲ ਖੇਤਰ ਵਿੱਚ ਮੰਦੀ ਨੇ ਤਾਂ ਰਿਕਾਰਡ ਤੋੜ ਦਿੱਤੇ ਹਨ। ਮੈਨੂਫੈਕਚਰਿੰਗ ਖੇਤਰ ਤਾਂ ਪਹਿਲਾਂ ਹੀ ਦੁਬਕਿਆ ਹੋਇਆ ਹੈ। ਕੀ ਇਹੋ ਜਿਹੇ ਹਾਲਾਤ ਵਿੱਚ ਦੇਸ਼ ਦੀ 50 ਖਰਬ ਡਾਲਰ ਅਰਥ ਵਿਵਸਥਾ ਬਣਨ ਦੀ ਕੋਈ ਉਮੀਦ ਵਿਖਾਈ ਦਿੰਦੀ ਹੈ, ਜਿਸਦਾ ਟੀਚਾ ਮੌਜੂਦਾ ਸਰਕਾਰ ਵਲੋਂ 2024 ਤੱਕ ਮਿੱਥਿਆ ਹੈ ? ਜੇਕਰ ਅਰਥ ਵਿਵਸਥਾ ਦੀ ਵਿਕਾਸ ਦਰ 10 ਤੋਂ 12 ਫ਼ੀਸਦੀ ਹੋਏਗੀ ਤਾਂ ਹੀ ਇਹ ਟੀਚਾ ਪ੍ਰਾਪਤ ਹੋ ਸਕੇਗਾ। ਕੁਝ ਮਹੀਨੇ ਪਹਿਲਾਂ ਦੇਸ਼ ਦੀ ਅਰਥ ਵਿਵਸਥਾ ਦੀ ਵਿਕਾਸ ਦਰ 7.3 ਕਹੀ ਗਈ ਸੀ, ਜਦਕਿ ਅੰਤਰਰਾਸ਼ਟਰੀ ਮੁਦਰਾ ਕੋਸ਼ (ਆਈ.ਐੱਮ.ਐੱਫ਼.) ਨੇ ਦੇਸ਼ ਦੀ ਵਿਕਾਸ ਦਰ 6.1 ਫੀਸਦੀ ਮਿੱਥੀ ਹੈ।

ਗਰੀਬੀ ਉੱਤੇ ਵਿਸ਼ਵ ਪੱਧਰ ਉੱਤੇ ਵੱਡੀ ਖੋਜ ਹੋਈ ਹੈ। ਅਰਥ ਸ਼ਾਸਤਰੀਆਂ ਨੇ ਗਰੀਬੀ ਦੇ ਪੈਮਾਨੇ ਨੀਅਤ ਕੀਤੇ ਹਨ ਅਤੇ ਆਪਣੇ ਵਲੋਂ ਗਰੀਬੀ ਖ਼ਤਮ ਕਰਨ ਲਈ ਸੁਝਾਅ ਵੀ ਦਿੱਤੇ ਹਨ। ਬਿਨਾਂ ਸ਼ੱਕ ਗਰੀਬੀ ਉੱਤੇ ਖੋਜ ਕਰਨ ਵਾਲੇ ਲੋਕ ਆਪੂੰ ਗਰੀਬੀ ਖ਼ਤਮ ਕਰਨ ਲਈ ਕੁਝ ਨਹੀਂ ਕਰ ਸਕਦੇ ਪਰ ਉਹਨਾਂ ਵਲੋਂ ਦਿੱਤੀਆਂ ਸਲਾਹਾਂ ਅਤੇ ਗਰੀਬੀ ਖ਼ਤਮ ਕਰਨ ਦੇ ਤਰੀਕੇ ਹਾਕਮ ਧਿਰ ਨੂੰ ਮੰਨਣਯੋਗ ਹੋਣੇ ਚਾਹੀਦੇ ਹਨ। ਦੇਸ਼ ਭਾਰਤ ਦਾ ਨੀਤੀ ਆਯੋਗ ਅਤੇ ਪ੍ਰਧਾਨ ਮੰਤਰੀ ਹਾਊਸ ਦੇਸ਼ ਵਿੱਚ ਆਪਣੇ ਇਕਤਰਫਾ ਢੰਗ ਅਤੇ ਸੋਚ ਨਾਲ ਕੰਮ ਕਰ ਰਿਹਾ ਹੈ ਅਤੇ ਗਰੀਬੀ ਦੇ ਖ਼ਾਤਮੇ ਲਈ ਅਤੇ ਦੇਸ਼ ਦੇ ਵਿਕਾਸ ਲਈ ਨਿੱਤ ਨਵੀਆਂ ਯੋਜਨਾਵਾਂ ਉਲੀਕ ਰਿਹਾ ਹੈ, ਜੋ ਜ਼ਮੀਨੀ ਪੱਧਰ ਉੱਤੇ ਸਾਰਥਿਕ ਨਹੀਂ ਹੋ ਰਹੀਆਂ। ਨੀਤੀ ਆਯੋਗ ਦੇ ਲਈ ਨੋਬਲ ਪੁਰਸਕਾਰ ਵਿਜੇਤਾ ਅਭਿਜੀਤ ਬੈਨਰਜੀ ਦੇ ਸ਼ਬਦਾਂ ਨੂੰ ਸਮਝਣ ਵਾਲੀ ਗੱਲ ਹੈ ਕਿ ਗਰੀਬ ਦੇ ਗਰੀਬ ਬਣੇ ਰਹਿਣ ਦੇ ਕਾਰਨਾਂ ਵਿੱਚ ਵਖਰੇਵਾਂ ਹੈ। ਗਰੀਬ ਵਿਅਕਤੀ ਦਾ ਇੱਕ ਅਕਸ ਬਣਿਆ ਹੈ ਕਿ ਉਸਦੇ ਕੋਲ ਅਸਲ ਵਿੱਚ ਬਹੁਤ ਘੱਟ ਵਿਕਲਪ ਹਨ। ਕੁਝ ਲੋਕ ਨਿਸ਼ਚਿਤ ਰੂਪ ਵਿੱਚ ਕਠਿਨ ਮਿਹਨਤ ਕਰਦੇ ਹਨ, ਜਿੰਨੀ ਉਹ ਕਰ ਸਕਦੇ ਹਨ, ਪਰ ਉਹ ਆਪਣੀਆਂ ਬੁਨਿਆਦੀ ਲੋੜਾਂ ਨੂੰ ਪੂਰਿਆਂ ਨਹੀਂ ਕਰ ਸਕਦੇ। ਇਹੋ ਜਿਹੇ ਹਾਲਾਤ ਵਿੱਚ ਲੋਕ ਹਿਤੂ ਸਰਕਾਰਾਂ ਦਾ ਫ਼ਰਜ਼ ਹੁੰਦਾ ਹੈ ਕਿ ਉਹ ਉਹਨਾਂ ਲਈ ਲੋਕ-ਲੁਭਾਊ ਯੋਜਨਾਵਾਂ ਚਾਲੂ ਕਰੇ ਅਤੇ ਉਹਨਾਂ ਦੇ ਹਿਤ ਵਿੱਚ ਕੰਮ ਕਰੇ ਪਰ ਮੌਜੂਦਾ ਕੇਂਦਰ ਸਰਕਾਰ ਤਾਂ ਕਾਰਪੋਰੇਟ ਦਾ ਹੱਥਠੋਕਾ ਬਣਕੇ ਲੋਕਾਂ ਲਈ ਵੱਡੀਆਂ ਸਮੱਸਿਆਵਾਂ ਪੈਦਾ ਕਰ ਰਹੀ ਹੈ।

ਦੇਸ਼ ਦੇ ਬੁਨਿਆਦੀ ਢਾਂਚੇ ਵਿੱਚ ਸੁਧਾਰ ਹੋਣਾ ਜ਼ਰੂਰੀ ਹੈ। ਆਵਾਜਾਈ ਦੇ ਸਾਧਨ ਚੰਗੇਰੇ ਬਣਨ, ਇਹ ਵੀ ਜ਼ਰੂਰੀ ਹੈ। ਦੇਸ਼ ਦੇ ਵਿਗਿਆਨਕ ਨਵੀਆਂ ਖੋਜਾਂ ਕਰਨ ਅਤੇ ਦੁਨੀਆਂ ਨਾਲ ਹਰ ਖੇਤਰ ਵਿੱਚ ਸੰਪਰਕ ਰੱਖਿਆ ਜਾਏ, ਇਹ ਵੀ ਜ਼ਰੂਰੀ ਹੈ। ਪਰ ਸੁਰੱਖਿਆ ਦੇ ਨਾਮ ਉੱਤੇ ਲੋੜੋਂ ਵੱਧ ਧਨ ਖ਼ਰਚਿਆ ਜਾਏ ਅਤੇ ਦੇਸ਼ ਦੇ ਭਵਿੱਖ ਬੱਚਿਆਂ ਨੂੰ ਕੁਪੋਸ਼ਤ ਰੱਖਕੇ ਹੋਰ ਉੱਚੀ ਉਡਾਣ ਵਾਲੀਆਂ ਯੋਜਨਾਵਾਂ ਉਲੀਕੀਆਂ ਜਾਣ, ਇਹ ਦੇਸ਼ ਦੇ ਹਿਤੈਸ਼ੀ ਲੋਕ ਕਿਵੇਂ ਪ੍ਰਵਾਨ ਕਰ ਸਕਦੇ ਹਨ ? ਚੰਦਰਮਾ ਉੱਤੇ ਪੁੱਜਣਾ, ਖੋਜ ਕਰਨੀ, ਕਰੋੜਾਂ ਅਰਬਾਂ ਖਰਚਣੇ ਅਤੇ ਫਿਰ ਉਸਨੂੰ ਮਨੁੱਖੀ ਹਿਤਾਂ ਲਈ ਵਰਤਣਾ ਤਾਂ ਪ੍ਰਵਾਨ ਕਰਨਯੋਗ ਹੋ ਸਕਦਾ ਹੈ, ਪਰ ਦੇਸ਼ ਵਿੱਚ ਭੁੱਖਮਰੀ ਫੈਲੇ, ਬੱਚੇ ਕੁਪੋਸ਼ਿਤ ਹੋਣ, ਸਿੱਖਿਆ ਅਤੇ ਸਿਹਤ ਸਹੂਲਤਾਂ ਦੀ ਕਮੀ ਰਹੇ, ਇਹ ਦੇਸ਼ ਦਾ ਕੋਈ ਸੂਝਵਾਨ ਨਾਗਰਿਕ ਕਿਵੇਂ ਪ੍ਰਵਾਨ ਕਰ ਸਕਦਾ ਹੈ ?

# ਕੈਨੇਡਾ ਦੀ ਸਰਕਾਰ ਵਿੱਚ ਪੰਜਾਬੀਆਂ ਦਾ ਫਿਰ ਬੋਲਬਾਲਾ

**ਸਤਪਾਲ ਸਿੰਘ**

ਭੂਗੋਲਿਕ ਪੱਖੋਂ ਕੈਨੇਡਾ ਦੁਨੀਆ ਦਾ ਦੂਜਾ ਵੱਡਾ ਦੇਸ਼ ਹੈ ਪਰ ਆਬਾਦੀ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਕੁ ਜਿੰਨੀ ਹੈ, ਜਿਸ ਕਰਕੇ ਕੈਨੇਡਾ ਸਰਕਾਰ ਨੇ ਸਾਰੇ ਦੇਸ਼ਾਂ ਦੇ ਇਮੀਗ੍ਰਾਂਟਾਂ ਵਾਸਤੇ ਕੈਨੇਡਾ ਦੇ ਦਰਵਾਜ਼ੇ ਖੁੱਲ੍ਹੇ ਰੱਖੇ ਹਨ। ਬੀਤੇ ਸਾਲਾਂ ਦੌਰਾਨ ਸਾਰੇ ਵਿਸ਼ਵ ਵਿਚੋਂ ਲੋਕਾਂ ਨੇ ਕੈਨੇਡਾ ਨੂੰ ਅਪਣਾਇਆ, ਜਿਨ੍ਹਾਂ ਵਿਚ ਪੰਜਾਬ ਦੇ ਲੋਕਾਂ ਦੀ ਬਹੁਤ ਵੱਡੀ ਭੂਮਿਕਾ ਰਹੀ। ਪੰਜਾਬ ਦੇ ਲੋਕ ਉਥੇ ਜਾ ਕੇ ਸਿਰਫ ਵਰਕਰ ਅਤੇ ਵੋਟਰ ਹੀ ਨਹੀਂ ਬਣੇ, ਸਗੋਂ ਉੱਘੇ ਕਾਰੋਬਾਰੀ ਅਤੇ ਨਾਮਵਰ ਰਾਜਨੀਤਕ ਆਗੂਆਂ ਵਜੋਂ ਵੀ ਸਥਾਪਤ ਹੋਏ। ਬੀਤੇ ਚਾਰ ਸਾਲਾਂ ਦੌਰਾਨ ਤਾਂ ਧੜਾਧੜ ਵੀਜ਼ੇ ਮਿਲਣ ਸਦਕਾ ਕੈਨੇਡਾ ਦੇ ਹਵਾਈ ਅੱਡਿਆਂ 'ਤੇ ਅਕਸਰ ਜਲੰਧਰ ਅਤੇ ਬਠਿੰਡਾ ਦੇ ਬੱਸ ਅੱਡਿਆਂ ਵਰਗੇ ਦ੍ਰਿਸ਼ ਬਣੇ ਨਜ਼ਰ ਆਉਂਦੇ ਹਨ। ਅਜਿਹੇ ਵਿਚ ਪੰਜਾਬ ਵਿਚ ਰਹਿੰਦੇ ਲੋਕਾਂ ਦਾ ਕੈਨੇਡਾ ਨਾਲ ਖਾਸ ਮੋਹ ਵਾਲਾ ਰਿਸ਼ਤਾ ਕਾਇਮ ਹੋ ਚੁੱਕਾ ਹੈ, ਜਿਸ ਕਰਕੇ ਉਹ ਉਥੇ ਵਾਪਰਦੀਆਂ ਘਟਨਾਵਾਂ ਬਾਰੇ ਜਾਨਣ ਲਈ ਉਤਸੁਕ ਰਹਿੰਦੇ ਹਨ।

ਇਹੀ ਕਾਰਨ ਹੈ ਕਿ 21 ਅਕਤੂਬਰ, 2019 ਨੂੰ ਕੈਨੇਡਾ 'ਚ 43ਵੀਂ ਸੰਸਦ ਦੇ ਗਠਨ ਲਈ ਹੋਈ ਸੰਘੀ ਚੋਣ ਲਈ ਚਲਦੀ ਰਹੀ 40 ਦਿਨਾਂ ਪ੍ਰਚਾਰ ਮੁਹਿੰਮ ਵੱਲ ਪੰਜਾਬੀਆਂ ਦੀ ਨਜ਼ਰਾਂ ਲੱਗੀਆਂ ਰਹੀਆਂ ਸਨ। ਕਮਾਲ ਦੀ ਗੱਲ ਇਹ ਵੀ ਹੈ ਕਿ 21 ਅਕਤੂਬਰ ਨੂੰ ਹੀ ਪੰਜਾਬ ਵਿਚ ਚਾਰ ਵਿਧਾਨ ਸਭਾ ਹਲਕਿਆਂ ਵਿਚ ਜ਼ਿਮਨੀ ਚੋਣ ਲਈ ਵੀ ਵੋਟਾਂ ਪਈਆਂ ਹਨ ਪਰ ਪੰਜਾਬ ਦੇ ਲੋਕਾਂ ਦੀ ਕਿਤੇ ਵੱਧ ਦਿਲਚਸਪੀ ਕੈਨੇਡਾ ਵਿਚ ਹੋ ਰਹੀ ਚੋਣ ਵਿਚ ਬਣੀ ਹੋਈ ਸੀ। ਇਹ ਵੀ ਕਿ ਜਸਟਿਨ ਟਰੂਡੋ ਨੂੰ ਪੰਜਾਬੀਆਂ ਦਾ ਹਮਦਰਦ ਸਮਝ ਕੇ ਉਨ੍ਹਾਂ ਦੀ ਜਿੱਤ ਲਈ ਕਾਮਨਾਵਾਂ ਕੀਤੀਆਂ ਜਾਂਦੀਆਂ ਰਹੀਆਂ ਸਨ। ਪੰਜਾਬ ਤੋਂ ਇਸ ਬਾਰੇ ਕੈਨੇਡਾ ਤੱਕ ਫੋਨ, ਈਮੇਲਾਂ ਅਤੇ ਵੱਟਸਐਪ ਸੁਨੇਹੇ ਘੱਲੇ ਜਾਂਦੇ ਰਹੇ ਅਤੇ ਨਤੀਜਾ ਆ ਜਾਣ ਤੋਂ ਬਾਅਦ ਉਹ ਗੱਲਾਂ ਧੰਨਵਾਦ ਦੇ ਸੁਨੇਹਿਆਂ ਅਤੇ ਵਧਾਈਆਂ ਵਿਚ ਬਦਲ ਗਈਆਂ। ਚੋਣ ਨਤੀਜਾ ਕੈਨੇਡਾ ਵਿਚ 21 ਅਕਤੂਬਰ ਦੀ ਰਾਤ ਨੂੰ ਅਤੇ ਪੰਜਾਬ ਵਿਚ 22 ਅਕਤੂਬਰ ਦੀ ਸਵੇਰ ਨੂੰ ਸਪੱਸ਼ਟ ਹੋ ਗਿਆ ਸੀ। ਕੈਨੇਡਾ ਦੀ ਸੰਸਦ ਦੇ ਹੇਠਲੇ ਸਦਨ, ਹਾਊਸ ਆਫ ਕਾਮਨਜ਼ (ਲੋਕ ਸਭਾ) ਦੀਆਂ ਕੁਲ 338 ਸੀਟਾਂ ਹਨ। ਲਿਬਰਲ ਪਾਰਟੀ ਅਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਇਕ ਵਾਰ ਫਿਰ ਜਿੱਤ ਜ਼ਰੂਰ ਹੋਈ ਹੈ ਪਰ ਉਹ 19 ਅਕਤੂਬਰ, 2015 ਵਾਲੀ ਚਮਤਕਾਰੀ ਜਿੱਤ ਦਾ ਇਤਿਹਾਸ ਨਾ ਦੁਹਰਾ ਸਕੇ। ਉਨ੍ਹਾਂ ਦੀ ਲਿਬਰਲ ਪਾਰਟੀ ਨੂੰ 157, ਕੰਜ਼ਰਵੇਟਿਵ ਪਾਰਟੀ ਨੂੰ 121, ਖੇਤਰੀ ਪਾਰਟੀ ਬਲਾਕ ਕਿਊਬਿਕ ਨੂੰ 32, ਨਿਊ ਡੈਮੋਕਰੇਟਿਕ ਪਾਰਟੀ (ਐਨ.ਡੀ.ਪੀ.) ਨੂੰ 24, ਗਰੀਨ ਪਾਰਟੀ ਨੂੰ 3 ਅਤੇ ਇਕ ਸੀਟ ਆਜ਼ਾਦ ਉਮੀਦਵਾਰ ਨੂੰ ਮਿਲੀ ਹੈ। ਚੋਣ ਪ੍ਰਚਾਰ ਦੌਰਾਨ ਪਤਾ ਲੱਗ ਰਿਹਾ ਸੀ ਕਿ ਕਿਸੇ ਵੀ ਪਾਰਟੀ ਨੂੰ ਬਹੁਮਤ ਨਹੀਂ ਮਿਲ ਸਕੇਗਾ। ਏਦਾਂ ਹੀ ਹੋਇਆ ਅਤੇ ਲਿਬਰਲ ਪਾਰਟੀ ਦੀ ਬਹੁਮਤ ਵਾਲੀ ਸਰਕਾਰ ਘੱਟ-ਗਿਣਤੀ ਸਰਕਾਰ ਵਿਚ ਬਦਲ ਗਈ ਅਤੇ ਨਿਊ ਡੈਮੋਕਰੇਟਿਕ ਪਾਰਟੀ (ਐਨ.ਡੀ.ਪੀ.) ਦੇ ਆਗੂ ਸ: ਜਗਮੀਤ ਸਿੰਘ 'ਕਿੰਗ ਮੇਕਰ' ਬਣ ਕੇ ਉੱਭਰੇ। ਚੋਣ ਪ੍ਰਚਾਰ ਦੌਰਾਨ ਹੀ ਐਨ.ਡੀ.ਪੀ. ਵਲੋਂ ਐਲਾਨ ਕਰ ਦਿੱਤਾ ਗਿਆ ਸੀ ਕਿ ਜੇਕਰ ਲੋੜ ਪਈ ਤਾਂ ਲਿਬਰਲ ਪਾਰਟੀ ਦਾ ਸਮਰਥਨ ਕੀਤਾ ਜਾਵੇਗਾ ਅਤੇ ਗੱਠਜੋੜ ਨਾਲ ਅੱਗੇ ਵਧਿਆ ਜਾਵੇਗਾ। ਵੋਟਰ: ਨੇ ਅਜਿਹਾ ਹੀ ਫ਼ਤਵਾ ਦੋਵਾਂ ਪਾਰਟੀਆਂ ਨੂੰ ਦਿੱਤਾ ਹੈ। ਲਿਬਰਲ ਪਾਰਟੀ ਲਈ ਇਕ ਹੋਰ ਸੰਭਾਵਨਾ ਖੇਤਰੀ ਪਾਰਟੀ ਬਲਾਕ ਕਿਊਬਿਕ ਵੀ ਹੈ, ਜਿਸ ਕੋਲ 32 ਸੀਟਾਂ ਹਨ। ਲਿਬਰਲ ਪਾਰਟੀ ਨਾਲ ਐਨ.ਡੀ.ਪੀ. ਦੇ ਨਰਾਜ਼ ਹੋਣ ਦੀ ਹਾਲਤ ਵਿਚ ਬਲਾਕ ਕਿਊਬਿਕ ਵਲੋਂ ਸ੍ਰੀ ਟਰੂਡੋ ਦੀ ਸਰਕਾਰ ਨੂੰ ਠੁੰਮਣਾ ਦਿੱਤਾ ਜਾ ਸਕਦਾ ਹੈ। ਬਲਾਕ ਕਿਊਬਿਕ ਆਗੂ ਇਵੇਸ ਫਰਾਂਸੁਆ ਬਲਾਂਚੇ ਨੇ ਦੱਸਿਆ ਹੈ



ਬਾਕੀ ਸਫ਼ਾ 32 'ਤੇ

# ਕੈਨੇਡਾ ਚੋਣਾਂ, ਕਰਤਾਰਪੁਰ ਲਾਂਘਾ, ਪੰਜਾਬ ਬਨਾਮ ਗੁਰੂ ਨਾਨਕ ਦੀ ਸੋਚ

**ਰਜਿੰਦਰ ਸਿੰਘ**

ਕੈਨੇਡਾ ਦੀਆਂ ਸੰਸਦੀ ਚੋਣਾਂ ਲਈ ਪੌਣੇ ਤਿੰਨ ਕਰੋੜ ਵੋਟਰਾਂ ਵਿਚੋਂ 62 ਫੀਸਦੀ ਲੋਕਾਂ ਵਲੋਂ ਪਾਈਆਂ ਗਈਆਂ ਵੋਟਾਂ ਦੀ ਗਿਣਤੀ ਬਾਅਦ ਆਏ ਨਤੀਜਿਆਂ ਵਿਚ ਲਿਬਰਲ ਪਾਰਟੀ ਭਾਵੇਂ ਕਿ ਸਪੱਸ਼ਟ ਬਹੁਮਤ ਹਾਸਲ ਨਹੀਂ ਕਰ ਸਕੀ ਪਰ ਸਭ ਤੋਂ ਵੱਡੀ ਪਾਰਟੀ ਵਜੋ ਉਭਰਨ ਵਿਚ ਸਫਲ ਰਹੀ ਹੈਂ ਅਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਫਿਰ ਤੋਂ ਸਰਕਾਰ ਬਣਾਉਣਗੇ। ਐੱਨਡੀਪੀ ਆਗੂ ਜਗਮੀਤ ਸਿੰਘ ਪਹਿਲਾਂ ਹੀ ਐਲਾਨ ਕਰ ਚੁੱਕੇ ਹਨ ਕਿ ਅਜਿਹੀ ਸਥਿਤੀ ਵਿਚ ਉਹ ਲਿਬਰਲ ਪਾਰਟੀ ਦਾ ਸਮਰਥਨ ਕਰਨਗੇ। ਇਸ ਸਮੇਂ ਦੌਰਾਨ ਪੰਜਾਬ ਦੇ ਵਿਚ ਗੁਆਂਢੀ ਰਾਜ ਹਰਿਆਣਾ ਦੀਆਂ ਵਿਧਾਨ ਸਭਾ ਚੋਣਾਂ ਦੀ ਚਰਚਾ ਤੋਂ ਵੀ ਵੱਧ ਕੈਨੇਡਾ ਦੀਆਂ ਸੰਸਦੀ ਚੋਣਾਂ ਦੀ ਚਰਚਾ ਹੋਈ ਹੈ। ਇਸ ਤੋਂ ਸਪੱਸ਼ਟ ਹੈ ਕਿ ਪੰਜਾਬੀਆਂ ਦਾ ਰਿਸ਼ਤਾ ਕੈਨੇਡਾ ਨਾਲ ਡੂੰਘਾ ਜੁੜ ਚੁੱਕਾ ਹੈ ਤੇ ਉਹ ਪੰਜਾਬ ਤੋਂ ਬਾਅਦ ਆਪਣਾ ਦੂਜਾ ਸਥਾਨ ਕੈਨੇਡਾ ਨੂੰ ਮੰਨਦੇ ਹਨ। ਪੰਜਾਬ ਵਿਚ ਤਾਂ ਕਈ ਥਾਵਾਂ 'ਤੇ ਇਸ ਜਿੱਤ ਕਾਰਨ ਦਿਵਾਲੀ ਵੀ ਮਨਾਈ ਗਈ। ਖ਼ੂਬ ਆਤਿਸ਼ਬਾਜ਼ੀ ਹੋਈ। ਸ਼ੋਸ਼ਲ ਮੀਡੀਆ ਵਿਚ ਪੰਜਾਬੀਆਂ ਦੀ ਵਾਲ ਕੈਨੇਡਾ ਦੇ ਟਰੂਡੋ ਤੇ ਜਗਮੀਤ ਸਿੰਘ ਦੀ ਜਿੱਤ ਨਾਲ ਭਰੀ ਹੋਈ ਹੈ। ਇਹਨਾਂ ਚੋਣ ਨਤੀਜਿਆਂ ਨੇ ਦਸ ਦਿੱਤਾ ਕਿ ਕੈਨੇਡਾ ਦੇ ਵੋਟਰ ਵੰਨ-ਸੁਵੰਨਤਾ ਨੂੰ ਕਬੂਲ ਕਰਨ ਲਈ ਵਚਨਬੱਧ ਹਨ। ਵੱਡੀ ਗੱਲ ਇਹ ਹੈ ਕਿ ਕੈਨੇਡਾ ਨੇ ਟਰੰਪ ਦਾ ਪ੍ਰਭਾਵ ਬਿਲਕੁਲ ਵੀ ਨਹੀਂ ਕਬੂਲਿਆ।

ਇਨ੍ਹਾਂ ਚੋਣਾਂ ਵਿੱਚ ਪੰਜਾਬੀ ਉਮੀਦਵਾਰ ਫਿਰ ਤੋਂ 18 ਸੀਟਾਂ ਉੱਤੇ ਜਿੱਤ ਹਾਸਲ ਕਰ ਗਏ ਹਨ, ਜੋ ਕਿ ਸਮੂਹ ਪੰਜਾਬੀਆਂ ਦੇ ਲਈ ਬਹੁਤ ਖੁਸ਼ੀ ਦੀ ਗੱਲ ਹੈ। 338 ਮੈਂਬਰੀ ਕੈਂਨੇਡੀਅਨ ਸੰਸਦ ਵਿਚ ਸੱਤਾਧਾਰੀ ਲਿਬਰਲ ਪਾਰਟੀ ਨੂੰ 157 ਸੀਟਾਂ 'ਤੇ ਜਿੱਤ ਹਾਸਲ ਹੋਈ ਜੋ ਬਹੁਗਿਣਤੀ ਦੇ ਅੰਕੜੇ ਤੋਂ 13 ਘੱਟ ਹੈ। ਕੰਜ਼ਰਵੇਟਿਵ ਪਾਰਟੀ ਨੂੰ 121 ਸੀਟਾਂ ਮਿਲੀਆਂ, ਐੱਨਡੀਪੀ ਨੂੰ 24 ਸੀਟਾਂ, ਕਿਊਬਿਕ ਬਲਾਕ ਨੂੰ 32 , ਗਰੀਨ ਪਾਰਟੀ ਨੂੰ 3 ਅਤੇ ਇੱਕ ਸੀਟ ਔਜ਼ਾਦ ਉਮੀਦਵਾਰ ਨੇ ਜਿੱਤੀ ਹੈਂ। ਅਲਬਰਟਾ ਸੂਬੇ ਦੀਆਂ 34 ਸੀਟਾਂ ਵਿਚੋਂ 33 ਸੀਟਾਂ ਟੋਰੀ ਪਾਰਟੀ ਦੀ ਝੋਲੀ ਪੈਂ ਗਈਆਂ ਤੇ ਲਿਬਰਲ ਪਾਰਟੀ ਦਾ ਪੂਰਾ ਸਫ਼ਾਇਆ ਹੋ ਗਿਆ। ਇਥੋਂ ਐੱਨਡੀਪੀ ਨੂੰ ਇੱਕ ਸੀਟ ਮਿਲੀ। ਬ੍ਰਿਟਿਸ਼ ਕੋਲੰਬੀਆ ਵਿਚ ਟੋਰੀ ਪਾਰਟੀ ਤਿੰਨਾਂ ਪਾਰਟੀਆਂ ਵਿਚੋਂ ਮੋਹਰੀ ਰਹੀ, ਜਦ ਕਿ ਲਿਬਰਲ ਤੇ ਐੱਨਡੀਪੀ ਨੇ ਇਕੋਂ ਜਿੰਨੀਆਂ ਸੀਟਾਂ ਜਿੱਤੀਆਂ। ਮਲਟਿਨ ਮਿਸੀਸਾਗਾ ਸੀਟ ਤੋਂ ਪਿਛਲੀ ਸਰਕਾਰ ਦੇ ਕੈਂਬਨਿਟ ਮੰਤਰੀ ਨਵਦੀਪ ਬੈਂਸ ਦੁਬਾਰਾ ਚੋਣ ਜਿੱਤ ਗਏ ਹਨ। ਬਰੈਂਪਟਨ ਦੀਆਂ ਪੰਜ ਦੀਆਂ ਪੰਜ ਸੀਟਾਂ ਲਿਬਰਲ ਪਾਰਟੀ ਦੇ ਪੰਜਾਬੀ ਉਮੀਦਵਾਰਾਂ ਨੇ ਜਿੱਤ ਲਈਆਂ ਹਨ।

ਇਹ ਇਲਾਕਾ ਪੰਜਾਬੀਆਂ ਦਾ ਗੜ੍ਹ ਮੰਨਿਆ ਜਾਂਦਾ ਹੈਂ। ਇਨ੍ਹਾਂ ਵਿੱਚ ਪਾਰਲੀਮੈਂਟ ਸੀਟ ਬਰੈਂਪਟਨ (ਈਸਟ) ਤੋਂ ਮਨਿੰਦਰ ਸਿੱਧੂ ਸਫਲ ਹੋ ਗਏ ਹਨ। ਬਰੈਂਪਟਨ (ਨਾਰਥ) ਵਿੱਚ ਰੂਬੀ ਸਹੋਤਾ ਨੇ ਜਿੱਤ ਦਾ ਝੰਡਾ ਲਹਿਰਾ ਦਿੱਤਾ ਹੈਂ। ਬਰੈਂਪਟਨ (ਵੈਂਸਟ) ਤੋ ਕਮਲ ਖਹਿਰਾ ਜਿੱਤ ਗਏ ਹਨ। ਇਸੇ ਤਰ੍ਹਾਂ ਬਰੈਂਪਟਨ ਸੈਂਟਰ ਤੋਂ ਰਮੇਸ਼ ਸੰਘਾ ਜਿੱਤੇ ਹਨ। ਬਰੈਂਪਟਨ ਦੱਖਣੀ ਤੋ ਸੋਨੀਆ ਸਿੱਧੂ ਚੋਣ ਜਿੱਤੇ ਹਨ। ਮਿਸੀਸਾਗਾ ਸਟਰੀਟਵਿਲ ਗਗਨ ਸਿਕੰਦ, ਕਿਚਨਰ ਸੈਂਟਰ ਤੋਂ ਰਾਜ ਸੈਂਨੀ, ਸਰੀ ਨਿਊਟਨ ਤੋਂ ਸੁੱਖ ਧਾਲੀਵਾਲ ਦੁਬਾਰਾ ਚੋਣ ਜਿੱਤ ਗਏ ਹਨ, ਸਰੀ (ਸੈਂਟਰਲ) ਸੀਟ ਤੋ ਰਣਦੀਪ ਸਿੰਘ ਸਰਾਏ, ਉਕਵਿਲ ਸੀਟ ਤੋਂ ਅਨੀਤਾ ਅਨੰਦ ਜਿੱਤੇ ਹਨ। ਕਿਊਬਿਕ ਡੋਰਵਿਲ ਸੀਟ ਤੋ ਅੰਜੂ ਢਿਲੋਂ, ਓਂਟਾਰੀਓ ਵਾਟਰਲੂ ਤੋਂ ਮਨਦੀਪ ਚੱਗਰ ਜੇਤੂ ਰਹੇ ਹਨ, ਓਂਟਾਰੀਓ ਨੇਪੀਅਨ ਸੀਟ ਤੋਂ ਚੰਦਰ ਆਰੀਆ ਜੇਤੂ ਰਹੇ, ਮਾਰਖਮ ਤੋਂ ਬੌਬ ਸਰੋਆ, ਸਕਾਰਬਰੋ ਰੋਗ ਪਾਰਕ ਤੋਂ ਗੈਂਰੀ ਅਨੰਦ ਸਾਗਰੀ ਚੋਣ ਜਿਤੇ ਹਨ। ਉਪਰੋਕਤ ਸਾਰੇ ਉਮੀਦਵਾਰ ਲਿਬਰਲ ਪਾਰਟੀ ਦੀ ਟਿਕਟ ਤੋਂ ਜਿਤੇ ਹਨ। ਇਸੇ ਤਰ੍ਹਾਂ ਹੋਰ ਪਾਰਟੀਆਂ ਵਿੱਚ ਮਾਰਖ਼ਮ ਸੀਟ ਤੋਂ ਕੰਜ਼ਰਵੇਟਿਵ ਪਾਰਟੀ ਦੇ ਬੌਬ ਸਰੋਆ ਸਫ਼ਲ ਹੋਏ ਹਨ। ਐਡਮਿੰਟਨ ਮਿਲ ਵੂੱਡਜ਼ ਸੀਟ ਤੋਂ ਕੰਜ਼ਰਵੇਟਿਵ ਪਾਰਟੀ ਦੇ ਟਿਮ ਉਪਲ ਚੋਣ ਜਿੱਤ ਗਏ ਹਨ। ਕੈਂਲਗਿਰੀ ਸਕਾਈਵਿਊ ਸੀਟ ਤੋਂ ਕੰਜ਼ਰਵੇਟਿਵ ਦੀ ਟਿਕਟ ਉੱਤੇ ਜੈਗ ਸਹੋਤਾ ਚੋਣ ਜਿਤੇ ਹਨ। ਕੈਂਲਗਿਰੀ ਫੋਰੈਂਸਟ ਲਾਅਨ ਸੀਟ ਤੋਂ ਕੰਜ਼ਰਵੇਟਿਵ ਦੇ ਜਸਰਾਜ ਸਿੰਘ ਹਾਲਾ ਆਦਿ ਚੋਣ ਜਿੱਤ ਗਏ ਹਨ। ਆਜ਼ਾਦ ਉਮੀਦਵਾਰ ਵਜੋਂ ਜਿੱਤੀ ਇੱਕੋ- ਇਕ ਸੀਟ ਵੈਂਨਕੂਵਰ ਗਰੈਂਨਵਿਲੇ ਹੈਂ, ਜਿਥੋ ਜੂਡੀ ਵਿਲਸਨ ਨੇ ਮਾਅਰਕਾ ਮਾਰਿਆ ਹੈਂ।



ਲੋਕਲ ਮੀਡੀਆ ਵੱਲੋਂ ਪ੍ਰਚਾਰੀ ਭਾਰਤੀ ਏਜੰਸੀਆਂ ਦੀ ਚੋਣਾਂ ਵਿਚ ਦਿਲਚਸਪੀ ਨੂੰ ਸਹੀ ਮੰਨੀਏ ਤਾਂ ਪਤਾ ਲੱਗਦਾ ਹੈਂ ਕਿ ਭਾਰਤੀ ਲੋਕਾਂ ਉਤੇ ਉਸ ਗੱਲ ਦਾ ਉਲਟਾ ਅਸਰ ਪਿਆ, ਕਿਉਂਕਿ ਜਿਸ ਜਿਸ ਹਲਕੇ ਵਿਚ ਪੰਜਾਬੀ ਵੋਟਰਾਂ ਦੀ ਹੋਂਦ ਹੈਂ, ਉਥੇ ਟੋਰੀ ਪਾਰਟੀ ਨੂੰ ਭਾਰੀ ਹਾਰ ਦਾ ਸਾਹਮਣਾ ਕਰਨਾ ਪਿਆ। ਇਲੈਂਕਸ਼ਨ ਕੈਂਨੇਡਾ ਦੇ ਅੰਕੜਿਆਂ ਮੁਤਾਬਕ ਬੇਸ਼ੱਕ ਲਿਬਰਲ ਪਾਰਟੀ ਦੇ ਸਭ ਤੋਂ ਵੱਧ ਉਮੀਦਵਾਰ ਜਿੱਤੇ ਹਨ, ਪਰ ਉਸਨੂੰ ਟੋਰੀ ਪਾਰਟੀ ਤੋਂ ਡੇਢ ਫੀ ਸਦੀ ਘੱਟ ਵੋਟਾਂ ਪਈਆਂ ਹਨ। ਕੰਜ਼ਰਵੇਟਿਵ ਨੂੰ 34.5 ਫੀਸਦੀ , ਲਿਬਰਲ ਨੂੰ 33 ਫੀਸਦੀ ਜਦਕਿ ਐੱਨਡੀਪੀ ਨੂੰ 19 ਫੀਸਦੀ ਵੋਟਾਂ ਪਈਆਂ।

ਇਕ ਗੱਲ ਇਹ ਚੰਗੀ ਹੋਈ ਕਿ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਆਮ ਚੋਣਾਂ ਵਿੱਚ ਦੂਜੀ ਵਾਰ ਜਿੱਤਣ ਉੱਤੇ ਵਧਾਈ ਦਿੱਤੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਭਾਰਤ ਦੋਵੇਂ ਦੇਸ਼ਾਂ ਵਿੱਚ ਦੁਵੱਲੇ ਸਬੰਧ ਹੋਰ ਅੱਗੇ ਵਧਾਉਣ ਲਈ ਵਚਨਬੱਧ ਹੈ। ਜੇਕਰ ਦੋਵੇਂ ਦੇਸ ਨੇੜੇ ਆਉਂਦੇ ਹਨ ਤਾਂ ਚੰਗੀ ਗੱਲ ਹੈ। ਕੁੜੱਤਣ ਤੇ ਨਫ਼ਰਤ ਘਟਣੀ ਚਾਹੀਦੀ ਹੈ। ਭਾਰਤ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਹ ਵਿਦੇਸ਼ਾਂ ਦੇ ਪੰਜਾਬੀਆਂ ਨਾਲ ਸਬੰਧ ਸੁਧਾਰੇ। ਆਪਣੇ ਵਿਚਾਰ ਥੋਪਣ ਦੀ ਥਾਂ ਪੰਜਾਬੀਆਂ ਦੀ ਸੋਚ ਨੂੰ ਪੜ੍ਹੇ।

ਪੰਜਾਬੀਆਂ ਨੂੰ ਕੈਨੇਡਾ ਦੇ ਨਤੀਜਿਆਂ ਦੀ ਇਸ ਕਰਕੇ ਵੀ ਖੁਸ਼ੀ ਹੈ ਕਿ ਟਰੂਡੋ ਦੇ ਮੁੜ ਸੱਤਾ ਵਿਚ ਆਉਣ ਨਾਲ ਇਮੀਗ੍ਰੇਸ਼ਨ ਨੀਤੀ ਵਿਚ ਕੋਈ ਤਬਦੀਲੀ ਨਹੀਂ ਹੋਵੇਗੀ ਸਗੋਂ ਹੋਰ ਸਹੂਲਤਾਂ ਪੰਜਾਬੀਆਂ ਨੂੰ ਮਿਲਣਗੀਆਂ। ਪੰਜਾਬੀਆਂ ਦੀ ਨਵੀਂ ਪੀੜ੍ਹੀ ਇਸ ਜਿੱਤ ਤੋਂ ਖੁਸ਼ ਹੈ, ਜੋ ਕਿ ਪੜ੍ਹਨ ਲਈ ਕੈਨੇਡਾ ਵਸ ਰਹੀ ਹੈ ਤੇ ਜਾਣ ਨੂੰ ਤਿਆਰ ਹੈ। ਹਰ ਸਾਲ ਡੇਢ ਲੱਖ ਤੋਂ ਵੱਧ ਬੱਚੇ ਵਿਦਿਆਰਥੀ ਵੀਜ਼ੇ ਉੱਤੇ ਕੈਨੇਡਾ ਅਤੇ ਹੋਰ ਦੇਸ਼ਾਂ ਵਿਚ ਆਪਣਾ ਭਵਿੱਖ ਤਲਾਸ਼ ਰਹੇ ਹਨ ਅਤੇ ਆਉਣ ਵਾਲੇ ਸਮੇਂ ਦੌਰਾਨ ਇਹ ਕਤਾਰ ਹੋਰ ਲੰਬੀ ਹੋਵੇਗੀ। ਇਸ ਦਾ ਕਾਰਨ ਇਹੀ ਹੈ ਕਿ ਭਾਰਤ ਦੀ ਲੀਡਰਸ਼ਿਪ ਭ੍ਰਿਸ਼ਟਾਚਾਰੀ ਹੈ ਤੇ ਉਸ ਨੂੰ ਆਪਣੀ ਧਰਤੀ ਨਾਲ ਕੋਈ ਪਿਆਰ ਨਹੀਂ, ਉਹ ਸਿਰਫ ਆਪਣੇ ਨਿਜੀ ਹਿੱਤ ਭਾਲ ਰਹੀ ਹੈ ਤੇ ਸਿਆਸਤ ਨੂੰ ਸਮਾਜ ਦੇ ਭਲੇ ਲਈ ਵਰਤਣ ਦੀ ਥਾਂ ਆਪਣਾ ਨਿੱਜੀ ਬਿਜਨੈਸ ਬਣਾ ਰਹੀ ਹੈ। ਪੰਜਾਬ ਦੇ ਯੂਥ ਜੋ ਕੈਨੇਡਾ ਜਾ ਚੁੱਕਾ ਹੈ, ਹੁਣ ਨੌਕਰੀਆਂ ਭਾਲਣ ਤੋਂ ਬਾਅਦ ਉਨ੍ਹਾਂ ਦਾ ਅਗਲਾ ਨਿਸ਼ਾਨਾ ਸਥਾਈ ਨਾਗਰਿਕਤਾ ਹਾਸਲ ਕਰਨਾ ਹੋਵੇਗਾ। ਇਸ ਸੰਬੰਧ ਵਿਚ ਮੁਹਿੰਮ ਚਲਾਉਣ ਦੀ ਵੀ ਲੋੜ ਹੈ ਕਿ ਇਨ੍ਹਾਂ ਨੂੰ ਸਥਾਈ ਨਾਗਰਿਕਤਾ ਮਿਲੇ ਤੇ ਪੜ੍ਹੇ ਲਿਖੇ ਪੰਜਾਬੀ ਕੈਨੇਡਾ ਦੀ ਵਾਗਡੋਰ ਸੰਭਾਲਣ ਤੇ ਪੰਜਾਬੀਆਂ ਦਾ ਨਾਮ ਰੋਸ਼ਨ ਕਰਨ। ਅਸੀਂ ਚੰਗੇ ਸਿਆਸੀ ਪ੍ਰਬੰਧ ਵਲ ਜਾਵਾਂਗੇ ਤਾਂ ਇਸ ਦਾ ਪ੍ਰਭਾਵ ਪੂਰੇ ਵਿਸ਼ਵ 'ਤੇ ਪਵੇਗਾ। ਸਰਬੱਤ ਦੇ ਭਲੇ ਦੀ ਸਿਆਸਤ ਜੋ ਗੁਰੂ ਨਾਨਕ ਦੀ ਸੋਚ ਹੈ, ਉਹੀ ਮਨੁੱਖਤਾ ਦਾ ਭਲਾ ਕਰੇਗੀ ਤੇ ਸਿੱਖੀ ਦਾ ਨਾਮ ਰੌਸ਼ਨ ਕਰੇਗੀ। ਇਸ ਸੰਬੰਧ ਵਿਚ ਸਾਨੂੰ ਵਿਉਂਤਬੰਦੀ ਕਰਨੀ ਚਾਹੀਦੀ ਹੈ। ਜਦੋਂ ਕਿ ਅਸੀਂ ਗੁਰੂ ਨਾਨਕ ਸਾਹਿਬ ਦਾ ਖੁੱਲ੍ਹਾ ਲਾਂਘਾ ਕਰਤਾਰਪੁਰ ਖੋਲ੍ਹਣ ਜਾ ਰਹੇ ਹਾਂ ਤਾਂ ਸਾਡਾ ਸੁਨੇਹਾ ਮਨੁੱਖਤਾ ਦੇ ਹਿੱਤ ਵਿਚ ਬੁਲੰਦ ਹੋਣਾ ਚਾਹੀਦਾ ਹੈ ਤੇ ਨਸਲਵਾਦ ਵਿਰੁੱਧ ਸਾਡੀ ਲਹਿਰ ਵਿਸ਼ਵ ਪੱਧਰ 'ਤੇ ਪਸਰਨੀ ਚਾਹੀਦੀ ਹੈ। ਇਸੇ ਸੋਚ ਵਿਚ ਸਿੱਖੀ ਤੇ ਪੰਜਾਬੀਆਂ ਦਾ ਭਵਿੱਖ ਹੈ।

*ਮਿੰਨੀ ਕਹਾਣੀ*

## ਨਵੀਂ ਅਮੀਸ਼ਾ

ਅਮੀਸ਼ਾ ਤੇ ਹਮਜ਼ਾ ਅਚਨਚੇਤ ਮਿਲਦੇ ਤੇ ਇੱਕ ਅਜੀਬ ਖਿੱਚ ਮਹਿਸੂਸ ਹੁੰਦੀ ਤੇ ਹੌਲੀ ਹੌਲੀ ਬਹੁਤ ਕਰੀਬ ਆ ਜਾਂਦੇ। ਅਮੀਸ਼ਾ ਆਪਣਾ ਸੱਭ ਕੁੱਝ ਦੱਸਣ ਲੱਗ ਜਾਂਦੀ ਤੇ ਹਮਜ਼ਾ ਵੀ ਆਪਣਾ ਦਿੱਲ ਖੋਲਣ ਲੱਗਦਾ। ਹਰ ਰੋਜ਼ ਘੰਟਿਆਂ ਬੱਧੀ ਗੱਲਾਂ ਕਰਦੇ ਤੇ ਵੱਕਤ ਕਿਵੇਂ ਲੰਘ ਜਾਂਦਾ ਪਤਾ ਈ ਨਾਂ ਲੱਗਦਾ। ਸਵੇਰੇ ਇੱਕ ਦੂਜੇ ਦੇ ਉੱਠਣ ਦੀ ਉਡੀਕ ਕਰਦੇ ਤੇ ਰਾਤ ਨੂੰ ਸੌਣ ਤੋਂ ਪਹਿਲਾਂ ਬੀਤੇ ਦਿਨ ਦੀ ਕਹਾਣੀ ਇੱਕ ਦੂਜੇ ਨੂੰ ਸੁਣਾਉਂਦੇ।ਕੋਈ ਚੰਗੀ ਖ਼ਬਰ ਇੱਕ ਦੂਜੇ ਨੂੰ ਸੁਨਾਉਣ ਲਈ ਕਾਹਲੇ ਰਹਿੰਦੇ। ਇੱਕ ਦੂਜੇ ਦਾ ਫਿਕਰ ਵੀ ਬਹੁਤ ਕਰਦੇ।

ਇਉਂ ਲੱਗਦਾ ਇਹ ਸੱਭ ਕੁੱਝ ਸਾਰੀ ਉਮਰ ਹੀ ਚੱਲਣਾ ਪਰ ਅਚਾਨਕ ਅਮੀਸ਼ਾ ਕਹਿੰਦੀ ਮੈਂ ਤੇਰੇ ਨਾਲ ਰਿਸ਼ਤਾ ਨਹੀਂ ਰੱਖਣਾ ਕਿਉਂ ਕਿ ਇਹ ਰਿਸ਼ਤਾ ਮੈਨੂੰ ਤੰਗ ਪ੍ਰੇਸ਼ਾਨ ਕਰਦਾ। ਹਮਜ਼ੇ ਦੀ ਸਮਝ ਤੋਂ ਬਾਹਰ ਇਹ ਪਹਾੜ ਆ ਡਿੱਗਦਾ। ਉਹ ਪਹਿਲਾਂ ਪਹਿਲ ਆਪਣੇ ਆਪ ਨੂੰ ਦੋਸ਼ ਦਿੰਦਾ ਕਿ ਜ਼ਰੂਰ ਉਸੇ ਨੇ ਕੋਈ ਗਲਤੀ ਕੀਤੀ ਹੋਣੀ ਨਹੀਂ ਤਾਂ ਅਮੀਸ਼ਾ ਨੇ ਇਹ ਨਹੀਂ ਸੀ ਕਹਿਣਾ। ਅਮੀਸ਼ਾ ਪਹਿਲਾਂ ਹੀ ਕਿਸੇ ਪ੍ਰੇਸ਼ਾਨੀ ਵਿੱਚ ਘਿਰੀ ਹੋਣ ਕਰਕੇ ਹਮਜ਼ਾ ਉਹਨੂੰ ਜ਼ੋਰ ਪਾਕੇ ਵੀ ਨਾਂ ਪੁੱਛਦਾ ਪਰ ਸੋਚਾਂ ਵਿੱਚ ਘਿਰਿਆ ਬੀਤਿਆ ਯਾਦ ਕਰਦਾ।ਉਹਨੂੰ ਬਹੁਤ ਕੁੱਝ ਅਜਿਹਾ ਯਾਦ ਆਉਂਣ ਲੱਗਾ ਜੋ ਅਮੀਸ਼ਾ ਕਰਦੀ ਪਰ ਉਹਦੇ ਮੋਹ ਵਿੱਚ ਉਹਨੂੰ ਉਸ ਵੇਲੇ ਦਿੱਸਦਾ ਨਹੀਂ ਸੀ। ਅਮੀਸ਼ਾ ਪਿੱਛਲੇ ਸਮੇਂ ਵਿੱਚ ਚਲੀ ਗਈ ਸੀ ਤੇ ਉਹਨੂੰ ਹਮਜ਼ੇ ਨਾਲ ਮੋਹ ਜੇ ਸੀ ਤਾਂ ਸਿਰਫ ਹਮਦਰਦੀ ਵਾਲਾ ਸੀ ਜੋ ਹਮਜ਼ੇ ਨੂੰ ਕਬੂਲ ਨਹੀਂ ਸੀ। ਹਮਜ਼ੇ ਕਿਸੇ ਦੀ ਹਮਦਰਦੀ ਜਾਂ ਤਰਸ ਦਾ ਪਾਤਰ ਬਣਕੇ ਨਹੀਂ ਸੀ ਜਿਉਂਇਆ ਸਗੋਂ ਆਪਣੇ ਤੇ ਮਾਣ ਕਰਕੇ ਜਿਉਣ ਵਾਲਾ ਸੀ। ਹਮਜ਼ੇ ਨੂੰ ਹਲੇ ਵੀ ਸੱਚ ਨਹੀਂ ਸੀ ਆਉਂਦਾ ਕਿ ਕਿਵੇਂ ਕੋਈ ਆਪਣਾ ਸੱਭ ਕੁੱਝ ਅਰਪਣ ਕਰਕੇ ਛਲ ਕਰ ਸਕਦਾ ਸੀ। ਅਮੀਸ਼ਾ ਨੂੰ ਸ਼ਾਇਦ ਹਮਜ਼ੇ ਤੇ ਹਮਦਰਦੀ ਤਾਂ ਸੀ ਪਰ ਉਹਦੇ ਪਿੱਛੇ ਮੁੜਣ ਦਾ ਉਹ ਕਾਰਣ ਨਹੀਂ ਸੀ ਦੱਸਣਾ ਚਾਹੁੰਦੀ। ਹਮਜ਼ਾ ਕਿਸੇ ਦੀ ਹਮਦਰਦੀ ਨਹੀਂ ਪਿਆਰ ਭਾਲਦਾ ਸੀ।

ਹਮਜ਼ਾ ਰੋਜ਼ ਸੋਚਦਾ, ਕਦੇ ਉਹ ਕਹਿੰਦਾ ਧੋਖੇਬਾਜ਼ ਸੀ ਤਾਂ ਹਮਜ਼ੇ ਦਾ ਦੂਜਾ ਮੰਨ ਕਹਿੰਦਾ ਨਹੀਂ ਕੋਈ ਮਜਬੂਰੀ ਹੋਈ ਹੋਣੀ ਐ। ਅਮੀਸ਼ਾ ਹੁਣ ਸ਼ਾਇਦ ਹਮਜ਼ੇ ਤੇ ਭਰੋਸਾ ਕਰਨੋ ਹੱਟ ਗਈ ਸੀ ਪਰ ਹਮਜ਼ੇ ਨੂੰ ਉਹਦਾ ਫਿਕਰ ਖਾਈ ਜਾਂਦਾ। ਉਹਨੂੰ ਜ਼ੋਰ ਪਾਕੇ ਵੀ ਨਹੀਂ ਪੁੱਛ ਸਕਦਾ ਸੀ ਕਿਉਂ ਕਿ ਅਮੀਸ਼ਾ ਪਹਿਲਾ ਹੀ ਦਿਮਾਗੀ ਬੋਝ ਲਈ ਬੈਠੀ ਸੀ।

ਹਮਜ਼ਾ ਅਮੀਸ਼ਾ ਨੇੜੇ ਕੋਈ ਹੋਰ ਮਰਦ ਦੇਖਣਾ ਬਰਦਾਸ਼ਤ ਨਹੀ ਕਰਦਾ ਸੀ। ਅਮੀਸ਼ਾ ਨੂੰ ਵੀ



ਸ਼ਾਇਦ ਲੱਗਣ ਲੱਗ ਗਿਆ ਕਿ ਹਮਜ਼ਾ ਸਰੀਰਕ ਹਵਸ਼ ਦਾ ਹੀ ਭੁੱਖਾ ਸੀ। ਅਮੀਸ਼ਾ ਪਹਿਲਾਂ ਹੀ ਕਿਸੇ ਨੂੰ ਪਿਆਰ ਕਰਦੀ ਸੀ, ਹਮਜ਼ਾ ਤਾਂ ਸ਼ਾਇਦ ਧੱਕੇ ਨਾਲ ਈ ਅਮੀਸ਼ਾ ਨੂੰ ਆਪਣੀ ਬਣਾਈ ਬੈਠਾ ਸੀ। ਅਮੀਸ਼ਾ ਨੇ ਸ਼ਾਇਦ ਕਈ ਕੁੱਝ ਲੁਕੋ ਕੇ ਹਮਜ਼ੇ ਨਾਲ ਦੋਸਤੀ ਵਧਾਈ ਸੀ, ਹਮਜ਼ਾ ਪਿਛਲੀਆਂ ਯਾਦਾਂ ਵਿੱਚੋਂ ਅਜਿਹੇ ਸੰਕੇਤ ਲੱਭਣ ਲੱਗ ਗਿਆ ਸੀ। ਹਮਜ਼ਾ ਹੁਣ ਸੱਚ ਸੁਨਣ ਨੂੰ ਤਿਆਰ ਸੀ , ਉਹ ਸੱਚ ਭਾਵੇਂ ਅਮੀਸ਼ਾ ਕਹੇ ਕਿ ਉਹਨੇ ਕਦੇ ਹਮਜ਼ੇ ਨੂੰ ਪਸੰਦ ਹੀ ਨਹੀਂ ਕੀਤਾ ਜਾਂ ਕਹੇ ਕਿ ਉਹ ਤਾਂ ਸਮਾਂ ਹੀ ਗੁਜਾਰ ਰਹੀ ਸੀ। ਸੱਚ ਕੁੱਝ ਵੀ ਹੋਵੇ ਅਮੀਸ਼ਾ ਨੂੰ ਦੱਸ ਦੇਣਾ ਚਾਹੀਦਾ ਇਸੇ ਵਿੱਚ ਦੋਹਾਂ ਦੀ ਸ਼ਾਂਤੀ ਲੁਕੀ ਪਈ ਸੀ ਤੂਫ਼ਾਨ ਤੋਂ ਬਾਅਦ ਦੀ ਸ਼ਾਂਤੀ ਭਾਵੇਂ ਹੁੰਦੀ ਸ਼ੋਕ ਦੀ ਐ ਪਰ ਹੋਰ ਤੂਫ਼ਾਨ ਆਉਣ ਦਾ ਦਿਮਾਗੀ ਡਰ ਲਹਿ ਜਾਂਦਾ ਹੈ। ਹਮਜ਼ਾ ਇੱਕ ਗੱਲੋਂ ਦੁਖੀ ਵੀ ਹੈ ਤੇ ਉਹਨੂੰ ਘਿਰਣਾ ਵੀ ਆਉਂਦੀ ਹੈ ਕਿ ਉਹ ਕਿਸੇ ਉਸ ਨਾਲ ਸੁੱਤਾ ਹੈ ਜੋ ਉਹਦੀ ਆਪਣੀ ਨਹੀਂ ਸੀ।

ਹਮਜ਼ੇ ਨੂੰ ਇੱਕ ਡਰ ਸਤਾਈ ਜਾਂਦਾ ਕਿ ਅਮੀਸ਼ਾ ਕਿਸੇ ਮਜਬੂਰੀ ਵਿੱਚ ਨਾਂ ਹੋਵੇ। ਹਮਜ਼ਾ ਹਲੇ ਵੀ ਸੱਭ ਕੁੱਝ ਬਰਦਾਸ਼ਤ ਕਰਕੇ ਉਹਨੂੰ ਭੁਲਾਨਹੀਂ ਸਕਦਾ ਮਿਲਣ ਨੂੰ ਤਰਸਦਾ ਹੈ ਤੇ ਨਵੀਂ ਉਮੀਦ ਲਾਈ ਬੈਠਾ ਹੈ ਕਿ ਕਿਸੇ ਦਿਨ ਅਮੀਸ਼ਾ ਉਸਨੂੰ ਸੱਚ ਦੱਸ ਦਏਗੀ ਕਿਉਂ ਕਿ ਉਹ ਉਹਨੂੰ ਜਿਗਰੀ ਯਾਰ ਕਹਿੰਦੀ ਹੈ ਤੇ ਇਸ ਗੱਲ ਨੂੰ ਉਹ ਸੱਚ ਮੰਨਦਾ ਹੈ। ਉਹ ਸੋਚਦਾ ਹੈ ਅਮੀਸ਼ਾ ਕਿੰਨੀ ਵੀ ਗਲਤ ਹੋਵੇ ਉਹ ਫੇਰ ਵੀ ਉਸਨੂੰ ਪਿਆਰ ਕਰਨੋਂ ਨਹੀਂ ਰਹਿ ਸਕਦਾ। ਹੁਣ ਹਮਜ਼ੇ ਨੂੰ ਦੂਜਾ ਮਰਦ ਵੀ ਤੰਗ ਨਹੀਂ ਕਰਦਾ ਸ਼ਾਇਦ ਹੁਣ ਹਮਜ਼ਾ ਉਹ ਨਹੀਂ ਰਿਹਾ ਜਾਂ ਉਹਨੇ ਅਮੀਸ਼ਾ ਨਵੀਂ ਚਿਤਰ ਲਈ ਹੈ। ਹਮਜ਼ਾ ਅਮੀਸ਼ਾ ਤੋਂ ਸੱਚ ਸੁਣ ਕੇ ਹੀ ਮਰਨਾ ਚਾਹੁੰਦਾ ਹੈ ਪਰ ਅਮੀਸ਼ਾ ਨੇ ਸ਼ਾਇਦ ਹਮਜ਼ੇ ਵੱਲ ਸਦਾ ਲਈ ਪਰਦਾ ਕਰ ਲਿਆ ਹੈ।

**-ਹਮਜ਼ਾ**

## ਮਾਂ ਬੋਲੀ ਦੇ ਹੱਕ 'ਚ ਲਾਹੌਰ ਵਿਚ ਪੰਜਾਬੀਆਂ ਵਲੋਂ ਪ੍ਰਦਰਸ਼ਨ

**ਅੰਮ੍ਰਿਤਸਰ : ਏ.ਟੀ.ਨਿਊਜ਼** : ਮਾਂ-ਬੋਲੀ ਪੰਜਾਬੀ ਨੂੰ ਉਸ ਦਾ ਬਣਦਾ ਹੱਕ, ਸਨਮਾਨ ਤੇ ਇਨਸਾਫ਼ ਦਿਵਾਉਣ ਲਈ ਦੁਪਹਿਰੇ ਲਾਹੌਰ ਦੀ ਸ਼ਿਮਲਾ ਪਹਾੜੀ ਸਥਿਤ ਪ੍ਰੈੱਸ ਕਲੱਬ ਅੱਗੇ ਪੰਜਾਬੀ ਪ੍ਰਚਾਰ ਸੰਸਥਾ ਵਲੋਂ ਹੋਰ ਸੰਸਥਾਵਾਂ ਦੇ ਸਹਿਯੋਗ ਨਾਲ ਵਿਸ਼ਾਲ ਪੱਧਰ 'ਤੇ ਰੋਸ ਮੁਜ਼ਾਹਰਾ ਕੀਤਾ ਗਿਆ। ਰੋਸ ਮੁਜ਼ਾਹਰਾ ਕਰਨ ਉਪਰੰਤ ਉੱਥੋਂ ਪ੍ਰਦਰਸ਼ਨਕਾਰੀ ਪੰਜਾਬ ਅਸੈਂਬਲੀ ਲਈ ਪੈਦਲ ਰਵਾਨਾ ਹੋਏ। ਪੰਜਾਬ ਅਸੈਂਬਲੀ ਦੇ ਬਾਹਰ ਕੱਢੀ ਵਿਸ਼ਾਲ ਜਾਗਰੂਕਤਾ ਰੈਲੀ ਨੂੰ ਸੰਬੋਧਿਤ ਕਰਦਿਆਂ ਪੰਜਾਬੀ ਪ੍ਰਚਾਰ ਸੰਸਥਾ ਦੇ ਸਦਰ ਅਹਿਮਦ ਰਜ਼ਾ ਨੇ ਕਿਹਾ ਕਿ ਮਾਂ ਬੋਲੀ ਪੰਜਾਬੀ ਨੂੰ ਇਨਸਾਫ਼ ਦਿਵਾਉਣ ਲਈ ਪੰਜਾਬੀ ਭਾਸ਼ਾ ਪ੍ਰੇਮੀ ਕਦੇ ਪਿੱਛੇ ਨਹੀਂ ਹਟਣਗੇ ਤੇ ਜਦੋਂ ਤਕ ਪੰਜਾਬ ਦੇ ਸਕੂਲਾਂ ਵਿਚ ਨਰਸਰੀ ਜਮਾਤ ਤੋਂ 12ਵੀਂ ਤੱਕ ਪੰਜਾਬੀ ਨੂੰ ਵਿਸ਼ੇ ਦੇ ਤੌਰ 'ਤੇ ਲਾਗੂ ਨਹੀਂ ਕੀਤਾ ਜਾਂਦਾ ਉਸ ਵਕਤ ਤੱਕ ਸੂਬਾ ਸਰਕਾਰ ਵਿਰੁੱਧ ਸੰਘਰਸ਼ ਜਾਰੀ ਰੱਖਿਆ ਜਾਵੇਗਾ। ਅਲੀ ਅਹਿਮਦ ਅਤੇ ਪ੍ਰੋ. ਜ਼ਾਮੀਲ ਪਾਲ ਨੇ ਪੰਜਾਬ ਵਿਚ ਮਾਂ-ਬੋਲੀ ਪੰਜਾਬੀ ਨਾਲ ਕੀਤੇ ਜਾ ਰਹੇ ਮਤਰੇਈ ਮਾਂ ਵਾਲੇ ਸਲੂਕ ਲਈ ਸੂਬਾ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ। ਪ੍ਰੋ. ਤਾਰਿਕ ਜਟਾਲਾ ਨੇ ਕਿਹਾ ਕਿ ਪੰਜਾਬ ਵਿਚ ਪੰਜਾਬੀ ਭਾਸ਼ਾ ਨੂੰ ਪ੍ਰਫੁੱਲਿਤ ਕਰਨਾ ਸਰਕਾਰ ਦੀ ਮੁੱਢਲੀ ਜ਼ਿੰਮੇਵਾਰੀ ਹੈ।

## ਸਿੱਧੂ ਮੂਸੇਵਾਲਾ ਨੇ ਫਿਰ ਗਾਇਆ ਵਿਵਾਦਿਤ ਗੀਤ

*ਜਥੇਦਾਰ ਅਕਾਲ ਤਖਤ ਵੱਲੋਂ ਸਖ਼ਤ ਕਾਰਵਾਈ ਦੇ ਹੁਕਮ*

**ਅੰਮ੍ਰਿਤਸਰ/ਏ.ਟੀ. ਨਿਊਜ਼** : ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਗਾਇਕ ਸਿੱਧੂ ਮੂਸੇ ਵਾਲਾ, ਜਿਸ ਨੇ ਗਾਣੇ ਵਿੱਚ ਮਾਤਾ ਭਾਗ ਕੌਰ ਜੀ ਦੇ ਨਾਂ ਦੀ ਦੁਰਵਰਤੋਂ ਕੀਤੀ ਸੀ ਤੇ ਸ਼੍ਰੋਮਣੀ ਕਮੇਟੀ ਵੱਲੋਂ ਪਹਿਲਾਂ ਵੀ ਕਾਰਵਾਈ ਚੱਲ ਰਹੀ ਹੈ ਪਰ ਹਾਲੇ ਤੱਕ ਕਾਰਵਾਈ ਮੁਕੰਮਲ ਨਹੀਂ ਹੋ ਸਕੀ। ਉੱਧਰ ਸਿੱਧੂ ਮੂਸੇਵਾਲਾ ਨੇ ਹੁਣ ਵਿਦੇਸ਼ ਵਿੱਚ ਉਹੀ ਗਾਣਾ ਦੁਬਾਰਾ ਬੋਲਿਆ ਹੈ ਜਿਸ ਨਾਲ ਸਿੱਖ ਸੰਗਤਾਂ ਦੇ ਹਿਰਦੇ ਨੂੰ ਗਹਿਰੀ ਠੇਸ ਪਹੁੰਚੀ ਹੈ। ਇਸ ਲਈ ਸਿੰਘ ਸਾਹਿਬ ਨੇ ਇਸ ਮਾਮਲੇ 'ਤੇ ਸ਼੍ਰੋਮਣੀ ਕਮੇਟੀ ਨੂੰ ਤੁਰੰਤ ਸਖ਼ਤ ਕਾਰਵਾਈ ਕਰਨ ਦੇ ਹੁਕਮ ਦਿੱਤੇ ਹਨ। ਇਸ ਤੋਂ ਇਲਾਵਾ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਦਿੱਲੀ ਤੋਂ ਪੁੱਜੀ ਇਕ ਹੋਰ ਸ਼ਿਕਾਇਤ ਬਾਰੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੂੰ ਪੱਤਰ ਲਿਖ ਕੇ ਗੁਰਦੁਆਰਾ ਸਿੰਘ ਸਭਾ ਭੋਗਲ ਦਿੱਲੀ ਵਿਖੇ ਵਿਵਾਦਤ ਬਾਬਾ ਰਾਮਪਾਲ ਦੇ ਚੇਲਿਆਂ ਵੱਲੋਂ ਕੀਤੀ ਗਈ ਮਰਿਆਦਾ ਦੀ ਉਲੰਘਣਾ ਦੀ ਡੂੰਘੀ ਪੜਤਾਲ ਕਰਕੇ ਸਖ਼ਤ ਕਾਰਵਾਈ ਕਰਨ ਦੇ ਹੁਕਮ ਜਾਰੀ ਕੀਤੇ ਹਨ। ਇਸ ਦੇ ਨਾਲ ਹੀ ਲੋੜੀਂਦੇ ਕਦਮ ਚੁੱਕਣ ਦੀ ਵੀ ਗੱਲ ਕਹੀ ਗਈ ਹੈ।

# ਭਾਰਤੀ ਏਜੰਸੀਆਂ ਦੇ ਨਿਸ਼ਾਨੇ 'ਤੇ ਜਗਮੀਤ ਸਿੰਘ

**-ਸੁਖਵਿੰਦਰ ਸਿੰਘ**

ਕੈਨੇਡਾ ਦੀ ਰਾਜਨੀਤੀ ਵਿੱਚ ਆਪਣੀ ਸਿਆਣਪ ਅਤੇ ਕਾਬਲੀਅਤ ਨਾਲ ਸਿਖਰਲਾ ਸਥਾਨ ਹਾਸਲ ਕਰਨ ਵਾਲੇ ਜਗਮੀਤ ਸਿੰਘ ਦੀ ਪ੍ਰਸਿੱਧੀ ਭਾਰਤੀ ਸਟੇਟ ਨੂੰ ਪਚਾਉਣੀ ਔਖੀ ਹੋ ਰਹੀ ਹੈ ਅਤੇ ਹੁਣ ਭਾਰਤੀ ਰਾਸ਼ਟਰਵਾਦੀ ਮੀਡੀਆ ਅਦਾਰਿਆਂ ਰਾਹੀਂ ਭਾਰਤੀ ਏਜੰਸੀਆਂ ਜਗਮੀਤ ਸਿੰਘ ਦੀ ਕਿਰਦਾਰਕੁਸ਼ੀ ਦੀ ਕੋਸ਼ਿਸ਼ ਕਰ ਰਹੀਆਂ ਹਨ। ਬੀਤੇ ਦਿਨ ਕੈਨੇਡਾ ਦੀ ਪਾਰਲੀਮੈਂਟ ਲਈ ਪਈਆਂ ਵੋਟਾਂ ਦੇ ਚੋਣ ਨਤੀਜੇ ਆਉਣ ਨਾਲ ਸਾਫ ਹੋ ਗਿਆ ਕਿ ਭਾਵੇਂ ਜਸਟਿਨ ਟਰੂਡੋ ਦੀ ਅਗਵਾਈ ਵਾਲੀ ਲਿਬਰਲ ਪਾਰਟੀ ਸਭ ਤੋਂ ਵੱਧ ਸੀਟਾਂ ਲੈ ਕੇ ਸਰਕਾਰ ਬਣਾਉਣ ਦੀ ਦਾਅਵੇਦਾਰ ਹੈ ਪਰ ਪੂਰਨ ਬਹੁਮਤ ਨਾ ਮਿਲਣ ਕਰਕੇ ਉਸ ਨੂੰ ਸਰਕਾਰ ਚਲਾਉਣ ਲਈ ਜਗਮੀਤ ਸਿੰਘ ਦੀ ਅਗਵਾਈ ਵਾਲੀ ਐਨਡੀਪੀ ਪਾਰਟੀ ਦੀ ਪੈਰ-ਪੈਰ 'ਤੇ ਮਦਦ ਦੀ ਲੋੜ ਪਵੇਗੀ।

ਇਨ੍ਹਾਂ ਨਤੀਜਿਆਂ ਤੋਂ ਕੌਮਾਂਤਰੀ ਮੀਡੀਆ ਨੇ ਜਿੱਥੇ ਜਸਟਿਨ ਟਰੂਡੋ ਨੂੰ "ਕਿੰਗ" ਦਾ ਲਕਬ ਦਿੱਤਾ ਉੱਥੇ ਹੀ ਜਗਮੀਤ ਸਿੰਘ ਨੂੰ "ਕਿੰਗ ਮੇਕਰ" ਦੱਸਿਆ।

### ਭਾਰਤੀ ਮੀਡੀਆ ਦਾ ਭੰਡੀ ਪ੍ਰਚਾਰ

ਇਹ ਚੋਣ ਨਤੀਜੇ ਆਉਂਦਿਆਂ ਹੀ ਭਾਰਤੀ ਮੀਡੀਆ ਨੇ ਜਗਮੀਤ ਸਿੰਘ ਬਾਰੇ ਭੰਡੀ ਪ੍ਰਚਾਰ ਸ਼ੁਰੂ ਕਰ ਦਿੱਤਾ ਹੈ। ਭਾਰਤ ਦੇ ਨਾਮਵਰ ਅਖਬਾਰਾਂ ਵਿੱਚ 'ਬਿਨ੍ਹਾਂ ਕਿਸੇ ਪੱਤਰਕਾਰ ਦੇ ਨਾਂ ਤੋਂ ਖਬਰਾਂ ਛਾਪੀਆਂ ਗਈਆਂ ਹਨ ਜਿਨ੍ਹਾਂ ਵਿੱਚ ਲਿਖਿਆ ਗਿਆ ਹੈ ਕਿ ਜਗਮੀਤ ਸਿੰਘ 'ਅੱਤਵਾਦੀ' ਸਰਗਰਮੀਆਂ ਨਾਲ ਜੁੜਿਆ ਹੋਇਆ ਹੈ। ਇਨ੍ਹਾਂ ਲਿਖਤਾਂ ਵਿੱਚ ਕਿਹਾ ਗਿਆ ਹੈ ਕਿ ਜਗਮੀਤ ਸਿੰਘ ਪਾਕਿਸਤਾਨ ਰਹਿੰਦੇ 'ਖਾਲਿਸਤਾਨੀ ਅੱਤਵਾਦੀਆਂ' (ਸਿੱਖ ਨਜ਼ਰਾਂ ਵਿੱਚ ਖਾੜਕੂ) ਨੂੰ ਫੰਡ ਮੁਹੱਈਆ ਕਰਵਾਉਂਦਾ ਹੈ, ਇਸ ਲਈ ਉਹ ਭਾਰਤੀ ਖ਼ੁਫੀਆ ਏਜੰਸੀ ਰਾਅ ਦੇ ਨਿਸ਼ਾਨੇ 'ਤੇ ਹੈ। ਵੱਖ-ਵੱਖ ਖਬਰੀ ਅਦਾਰਿਆਂ ਵੱਲੋਂ ਛਾਪੀ ਲਗਭਗ ਇੱਕੋ ਜਿਹੀ ਰਿਪੋਰਟ ਵਿੱਚ ਮੁੱਖ ਤੱਥ ਇਹ ਹਨ ਕਿ ਜਗਮੀਤ ਸਿੰਘ ਖਾਲਿਸਤਾਨ ਪੱਖੀ ਗਤੀਵਿਧੀਆਂ ਨੂੰ ਹੱਲਾਸ਼ੇਰੀ ਦਿੰਦਾ ਹੈ ਤੇ ਕੈਨੇਡਾ ਵਿੱਚ ਖਾਲਿਸਤਾਨੀ ਅਤੇ ਕਸ਼ਮੀਰੀ ਅਜ਼ਾਦੀ ਪਸੰਦ ਲੋਕਾਂ ਨੂੰ ਇਕਜੁੱਟ ਕਰਨ ਦੀਆਂ ਕੋਸ਼ਿਸ਼ਾਂ ਕਰ ਰਿਹਾ ਹੈ। ਜਦੋਂ ਸਾਰੀ ਦੁਨੀਆ ਦੇ ਸਿਆਣੇ ਲੋਕ ਭਾਰਤ ਵਲੋਂ ਕਸ਼ਮੀਰ ਵਿਚ ਧਾਰਾ 370 ਹਟਾ ਕੇ ਫੌਜੀ ਤਾਕਤ ਨਾਲ ਕੀਤੇ ਜਾ ਰਹੇ ਮਨੁੱਖੀ ਹੱਕਾਂ ਦੇ ਘਾਣ ਖਿਲਾਫ ਬੋਲ ਰਹੇ ਹਨ ਤਾਂ ਜਗਮੀਤ ਸਿੰਘ ਵਲੋਂ ਕਸ਼ਮੀਰੀ ਲੋਕਾਂ ਦੇ ਹੱਕਾਂ ਲਈ ਚੁੱਕੀ ਅਵਾਜ਼ ਨੂੰ ਵੀ ਇਨ੍ਹਾਂ ਰਿਪੋਰਟਾਂ ਵਿੱਚ ਉਸ ਦਾ ਦੋਸ਼ ਬਣਾ ਕੇ ਪੇਸ਼ ਕੀਤਾ ਗਿਆ ਹੈ।



ਭਾਰਤੀ ਸਟੇਟ ਜਗਮੀਤ ਸਿੰਘ ਤੋਂ ਕਿਉਂ ਘਬਰਾਉਂਦੀ ਹੈ ?

ਜਦੋਂ ਇੱਕ ਪਾਸੇ ਭਾਰਤੀ ਸਟੇਟ ਨੇ 1984 ਵਿੱਚ ਸਿੱਖ ਕੌਮ ਦੀ ਨਸਲਕੁਸ਼ੀ ਕਰਕੇ ਅਤੇ ਇਸ ਨਸਲਕੁਸ਼ੀ ਖਿਲਾਫ ਸਿੱਖ ਕੌਮ ਵਲੋਂ ਲੜੇ ਸੰਘਰਸ਼ ਨੂੰ ਅੱਤਵਾਦ ਦਾ ਨਾਂ ਦੇ ਕੇ ਸਿੱਖਾਂ ਨੂੰ ਕੁੱਲ ਦੁਨੀਆ ਵਿੱਚ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਤ: ਆਪਣੇ ਕੌਮੀ ਘਰ ਤੋਂ ਦੂਰ ਤੰਗੀਆਂ ਦੁਸ਼ਵਾਰੀਆਂ ਨੂੰ ਝੱਲਦੀ ਹੋਈ ਸਿੱਖ ਕੌਮ ਨੇ ਪੱਛਮੀ ਮੁਲਕਾਂ ਵਿੱਚ ਆਪਣੀ ਮਿਹਨਤ, ਲਿਆਕਤ, ਸਿਆਣਪ ਅਤੇ ਸਰਬੱਤ ਦੇ ਭਲੇ ਦੇ ਇਲਾਹੀ ਫਲਸਫੇ ਰਾਹੀਂ ਉੱਚ ਥਾਂ ਬਣਾਈ। ਸਿੱਖਾਂ ਦੀਆਂ ਅਨੇਕਾਂ ਪ੍ਰਾਪਤੀਆਂ ਵਿੱਚੋਂ ਜਗਮੀਤ ਸਿੰਘ ਨੇ ਵੱਡੀ ਪ੍ਰਾਪਤੀ ਕਰਦਿਆਂ ਕੈਨੇਡਾ ਦੀ ਸਿਆਸਤ ਵਿੱਚ ਪ੍ਰਮੁੱਖ ਪਾਰਟੀ ਐਨਡੀਪੀ ਦੀ ਪ੍ਰਧਾਨਗੀ ਹਾਸਲ ਕੀਤੀ। ਐਨਡੀਪੀ ਦੀ ਪ੍ਰਧਾਨਗੀ ਲਈ ਜਦੋਂ ਜਗਮੀਤ ਸਿੰਘ ਚੋਣ ਲੜ ਰਿਹਾ ਸੀ ਉਸ ਸਮੇਂ ਵੀ ਭਾਰਤੀ ਏਜੰਸੀਆਂ ਵੱਲੋਂ ਉਸ ਨੂੰ ਹਰਾਉਣ ਦੀਆਂ ਸਿਰਤੋੜ ਕੋਸ਼ਿਸ਼ ਕੀਤੀਆਂ ਗਈਆਂ ਪਰ ਜਗਮੀਤ ਸਿੰਘ ਭਾਰਤੀ ਏਜੰਸੀਆਂ ਨੂੰ ਹਰਾ ਕੇ ਜਿੱਤ ਹਾਸਲ ਕਰਨ ਵਿੱਚ ਕਾਮਯਾਬ ਹੋਇਆ।

ਦਰਅਸਲ ਉੱਚ ਪੱਧਰ ਦਾ ਵਕੀਲ ਜਗਮੀਤ ਸਿੰਘ ਮੁੱਢ ਤੋਂ ਹੀ ਸਿੱਖਾਂ ਦੀ ਅਤੇ ਭਾਰਤ ਦੀ ਰਾਜਨੀਤਕ ਸਥਿਤੀ ਤੋਂ ਚੰਗੀ ਤਰ੍ਹਾਂ ਜਾਣੂ ਸੀ ਜਿਸ ਦੇ ਚਲਦਿਆਂ ਉਸ ਨੇ ਆਪਣੇ ਸਿਆਸੀ ਜੀਵਨ ਦੇ ਮੁੱਢਲੇ ਦੌਰ ਵਿੱਚ ਹੀ ਭਾਰਤ ਵੱਲੋਂ ਕੀਤੇ ਗਏ ਸਿੱਖ ਕਤਲੇਆਮ ਬਾਰੇ ਖੁੱਲ੍ਹ ਕੇ ਬੋਲਣਾ ਸ਼ੁਰੂ ਕੀਤਾ ਅਤੇ ਭਾਰਤ ਦੇ ਮਨੁੱਖੀ ਹੱਕਾਂ ਦੇ ਘਾਣ ਕਰਨ ਵਾਲੇ ਵਤੀਰੇ ਨੂੰ ਆਪਣੇ ਭਾਸ਼ਣਾਂ ਦਾ ਹਿੱਸਾ ਬਣਾਇਆ। ਇਸ ਸੱਚ ਤੋਂ ਤੰਗ ਆ ਕੇ ਭਾਰਤੀ ਏਜੰਸੀਆਂ ਦੇ ਇਸ਼ਾਰਿਆਂ 'ਤੇ ਅੰਗਰੇਜ਼ਾਂ ਖਿਲਾਫ ਅਜ਼ਾਦੀ ਲਈ ਜੂਝਣ ਵਾਲੇ ਸੇਵਾ ਸਿੰਘ ਠੀਕਰੀਵਾਲਾ ਦੇ ਪੜ੍ਹਪੋਤਰੇ ਜਗਮੀਤ ਸਿੰਘ ਨੂੰ ਕੈਨੇਡਾ ਦੀ ਸੂਬਾਈ ਅਸੈਂਬਲੀ ਦਾ ਮੈਂਬਰ ਹੋਣ ਦੇ ਬਾਵਜੂਦ ਭਾਰਤ ਸਰਕਾਰ ਨੇ ਪੰਜਾਬ ਆਉਣ ਲਈ ਵੀਜ਼ਾ ਦੇਣ ਤੋਂ ਨਾਂਹ ਕਰ ਦਿੱਤੀ। 2013 ਵਿੱਚ ਜਦੋਂ ਭਾਰਤ ਸਰਕਾਰ ਨੇ ਜਗਮੀਤ ਸਿੰਘ ਨੂੰ ਵੀਜ਼ਾ ਦੇਣ ਤੋਂ ਨਾਂਹ ਕੀਤੀ ਤਾਂ ਉਸ ਦਾ ਅਧਾਰ ਇਹ ਬਣਾਇਆ ਗਿਆ ਕਿ ਜਗਮੀਤ ਸਿੰਘ ਮਨੁੱਖੀ ਹੱਕਾਂ ਦੀ ਆੜ ਹੇਠ ਭਾਰਤ ਨੂੰ ਬਦਨਾਮ ਕਰਦਾ ਹੈ। ਭਾਰਤ ਦੇ ਇਤਿਹਾਸ ਵਿੱਚ ਇਹ ਪਹਿਲਾ ਮੌਕਾ ਸੀ ਜਦੋਂ ਕਿਸੇ ਪੱਛਮੀ ਮੁਲਕ ਦੇ ਲੋਕ ਨੁਮਾਇੰਦੇ ਨੂੰ ਭਾਰਤ ਨੇ ਵੀਜ਼ਾ ਨਾ ਦਿੱਤਾ ਹੋਵੇ।

ਉਸ ਤੋਂ ਬਾਅਦ ਜਗਮੀਤ ਸਿੰਘ ਦੀ ਅਤੇ ਭਾਰਤੀ ਸਟੇਟ ਦੀ ਲੜਾਈ ਹੋਰ ਤਿੱਖੀ ਹੁੰਦੀ ਗਈ। ਭਾਰਤੀ ਸਟੇਟ ਨੇ ਜਗਮੀਤ ਸਿੰਘ ਨੂੰ ਆਪਣੀਆਂ ਏਜੰਸੀਆਂ ਰਾਹੀਂ ਹਰਾਉਣ ਦੀ ਪੂਰੀ ਕੋਸ਼ਿਸ਼ ਕੀਤੀ ਪਰ ਜਗਮੀਤ ਸਿੰਘ ਗੁਰੂ ਆਸਰੇ ਜਿੱਤਦਾ ਗਿਆ।

ਭਾਰਤੀ ਸਟੇਟ ਨੂੰ ਜਗਮੀਤ ਸਿੰਘ ਨੇ ਸਭ ਤੋਂ ਵੱਡੀ ਹਾਰ ਉਸ ਸਮੇਂ ਦਿੱਤੀ ਜਦੋਂ 2016 ਵਿੱਚ ਉਸ ਵਲੋਂ ਓਂਟਾਰੀਓ ਦੀ ਅਸੈਂਬਲੀ ਵਿੱਚ 1984 ਦੇ ਸਿੱਖ ਕਤਲੇਆਮ ਨੂੰ 'ਸਿੱਖ ਨਸਲਕੁਸ਼ੀ' ਮੰਨਣ ਦਾ ਮਤਾ ਪੇਸ਼ ਕੀਤਾ ਗਿਆ। ਹਾਲਾਂਕਿ 2016 ਵਿੱਚ ਇਹ ਮਤਾ ਪਾਸ ਨਾ ਹੋ ਸਕਿਆ, ਪਰ ਅਗਲੇ ਸਾਲ ਇੱਕ ਹੋਰ ਸਿੱਖ ਮੈਂਬਰ ਬੀਬੀ ਹਰਿੰਦਰ ਕੌਰ ਮੱਲ੍ਹੀ ਵਲੋਂ ਇਹ ਮਤਾ ਜਦੋਂ ਦੁਬਾਰਾ ਪੇਸ਼ ਕੀਤਾ ਗਿਆ ਤਾਂ ਇਹ ਪਾਸ ਹੋ ਗਿਆ। ਇਸ ਮਤੇ ਦੇ ਪਾਸ ਹੋਣ 'ਤੇ ਭਾਰਤ ਸਰਕਾਰ ਨੇ ਬਹੁਤ ਰੌਲਾ ਪਾਇਆ ਸੀ।

ਜਗਮੀਤ ਸਿੰਘ ਭਾਰਤ ਵੱਲੋਂ ਸਿੱਖ ਸਰੂਪ ਨੂੰ ਬਦਨਾਮ ਕਰਨ ਦੀਆਂ ਕੋਸ਼ਿਸ਼ਾਂ ਦਾ ਵੀ ਇੱਕ ਠੋਕਵਾਂ ਜਵਾਬ ਹੈ ਜਿਸ ਨੇ ਸਾਬਤ ਸੂਰਤ ਸਿੱਖ ਸਰੂਪ ਦੀ ਪਛਾਣ ਨੂੰ ਦੁਨੀਆ ਸਾਹਮਣੇ ਪੇਸ਼ ਕਰਕੇ ਭਾਰਤ ਦੇ ਉਸ ਵਿਚਾਰ ਨੂੰ ਤੋੜਿਆ ਜਿਸ ਰਾਹੀਂ ਇਸ ਸਰੂਪ ਨੂੰ 'ਅੱਤਵਾਦ' ਨਾਲ ਜੋੜਨ ਦੀਆਂ ਅਣਥੱਕ ਕੋਸ਼ਿਸ਼ਾਂ ਕੀਤੀਆਂ ਗਈਆਂ ਸਨ ਜੋ ਅਜੇ ਵੀ ਜਾਰੀ ਹਨ। ਇਹ ਸਾਰੀਆਂ ਖਬਰਾਂ ਜੋ ਭਾਰਤੀ ਮੀਡੀਆ ਜਗਮੀਤ ਸਿੰਘ ਬਾਰੇ ਛਾਪ ਰਿਹਾ ਹੈ, ਉਨ੍ਹਾਂ ਕੋਸ਼ਿਸ਼ਾਂ ਦਾ ਹੀ ਹਿੱਸਾ ਹਨ।

# ਭਾਈ ਹਰਿਸਿਮਰਨ ਸਿੰਘ ਵੱਲੋਂ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਦੇ ਨਾਂ ਖੁੱਲ੍ਹਾ ਖੱਤ

## ਸਿੱਖ ਪੰਥ ਅਤੇ ਮਾਨਵ ਜਾਤੀ ਦੇ ਉੱਜਵਲ ਭਵਿੱਖ ਦੀਆਂ ਦਿਸ਼ਾਵਾਂ ਨਿਰਧਾਰਤ ਕਰਦਾ "ਐਲਾਨਨਾਮਾ" ਜਾਰੀ ਕਰਨ ਦੀ ਅਪੀਲ

ਸਤਿਕਾਰਯੋਗ ਸਿੰਘ ਸਾਹਿਬ ਗਿ. ਹਰਪ੍ਰੀਤ ਸਿੰਘ ਜੀਉ,
ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ ਸਾਹਿਬ।
ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫ਼ਤਹਿ॥

ਗੁਰੂ ਨਾਨਕ ਫਿਲਾਸਫੀ-ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਸਫ਼ਲ ਜੀਵਨ, ਆਦਰਸ਼ਕ ਸਮਾਜ ਅਤੇ ਵਿਵਸਥਾ ਸਿਰਜਣ ਦੇ ਸਮਰੱਥ ਹਨ। ਵਰਤਮਾਨ ਦੇ ਸੰਕਟਗ੍ਰੱਸਤ ਪੰਜਾਬ, ਭਾਰਤ ਅਤੇ ਵਿਸ਼ਵ ਨੂੰ ਇਕ ਨਵੀਂ ਦਿਸ਼ਾ ਦੇਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਸਮੇਤ ਸਮੁੱਚੀਆਂ ਸਿੱਖ ਸੰਸਥਾਵਾਂ ਕੋਲ ਸਪੱਸ਼ਟ ਅਤੇ ਸਾਰਥਿਕ ਕਾਰਜਯੋਜਨਾ ਹੋਣੀ ਜ਼ਰੂਰੀ ਹੈ। ਇਤਿਹਾਸਕ ਦਿਹਾੜੇ ਜੋ ਸੁਨੇਹਾ ਲੈ ਕੇ ਆਉਂਦੇ ਹਨ, ਉਨ੍ਹਾਂ ਨੂੰ ਪ੍ਰਸੰਗਿਕ ਭਾਵਨਾ ਵਿਚ ਸਮਝਣ ਦੀ ਲੋੜ ਹੁੰਦੀ ਹੈ। ਅਜਿਹੇ ਮੌਕੇ 'ਕਿਆ ਤੈ ਖਟਿਆ ਕਹਾ ਗਵਾਇਆ' ਦੇ ਗੁਰਬਾਣੀ ਦ੍ਰਿਸ਼ਟੀਕੋਣ ਤੋਂ ਪਿਛਲੇ ਸਮੇਂ ਕੀਤੀਆਂ ਗਈਆਂ ਪ੍ਰਾਪਤੀਆਂ ਅਤੇ ਅਸਫ਼ਲਤਾਵਾਂ ਦੀ ਸਮੁੱਚੀ ਪੜਚੋਲ ਕਰਕੇ ਭਵਿੱਖ ਦੀ ਦਿਸ਼ਾ ਵੱਲ ਨਵੀਂ ਸਪੱਸ਼ਟਤਾ ਨਾਲ ਅੱਗੇ ਵੱਧਣ ਦੇ ਸਮੇਂ ਵੀ ਹੁੰਦੇ ਹਨ। ਕੌਮਾਂ-ਸੱਭਿਆਚਾਰ ਆਪਣੀ ਸ਼ਕਤੀਸ਼ਾਲੀ ਵਿਚਾਰਧਾਰਾ ਦੇ ਬਲ 'ਤੇ ਇਕ ਨੀਤੀ ਤਹਿਤ ਕੰਮ ਕਰਕੇ ਆਪਣਾ ਵਿਸ਼ਵ ਸਥਾਨ ਪ੍ਰਾਪਤ ਕਰ ਲੈਂਦੇ ਹਨ। ਪਰ ਅਜਿਹੀ ਵਿਸ਼ਵ ਭੂਮਿਕਾ ਨਿਭਾਉਣ ਵਾਲੇ ਲੋਕ ਅਕਸਰ ਕਿਸੇ ਨਾ ਕਿਸੇ ਸੰਕਟਮਈ ਸਥਿਤੀ ਵਿਚ ਰਹਿੰਦੇ ਹਨ। ਸਿੱਖ ਪੰਥ ਲਈ ਸੰਕਟਾਂ ਦੀ ਅਜਿਹੀ ਸਥਿਤੀ ਵਰਤਮਾਨ ਵਿਚ ਬਣੀ ਹੋਈ ਹੈ ਅਤੇ ਭਵਿੱਖ ਵਿਚ ਵੀ ਬਣੀ ਰਹੇਗੀ। ਹਰ ਸਮਕਾਲ ਦੇ ਆਗੂਆਂ ਨੂੰ ਆਪਣੇ ਲੋਕਾਂ ਦੇ ਸਰੋਕਾਰਾਂ ਦੀ ਸਫ਼ਲ ਅਗਵਾਈ ਕਰਨ ਲਈ ਆਪਣੇ ਸਮੇਂ ਦੇ ਮੁੱਦਿਆਂ ਨੂੰ ਸੰਬੋਧਿਤ ਹੋਣਾ ਹੁੰਦਾ ਹੈ। ਪਰ ਇਕ ਵਿਚਾਰ ਸਪੱਸ਼ਟ ਹੈ ਕਿ ਜਿਤਨੀਆਂ ਸਬੰਧਿਤ ਕੌਮ ਦੇ ਮੁੱਦਿਆਂ ਨੂੰ ਅੱਗੇ ਲੈ ਕੇ ਜਾਣ ਵਾਲੀਆਂ ਸੰਸਥਾਵਾਂ ਸ਼ਕਤੀਸ਼ਾਲੀ ਹੁੰਦੀਆਂ ਹਨ, ਉਤਨੀਆਂ ਹੀ ਉਹ ਸਪੱਸ਼ਟਤਾ ਅਤੇ ਸ਼ਕਤੀ ਨਾਲ ਅੱਗੇ ਵੱਧ ਸਕਦੀਆਂ ਹਨ।





ਸੰਸਥਾਵਾਂ ਨੂੰ ਸ਼ਕਤੀਸ਼ਾਲੀ ਕਰਨ ਦੀ ਲੋੜ

ਸਿੱਖ ਪੰਥ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਯਾਨਿ ਤਖ਼ਤ ਜਥੇਬੰਦੀ ਦੀ ਸੰਸਥਾ ਸਮੇਤ ਗੁਰਦੁਆਰਾ ਸੰਸਥਾ, ਰਾਜਨੀਤੀ, ਆਰਥਿਕਤਾ, ਵਿੱਦਿਆ, ਸੱਭਿਆਚਾਰ, ਸਿੱਖ ਸ਼ਾਸਕੀ ਮਾਡਲ ਅਤੇ ਸਮੁੱਚੇ ਸਿੱਖ ਵਿਸ਼ਵ ਦ੍ਰਿਸਟੀਕੋਣ ਆਦਿ ਸੰਸਥਾਵਾਂ ਜਿਵੇਂ ਕਮਜ਼ੋਰ ਹੋ ਗਈਆਂ ਹਨ, ਜਾਂ ਕਰ ਦਿੱਤੀਆਂ ਗਈਆਂ ਹਨ, ਉਨ੍ਹਾਂ ਨੂੰ ਨਵੇਂ ਰੂਪ ਵਿਚ ਸੰਗਠਿਤ ਕਰਨ ਅਤੇ ਸ਼ਕਤੀਸ਼ਾਲੀ ਕਰਨ ਦਾ ਮੁੱਦਾ ਮਹੱਤਵਪੂਰਨ ਬਣ ਗਿਆ ਹੈ। ਸਿੱਖ ਪੰਥ ਦੇ ਭਵਿੱਖ ਲਈ ਪੰਜਾਬ ਅਤੇ ਵਿਸ਼ਵ ਭਰ ਵਿਚ ਵੱਸਦੇ ਫਿਕਰਮੰਦ ਸਿੱਖਾਂ ਦੀ ਇਹ ਮੁੱਢਲੀ ਚਿੰਤਾ ਹੈ ਕਿ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਪੁਰਬ ਸਮੇਂ ਸਿੱਖ ਸੰਸਥਾਵਾਂ ਨੂੰ ਹੋਰ ਸ਼ਕਤੀਸ਼ਾਲੀ ਕੀਤਾ ਜਾਏ ਅਤੇ ਇਨ੍ਹਾਂ ਦੀ ਨਵੀਂ ਭਵਿੱਖਮੁਖੀ ਭੂਮਿਕਾ ਨਿਸ਼ਚਿਤ ਕੀਤੀ ਜਾਏ। ਇਸ ਲਈ ਇਸ ਮੌਕੇ ਨੂੰ ਅੱਗੇ ਵਧਣ ਲਈ ਇਕ ਵੱਡੇ ਸਾਧਨ ਵਜੋਂ ਵਰਤਿਆ ਜਾਣਾ ਜ਼ਰੂਰੀ ਹੋ ਗਿਆ ਹੈ। ਪ੍ਰਕਾਸ਼ ਪੁਰਬ ਸਮਾਗਮਾਂ ਨੂੰ ਇਸ ਕੇਂਦਰੀ ਵਿਸ਼ੇ ਅਥਵਾ ਏਜੰਡੇ ਉੱਤੇ ਫੋਕਸ ਕੀਤਾ ਜਾਣਾ ਚਾਹੀਦਾ ਹੈ।

ਸਪੱਸ਼ਟ ਹੈ ਕਿ ਸਿੱਖ ਪੰਥ ਕੋਲ ਗੁਰੂ ਗ੍ਰੰਥ ਸਾਹਿਬ ਦੀ ਰੌਸ਼ਨੀ ਵਿਚ ਸਿੱਖ ਫਿਲਾਸਫ਼ੀ ਤੋਂ ਸੇਧ ਪ੍ਰਾਪਤ ਕਰਦੀ ਆਪਣੀ ਵਿਸ਼ਵ-ਦ੍ਰਿਸ਼ਟੀ ਹੋਣੀ ਚਾਹੀਦੀ ਹੈ। ਮਾਨਵ ਸਮਾਜ ਦੀਆਂ ਲੋੜਾਂ ਅਨੁਕੂਲ ਪੰਜਾਬ ਤੋਂ ਭਾਰਤ ਅਤੇ ਦੂਰ-ਦੁਰਾਡੇ ਦੇਸ਼ਾਂ ਵਿਚ ਸਿੱਖ ਧਰਮ ਦਾ ਸੁਨੇਹਾ ਦੇਣ ਵਾਲੇ ਗੁਰਦੁਆਰਿਆਂ, ਧਰਮ-ਕੇਂਦਰਾਂ ਅਤੇ ਧਾਰਮਿਕ ਸੰਸਥਾਵਾਂ ਕੋਲ ਸਪੱਸ਼ਟ ਏਜੰਡਾ ਅਤੇ ਚਿਰਸਥਾਈ ਪ੍ਰਚਾਰ ਨੀਤੀ ਹੋਣੀ ਜ਼ਰੂਰੀ ਹੈ।ਇਨ੍ਹਾਂ ਹੀ ਲੀਹਾਂ ਉੱਤੇ ਸਿੱਖ ਪੰਥ ਦਾ ਜੀਵਨ ਦੀਆਂ ਸਾਰੀਆਂ ਸੰਸਥਾਵਾਂ ਦਾ ਨੀਤੀਤੰਤਰ ਬਨਣਾ ਵੀ ਜ਼ਰੂਰੀ ਹੈ। ਸਿੱਖ ਪੰਥ ਦੀ ਰਾਜਨੀਤਿਕ-ਸੱਤਾ ਨੀਤੀ, ਆਰਥਿਕ ਨੀਤੀ, ਵਿਦਿਅਕ-ਬੌਧਿਕ ਨੀਤੀ, ਸੱਭਿਆਚਾਰਕ ਨੀਤੀ, ਵਿਦੇਸ਼ ਨੀਤੀ, ਖੇਡ ਨੀਤੀ, ਮੀਡੀਆ ਨੀਤੀ, ਸਿੱਖ ਨੌਜਵਾਨੀ ਨੂੰ ਸੰਭਾਲਣ ਅਤੇ ਉਨ੍ਹਾਂ ਦੀ ਜੀਵਨ ਸੁਰੱਖਿਆ ਯਕੀਨੀ ਬਣਾਉਂਦਿਆਂ ਉਨ੍ਹਾਂ ਦੇ ਸਿਰਜਣਾਤਮਿਕ ਕਾਰਜਾਂ ਵਿਚ ਯੋਗਦਾਨ ਸਬੰਧੀ ਨੀਤੀ, ਰਿਸ਼ਟ-ਪੁਸ਼ਟ ਜੀਵਨ ਸਬੰਧੀ ਨੀਤੀ ਅਤੇ ਇਸੇ ਤਰ੍ਹਾਂ ਹੋਰ ਜੀਵਨ ਖੇਤਰਾਂ ਸਬੰਧੀ ਲੰਮਾ-ਚਿਰੀ ਪ੍ਰਚਾਰ ਨੀਤੀ ਸ਼ਾਸਤਰ ਤਿਆਰ ਕਰਨਾ ਸਮੇਂ ਦੀ ਮੰਗ ਹੈ।

ਗੁਰਦੁਆਰਾ ਸੰਸਥਾ ਦੀ ਸਮਾਜ ਭਲਾਈ ਭੂਮਿਕਾ

ਸਿੱਖੀ ਜੀਵਨ ਅਤੇ ਪੰਥ ਨੂੰ ਮੁੱਖ ਤੌਰ 'ਤੇ ਗੁਰਦੁਆਰਾ ਸੰਸਥਾ, ਮਨੁੱਖੀ ਸਰੋਤ ਘੜ੍ਹਨ ਵਾਲੀ ਅਕਾਦਮਿਕ-ਧਾਰਮਿਕ ਵਿਦਿਆ, ਆਰਥਿਕਤਾ, ਸਿਹਤ ਸੰਭਾਲ, ਰੁਜ਼ਗਾਰ ਸਮੇਤ ਸਮੁੱਚੀ ਜੀਵਨ ਸੁਰੱਖਿਆ, ਸਿੱਖ ਸੱਭਿਆਚਾਰ, ਸਿੱਖ ਰਾਜਨੀਤੀ-ਪ੍ਰੇਰਿਤ ਜਾਂ ਕੇਂਦਰ-ਪ੍ਰੇਰਿਤ ਪੰਜਾਬ ਦੀ ਸ਼ਾਸਨ ਵਿਵਸਥਾ, ਸਿੱਖ ਆਗੂ, ਭਾਰਤ ਦੇ ਹਾਲਾਤ ਅਤੇ ਵਿਸ਼ਵ ਵਿੱਚ ਸਿੱਖਾਂ ਦੇ ਹੋ ਚੁਕੇ ਫੈਲਾਅ ਨਾਲ ਜੁੜੇ ਮੁੱਦੇ ਪ੍ਰਭਾਵਿਤ ਕਰਦੇ ਹਨ। ਪੰਜਾਬ ਤੋਂ ਲੈ ਕੇ ਵਿਸ਼ਵ ਪੱਧਰ ਤੱਕ ਬਣ ਚੁੱਕੇ ਗੁਰਦੁਆਰੇ ਮਹਿਜ਼ ਇਮਾਰਤਾਂ ਹੀ ਬਣ ਕੇ ਰਹਿ ਗਏ ਹਨ। ਇਨ੍ਹਾਂ ਵਿਚੋਂ ਸਿੱਖੀ ਦਾ ਮੂਲ ਸੁਨੇਹਾ ਅਤੇ ਮਕਸਦ ਮਨਫ਼ੀ ਹੁੰਦੇ ਜਾ ਰਹੇ ਹਨ। ਗੁਰਦੁਆਰਾ ਕੇਂਦਰ ਅਤੇ ਸੰਸਥਾ ਦੀ ਲੋਕ ਭਲਾਈ ਅਥਵਾ ਸਮਾਜਿਕ ਭੂਮਿਕਾ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। ਗੁਰਦੁਆਰਾ ਕੇਂਦਰਾਂ ਵਿਚ ਜੇਕਰ ਸਮਾਜ ਭਲਾਈ ਪ੍ਰਥਾਇ ਵਿਦਿਅਕ ਕੋਚਿੰਗ ਕੇਂਦਰ, ਸਿਹਤ ਸੰਭਾਲ ਕਲੀਨਿਕ, ਕੰਪਿਊਟਰ ਸਿੱਖਿਆ, ਜਿੰਮ, ਮਾਰਸ਼ਲ ਆਰਟਸ, ਲਾਇਬ੍ਰੇਰੀ, ਗੁਰਮਤਿ ਸਿੱਖਿਆ ਅਤੇ ਬਾਲਗ ਸਿੱਖਿਆ ਆਦਿ ਕਾਰਜ ਸ਼ੁਰੂ ਕੀਤੇ ਜਾਣ ਤਾਂ ਗੁਰਦੁਆਰਾ ਕੇਂਦਰ ਪੰਜਾਬ ਦੇ ਲੋਕਾਂ, ਵਿਸ਼ੇਸ਼ ਕਰਕੇ ਗਰੀਬ ਤਬਕੇ ਲਈ ਇਕ ਵੱਡਾ ਵਰਦਾਨ ਸਾਬਿਤ ਹੋ ਸਕਦੇ ਹਨ। ਇਕ ਅਨੁਮਾਨ ਅਨੁਸਾਰ ਪੰਜਾਬ ਤੋਂ ਵਿਸ਼ਵ ਪੱਧਰ ਤੱਕ ਗੁਰਦੁਆਰਿਆਂ ਦੇ ਆਪਸੀ ਤਾਲਮੇਲ ਨਾਲ ਹੀ ਲਗਭਗ 2 ਲੱਖ ਦੇ ਕਰੀਬ ਨੌਕਰੀਆਂ ਪੈਦਾ ਹੋ ਜਾਣਗੀਆਂ, ਜਿਨ੍ਹਾਂ ਦਾ ਪ੍ਰਬੰਧ ਸਰਕਾਰਾਂ ਉਤੇ ਨਿਰਭਰ ਰਹਿ ਕੇ ਨਹੀਂ, ਸਗੋਂ ਸੰਗਤਾਂ ਦੇ ਦਸਵੰਧ ਨਾਲ ਹੀ ਹੋ ਸਕੇਗਾ। ਸ਼੍ਰੋਮਣੀ ਕਮੇਟੀ ਤੋਂ ਲੈ ਕੇ ਸਾਰੀਆਂ ਨਾਮਵਰ ਪ੍ਰਬੰਧਕ ਕਮੇਟੀਆਂ ਵਿਚ ਵੱਡੀ ਪੱਧਰ 'ਤੇ ਬਹੁ-ਪਰਤੀ ਸੁਧਾਰ ਲਿਆਉਣ ਦੇ ਵੱਡੇ ਕਾਰਜ ਕਰਨੇ ਵੀ ਜ਼ਰੂਰੀ ਹਨ। ਗੁਰਦੁਆਰਾ ਸੰਸਥਾ ਦੀ ਨਵੀਂ ਸਮਾਜ ਭਲਾਈ ਭੂਮਿਕਾ ਇਨ੍ਹਾਂ ਸਮਾਗਮਾਂ ਵਿਚ ਵਿਚਾਰੇ ਜਾਣ ਦਾ ਏਜੰਡਾ ਬਣਨਾ ਚਾਹੀਦਾ ਹੈ।

ਵਿਸ਼ਵ ਵਿਆਪੀ ਐਲਾਨਨਾਮਾ

ਪੰਥਕ ਜਥੇਬੰਦੀਆਂ, ਸੰਪ੍ਰਦਾਵਾਂ ਅਤੇ ਵਿਦਵਾਨਾਂ ਆਦਿ ਨਾਲ ਵਿਚਾਰ ਕਰਕੇ ਸੁਲਤਾਨਪੁਰ ਲੋਧੀ ਵਿਖੇ 12 ਨਵੰਬਰ 2019 ਨੂੰ ਹੋਣ ਵਾਲੇ ਸਮਾਗਮਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨਿਗਰਾਨੀ ਅਥਵਾ ਅਗਵਾਈ ਹੇਠ ਕਰਨ ਅਤੇ ਸਾਰੀਆਂ ਧਿਰਾਂ ਨੂੰ ਘੱਟੋ-ਘੱਟ ਮਿਲ ਬੈਠ ਕੇ ਇਕ ਦਿਨ ਸਾਂਝੇ ਮੰਚ ਉਤੇ ਪ੍ਰਕਾਸ਼ ਪੁਰਬ ਮਨਾਉਣ ਦਾ ਜੋ ਆਦੇਸ਼ ਦਿੱਤਾ ਹੈ, ਉਹ ਆਪਣੇ ਆਪ ਵਿਚ ਇਕ ਜੁਰਅੱਤ ਵਾਲਾ ਇਤਿਹਾਸਕ ਫੈਸਲਾ ਹੈ। ਇਸ ਸਮੇਂ ਰਾਜਨੀਤਿਕ ਅਤੇ ਹੋਰ ਆਗੂ ਗੁਰੂ ਨਾਨਕ ਸਾਹਿਬ ਦੇ ਜੀਵਨ ਸਬੰਧੀ ਆਪਣੇ ਵਿਚਾਰ ਦੇਣਗੇ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸਿੱਖ ਪੰਥ ਅਤੇ ਮਾਨਵ ਸੱਭਿਅਤਾ ਦੀ ਹੋਣੀ ਨੂੰ ਸੰਵਾਰਨ ਵਾਲੇ ਨੀਤੀਗਤ ਦਿਸ਼ਾ-ਨਿਰਦੇਸ਼ ਇਕ ਐਲਾਨਨਾਮੇ ਦੇ ਰੂਪ ਵਿਚ ਸਾਹਮਣੇ ਆਉਣੇ ਜ਼ਰੂਰੀ ਹਨ। ਇਹ ਐਲਾਨਨਾਮਾ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਜਾਰੀ ਕੀਤਾ ਗਿਆ ਨੀਤੀ ਦਸਤਾਵੇਜ਼ ਹੋਏਗਾ, ਜੋ ਜਿੱਥੇ ਭਵਿੱਖ ਵਿਚ ਸਿੱਖ ਸੰਸਥਾਵਾਂ ਨੂੰ ਸ਼ਕਤੀਸ਼ਾਲੀ ਕਰੇਗਾ, ਉਥੇ ਸੰਸਥਾਵਾਂ ਦੀ ਭਵਿੱਖ ਦੀ ਕਾਰਜਯੋਜਨਾ ਦਾ ਆਧਾਰ ਬਣ ਜਾਏਗਾ। ਇਸ ਐਲਾਨਨਾਮੇ ਵਿਚੋਂ ਗੁਰੂ ਆਦਰਸ਼ਾਂ ਵਾਲੇ " ਵਿਸਮਾਦੀ ਵਿਕਾਸ-ਵਿਗਾਸ ਦੇ ਕਰਤਾਰਪੁਰੀ ਮਾਡਲ " ਦੀ ਵਿਸ਼ਵ ਖੁਸ਼ਬੂ ਆਉਣੀ ਜ਼ਰੂਰੀ ਹੈ। ਇਹੋ ਹੀ ਉਹ ਮਾਡਲ ਹੈ ਜਿਸ ਦੀ ਪੂੰਜੀਵਾਦ, ਸਮਾਜਵਾਦ, ਸਾਮਵਾਦ, ਇਸਲਾਮਿਕ ਸ਼ਰੀਅਤ ਅਤੇ ਹਿੰਦੂਤਵ ਤੋਂ ਬਦਲਵੀਂ ਸ਼ਾਸਕੀ ਵਿਵਸਥਾ ਦੀ ਅੱਜ ਵਿਸ਼ਵ ਮਾਨਵ ਸੱਭਿਅਤਾ ਨੂੰ ਲੋੜ ਹੈ।

ਇਸੇ ਤਰ੍ਹਾਂ ਸਿੱਖ ਪੰਥ ਦੇ ਬੱਚਿਆਂ ਦੀ ਇਕ ਸਫ਼ਲ ਮਨੁੱਖੀ ਸਰੋਤ ਵਜੋਂ ਘਾੜਤ ਕਰਨ ਲਈ ਭਾਰਤੀ ਵਿਦਿਅਕ ਸਿਸਟਮ ਦੇ ਨਾਲ-ਨਾਲ ਸਿੱਖ ਵਿਦਿਅਕ ਪ੍ਰਣਾਲੀ, ਪੰਜਾਬ ਦੇ ਆਰਥਿਕ ਵਿਕਾਸ ਦੇ ਅੰਤਰਗਤ ਕਿਸਾਨੀ, ਵਪਾਰ, ਉਦਯੋਗਕ ਅਤੇ ਸਮੁੱਚੇ ਤੌਰ 'ਤੇ ਆਰਥਿਕ ਵਿਕਾਸ ਦਾ ਨਵਾਂ ਪੰਜਾਬ ਮਾਡਲ ਕੀ ਹੋਵੇ ? ਲੋਕਾਂ ਨੂੰ ਸਸਤਾ ਅਤੇ ਵਧੀਆ ਇਲਾਜ ਦੇਣ ਪ੍ਰਥਾਇ ਨਵਾਂ ਸਿਹਤ ਸੰਭਾਲ ਸਿਸਟਮ ਕਿਵੇਂ ਉਸਾਰਿਆ ਜਾਏ ? ਨਸ਼ਿਆਂ ਅਤੇ ਹੋਰ ਸਮਾਜਿਕ ਬੁਰਾਈਆਂ ਤੋਂ ਮੁਕਤ ਪਰਿਵਾਰਕ-ਸਮਾਜੀ ਰਿਸ਼ਤਿਆਂ ਵਿਚ ਵਿਸਮਾਦੀ ਸਾਂਝ ਵਾਲਾ ਸੁਰੱਖਿਅਤ ਜੀਵਨ ਕਿਵੇਂ ਨਿਸ਼ਚਿਤ ਕੀਤਾ ਜਾਏ ? ਭ੍ਰਿਸ਼ਟਾਚਾਰ-ਮੁਕਤ, ਪਾਰਦਰਸ਼ੀ ਅਤੇ ਆਦਰਸ਼ਕ ਰਾਜ ਅਤੇ ਸ਼ਾਸਨ ਦਾ ਵਿਸਮਾਦੀ ਮਾਡਲ ਕਿਵੇਂ ਵਿਕਸਿਤ ਕੀਤਾ ਜਾਵੇ ਕਿ ਭਵਿੱਖ ਦਾ ਸਿੱਖ ਸ਼ਾਸਕ ਪੰਜਾਬ ਅਤੇ ਇਸ ਤੋਂ ਬਾਹਰ ਦੂਜੇ ਦੇਸ਼ਾਂ ਵਿਚ ਵੀ ਸਫ਼ਲ ਸ਼ਾਸਨ ਚਲਾਉਣ ਦੇ ਸਮਰੱਥ ਹੋ ਸਕੇ ? ਪੰਜਾਬ, ਭਾਰਤ ਅਤੇ ਵਿਸ਼ਵ ਵਿਚ ਵੱਸਦਾ ਸਿੱਖ ਭਾਈਚਾਰਾ ਅਤੇ ਗੁਰੂ ਨਾਨਕ ਨਾਮ ਲੇਵਾ ਵਰਗਾਂ ਨੂੰ ਕਿਵੇਂ ਸ਼ਕਤੀਸ਼ਾਲੀ ਕੀਤਾ ਜਾਏ ? ਇਕ ਕਾਮਨਵੈਲਥ ਵਜੋਂ ਸਿੱਖ ਕਿਵੇਂ ਆਪਣੀ ਵਿਸ਼ਵ ਭੂਮਿਕਾ ਨਿਭਾਉਣ ਦੇ ਸਮਰੱਥ ਹੋ ਸਕਣ ? ਸਿੱਖ ਫਿਲਾਸਫ਼ੀ ਅਨੁਸਾਰ ਵਿਸਮਾਦੀ ਵਿਸ਼ਵ ਆਰਡਰ ਕਿਵੇਂ ਸਿਰਜਿਆ ਜਾਏ ? ਸੰਕਟਗ੍ਰੱਸਤ ਮਾਨਵ ਸੱਭਿਅਤਾ ਨੂੰ ਦਰਪੇਸ਼ ਖਤਰਿਆਂ ਦਾ ਸਾਹਮਣਾ ਕਰਨ ਲਈ ਕਿਵੇਂ ਨਵੀਂ ਦਿਸ਼ਾ ਦਿੱਤੀ ਜਾਵੇ ਕਿ ਇਕ ਸੁਰੱਖਿਅਤ, ਭਾਈਚਾਰਕ ਪਿਆਰ-ਸ਼ਾਂਤੀ ਵਾਲਾ ਸਿਰਜਣਾਤਮਿਕ ਵਿਸ਼ਵ ਸਿਰਜਿਆ ਜਾ ਸਕੇ ? ਇਹ ਅਤੇ ਹੋਰ ਅਜਿਹੇ ਕਈ ਵਿਸ਼ੇ ਹਨ, ਜਿਨ੍ਹਾਂ ਦੀ ਪ੍ਰਕਾਸ਼ ਪੁਰਬ ਸਮਾਗਮਾਂ ਵਿਚ ਚਰਚਾ ਕਰਕੇ ਇਕ ਵਿਸ਼ਵਵਿਆਪੀ ਐਲਾਨਨਾਮਾ ਜਾਰੀ ਕਰਨ ਦੀ ਲੋੜ ਹੈ। ਇਸ ਸਬੰਧੀ ਮਾਹਰ ਚਿੰਤਕਾਂ ਦਾ ਇਕ ਪੈਨਲ ਗਠਿਤ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਇਕ ਵੱਡਾ ਮਾਰਗ ਦਰਸ਼ਕ ਸਾਬਤ ਹੋਏਗਾ।

ਭਾਈ ਗੁਰਦਾਸ ਇੰਸਟੀਚਿਊਟ ਆਫ਼ ਐਡਵਾਂਸ ਸਿੱਖ ਸਟੱਡੀਜ਼, ਸ੍ਰੀ ਅਨੰਦਪੁਰ ਸਾਹਿਬ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਇਸ ਸਬੰਧੀ ਹਰ ਪ੍ਰਕਾਰ ਦਾ ਸਹਿਯੋਗ ਦੇਣ ਲਈ ਤਿਆਰ ਹੈ।

**-ਭਾਈ ਹਰਿਸਿਮਰਨ ਸਿੰਘ**

ਮੁਖੀ, ਭਾਈ ਗੁਰਦਾਸ ਇੰਸਟੀਚਿਊਟ ਆਫ਼ ਐਡਵਾਂਸ ਸਿੱਖ ਸਟੱਡੀਜ਼
ਅਨੰਦਪੁਰ ਸਾਹਿਬ। ਫੋਨ 9872591713

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ॥

*"With manifestation (birth) of True Guru Nanak, the mist of ignorance and falsehood disappeared and there was the light of righteousness"*

# HOLLYWOOD SIKH TEMPLE (GURDWARA SAHIB VERMONT)

along with

## The Sikh Institutions of Southern California

*Celebrate*

# The 550th Parkash Utsav

*of*

# Shri Guru Nanak Dev Ji

**(Founder of Sikh Religion)**

*Guru ka Langer will be served all day along with fresh Jalebi's and fresh fruits!*

ੴ

*Please come & join us with your family & friends and get the blessings of Wahe Guru Sahib Ji*

## 24th November 2019, Sunday • 7am to 5pm

## Venue: Friendship Auditorium

3201 Riverside Dr. Los Angeles, CA 90027 (1/2 Mile from Gurdwara Sahib Vermont)

Guest of honor: **Dr Amarjit Singh Marwah** and other dignitaries, city officials.



Bhai Harjinder Singh ji (Srinagar wale)



Bhai Ajit Singh Ji (Hazoori Ragi)

**KIRTAN DARBAR BY FAMOUS RAGI JATHAS:**

- Bhai Harjinder Singh Ji (Srinagar wale)
- Hazoori Ragi Bhai Ajit singh Ji
- Bhai Ravinder Singh Ji Rasia
- IISG Ragi Jatha
- Children Ragi Jathas

and all Ragi Jathas from Local Gurdwaras

**RAGI JATHA PLEASE CONTACT:**

- Amrik Singh Rasia (Gen-Secretary) Tel: (818) 331-1459
- Bhupinder Singh Dhillon (President) Tel: (323) 514-6347

**FOR LANGAR SEWA PLS CONTACT:**

- Amarjit Singh:...........(310) 291-4835
- Breakfast will be served by Bhai Kanhiaya Sewa Dal

**MANAGEMENT SEWA COMMITTEE**

- Bhupinder Singh Dhillon
- Amrik Singh Rasia
- Gulbagh Singh
- Ronak Singh
- Baldev Singh Johal
- Amarjit Singh
- Kulwinder Singh Multani
- Surjit Singh Dhillon
- Nirmal Singh Sehmbey
- Gurdev Singh Multani
- Sant Singh

**FOR BAZAAR TABLES, CONTACT:**

- Gurdev Singh................323-304-4871

**PARTICIPATING GURDWARAS:**

- A.V. Sikh Center Lancaster
- Gurdwara Valley Sikh Temple
- Alhambra Gurdwara Sahib
- Khalsa Care Foundation
- Gurdwara Walnut
- Gurdwara Buena Park
- Gurdwara Riverside
- Sikh Center of Riverside
- Guru Ram Dass Ashram
- Gurdwara Lankershim
- Gurdwara Nanak Sadan

*and all other local Gurdwaras*

**DONATION SEWA COMMITTEE**

- Harjinder Singh Malhi
- Iqbal Singh Dhilon
- Iqbal Singh Samra
- Surinder Singh Gill
- Jawaharlal Saini
- Avtar Singh
- Surjit Singh Bawa
- Harbhajan Singh
- Darshan Singh
- Manjit Singh Papi
- Gurcharan Singh Bali
- Jaswant Singh Dhillon
- Baljinder Multani
- Gurdas Singh Kehl
- Gurdev Singh Nauli
- Harbhajan Singh Samra
- Manjit Singh Samra
- Ravinder Singh Rasia
- Satpal Singh Ghotra
- Gurmit Singh Multani
- Manjit Singh Khalil
- Joginder Singh
- Gurbachan Singh
- Avtar Singh Bhogal
- Waraich Brothers
- Jaswinder Singh
- Paramjit Singh
- Ram Singh

**FREE VALET PARKING AND SHUTTLE FROM GURDWARA SAHIB**

Visit our website: www.hollywoodsikhtemple.org

E-mail: info@hollywoodsikhtemple.org

**Call 323-665-7707**

ALL ARE WELCOME!

47833

ਪੂਜਾ ਅਕਾਲ ਕੀ ਪਰਚਾ ਸ਼ਬਦ ਕਾ ਦੀਦਾਰ ਖਾਲਸੇ ਕਾ




## ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਵਸ ਨੂੰ ਸਮਰਪਿਤ

# ਯੂਬਾ ਸਿਟੀ ਦਾ 40ਵਾਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ

## 03 ਨਵੰਬਰ 2019 ਦਿਨ ਐਤਵਾਰ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਹੋਣ ਜਾ ਰਿਹਾ ਹੈ

**ਸਮੂਹ ਨਾਨਕ ਨਾਮ ਲੇਵਾ ਸੰਗਤਾਂ ਸਮੁੱਚੇ ਗੁਰਮਤਿ ਸਮਾਗਮਾਂ ਅਤੇ ਮਹਾਨ ਨਗਰ ਕੀਰਤਨ ਵਿੱਚ ਪਰਿਵਾਰਾਂ ਸਮੇਤ ਪਹੁੰਚ ਕੇ ਗੁਰੂਘਰ ਦੀਆਂ ਰੌਣਕਾਂ ਵਧਾਉ ਅਤੇ ਗੁਰੂ ਸਾਹਿਬ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ**

## ਪ੍ਰੋਗਰਾਮ ਦਾ ਵੇਰਵਾ

### ਅਖੰਡ ਪਾਠ ਸਾਹਿਬ ਦੀ ਲੜੀ

ਅਖੰਡ ਪਾਠ ਸਾਹਿਬ ਦੀ ਲੜੀ:- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ 12 ਸਤੰਬਰ ਤੋਂ ਸ਼ੁਰੂ ਹੈ ਜਿਸਦੇ ਅਖੀਰਲੇ ਸ੍ਰੀ ਅਖੰਡ ਪਾਠ ਸਾਹਿਬ ਸਮੂਹ ਸਾਧ ਸੰਗਤ ਵੱਲੋਂ 01 ਨਵੰਬਰ ਦਿਨ ਸ਼ੁੱਕਰਵਾਰ ਤੋਂ ਆਰੰਭ ਹੋ ਕੇ 03 ਨਵੰਬਰ ਦਿਨ ਐਤਵਾਰ ਨੂੰ ਸਵੇਰੇ 7:30 ਵਜੇ ਭੋਗ ਪੈਣਗੇ।

### ਵਿਸ਼ੇਸ਼ ਢਾਡੀ ਦਰਬਾਰ

12 ਅਕਤੂਬਰ ਦਿਨ ਸ਼ਨਿੱਚਰਵਾਰ
ਸ਼ਾਮ 6:00 ਵਜੇ ਤੋਂ 10:00 ਵਜੇ ਤੱਕ

### ਬੱਚਿਆਂ ਦਾ ਵਿਸ਼ੇਸ਼ ਕੀਰਤਨ ਦਰਬਾਰ

13 ਅਕਤੂਬਰ ਦਿਨ ਐਤਵਾਰ,
ਸ਼ਾਮ 6:30 ਵਜੇ ਤੋਂ ਰਾਤ 10 ਵਜੇ ਤੱਕ

### ਵਿਸ਼ੇਸ਼ ਕਵੀ ਦਰਬਾਰ

19 ਅਕਤੂਬਰ ਦਿਨ ਸ਼ਨੀਵਾਰ ਸ਼ਾਮ 6:00 ਵਜੇ ਤੋਂ 10 ਵਜੇ ਤੱਕ

### ਸਥਾਪਨਾ ਦਿਵਸ

ਸਾਧ ਸੰਗਤ ਜੀ ਨਿਮਰਤਾ ਸਹਿਤ ਬੇਨਤੀ ਹੈ ਕਿ ਗੁਰਦਵਾਰਾ ਸਾਹਿਬ ਦੇ 50ਵੇਂ ਸਥਾਪਨਾ ਦਿਵਸ ਦੀ ਖੁਸ਼ੀ ਵਿੱਚ 26 ਅਕਤੂਬਰ ਸ਼ਨੀਵਾਰ ਤੋਂ 28 ਅਕਤੂਬਰ ਸੋਮਵਾਰ ਤੱਕ 1 ਅਖੰਡ ਪਾਠ ਸਾਹਿਬ ਦੀ ਸੇਵਾ ਆਪ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸਮੂਹ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਸੇਵਾਦਾਰਾਂ ਵੱਲੋਂ ਹੋਵੇਗੀ। ਭੋਗ ਉਪਰੰਤ ਵਿਸ਼ੇਸ਼ ਕੀਰਤਨ ਦੀਵਾਨ ਸਜਣਗੇ।

### ਬੰਦੀ ਛੋੜ ਦਿਵਸ (ਦੀਵਾਲੀ)

ਅਕਤੂਬਰ 27 ਦਿਨ ਐਤਵਾਰ ਨੂੰ ਸ਼ਾਮ 6:00 ਵਜੇ ਤੋਂ ਰਾਤ 10:30 ਵਜੇ ਤੱਕ ਵਿਸ਼ੇਸ਼ ਕੀਰਤਨ ਦੀਵਾਨ ਸਜਣਗੇ ਅਤੇ ਦੀਪਮਾਲਾ ਹੋਵੇਗੀ।

### ਆਤਿਸ਼ਬਾਜ਼ੀ

ਨਗਰ ਕੀਰਤਨ ਦੀ ਖੁਸ਼ੀ ਵਿੱਚ 01 ਨਵੰਬਰ, ਦਿਨ ਸ਼ੁਕਰਵਾਰ ਨੂੰ ਰਾਤ 8:00 ਵਜੇ ਆਤਿਸ਼ਬਾਜੀ ਕੀਤੀ ਜਾਵੇਗੀ।

### ਅੰਮ੍ਰਿਤ ਸੰਚਾਰ

2 ਨਵੰਬਰ 2019 ਦਿਨ ਸ਼ਨਿੱਚਰਵਾਰ ਸਵੇਰੇ 05:00 ਵਜੇ ਅੰਮ੍ਰਿਤ ਸੰਚਾਰ ਆਰੰਭ ਹੋਵੇਗਾ। ਅੰਮ੍ਰਿਤ ਅਭਿਲਾਖੀ ਸੰਗਤਾਂ ਆਪਣੇ ਨਾਮ ਭਾਈ ਬਲਜੀਤ ਸਿੰਘ ਜੀ ਹੈੱਡ ਗ੍ਰੰਥੀ ਕੋਲ ਲਿਖਵਾ ਕੇ ਕਕਾਰ ਪ੍ਰਾਪਤ ਸਕਦੀਆ ਹਨ।

### ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ

ਚੋਲੇ ਦੀ ਸੇਵਾ 02 ਨਵੰਬਰ, ਦਿਨ ਸ਼ਨਿੱਚਰਵਾਰ ਨੂੰ ਸਵੇਰੇ 9:00 ਵਜੇ ਸਮੂਹ ਸਾਧ ਸੰਗਤ ਵੱਲੋਂ ਹੋਵੇਗੀ।

### ਲੈਕਚਰ ਸ਼ੈਸ਼ਨ ਸੈਮੀਨਾਰ

ਨਵੰਬਰ 02 ਦਿਨ ਸ਼ਨਿੱਚਰਵਾਰ ਨੂੰ ਦਸ਼ਮੇਸ਼ ਹਾਲ ਵਿੱਚ ਬਾਅਦ ਦੁਪਿਹਰ 1:00 ਵਜੇ ਤੋਂ 4:00 ਵਜੇ ਤੱਕ

### ਸੁੰਦਰ ਦਸਤਾਰ ਮੁਕਾਬਲਾ

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਯੂਬਾ ਸਿਟੀ ਦੇ ਨਗਰ ਕੀਰਤਨ ਦੀ ਖੁਸ਼ੀ ਵਿੱਚ ਸਾਹਿਬਜਾਦਾ ਅਜੀਤ ਸਿੰਘ ਕੱਲਬ ਵੱਲੋਂ ਸੁੰਦਰ ਦਸਤਾਰ ਮੁਕਾਬਲਾ 02 ਨਵੰਬਰ, ਦਿਨ ਸ਼ਨਿੱਚਰਵਾਰ ਨੂੰ 11:00 ਵਜੇ ਕਰਵਾਇਆ ਜਾ ਰਿਹਾ ਹੈ। ਜੇਤੂਆਂ ਨੂੰ ਸ਼ੀਲਡਾਂ ਅਤੇ ਨਗਦ ਇਨਾਮ ਦਿੱਤਾ ਜਾਵੇਗਾ।

### ਰੈਣ ਸਬਾਈ ਕੀਰਤਨ

02 ਨਵੰਬਰ ਸ਼ਨੀਵਾਰ ਸ਼ਾਮ 6.00 ਵਜੇ ਤੋਂ ਰਾਤ 01.00 ਵਜੇ ਤੱਕ ਹੋਵੇਗਾ, ਜਿਸ ਵਿੱਚ ਪ੍ਰਸਿੱਧ ਰਾਗੀ ਜਥੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕਰਨਗੇ।

**ਪਹੁੰਚ ਰਹੇ ਰਾਗੀ ਜੱਥੇ ਅਤੇ ਪ੍ਰਚਾਰਕ:-** ਭਾਈ ਜੁਝਾਰ ਸਿੰਘ ਜੀ (ਹਜੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ), ਭਾਈ ਕੁਲਦੀਪ ਸਿੰਘ ਟੋਹਾਣੇ ਵਾਲੇ, ਭਾਈ ਜਸਵੰਤ ਸਿੰਘ ਜੀ ਜੀਰਾ, ਭਾਈ ਮਲਕੀਤ ਸਿੰਘ ਜੀ ਲੁਧਿਆਣੇ ਵਾਲੇ, ਭਾਈ ਮਨੋਹਰ ਸਿੰਘ ਜੀ ਦਿੱਲੀ ਵਾਲੇ (ਹਜੂਰੀ ਰਾਗੀ ਗੁਰਦਵਾਰਾ ਸਾਹਿਬ ਯੂਬਾ ਸਿਟੀ), ਗਿਆਨੀ ਲਖਵਿੰਦਰ ਸਿੰਘ ਜੀ ਸੋਹਲ ਦਾ ਢਾਡੀ ਜਥਾ, ਕਥਾਵਾਚਕ ਭਾਈ ਹਰਜਿੰਦਰ ਸਿੰਘ ਸਭਰਾ ਜੀ ਆਪ ਸਮੂਹ ਸਾਧ ਸੰਗਤ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕਰਨਗੇ।

*ਨੋਟ:-ਨਗਰ ਕੀਰਤਨ ਦਾ ਰੂਟ ਪਿਛਲੇ ਸਾਲ ਵਾਲਾ ਹੀ ਹੋਵੇਗਾ, ਗੱਡੀਆਂ ਦੀ ਪਾਰਕਿੰਗ ਸਿਰ.ਫ ਨਿਯਤ ਜਗ੍ਹਾ 'ਤੇ ਹੀ ਕੀਤੀ ਜਾਵੇ ਜੀ।*
*ਰਿਵਰ ਵੈਲੀ ਹਾਈ ਸਕੂਲ 801 El Margarita Rd, Yuba City, CA 95993 ਤੋਂ ਗੁਰੂ ਘਰ ਲਈ ਸਵੇਰੇ 8 ਵਜੇ ਤੋਂ ਸ਼ਾਮ 6.30 ਵਜੇ ਤੱਕ ਫਰੀ ਬੱਸਾਂ ਦਾ ਪ੍ਰਬੰਧ ਹੋਵੇਗਾ*

## ਨਗਰ ਕੀਰਤਨ 'ਚ ਫਲੋਟ ਸ਼ਾਮਲ ਕਰਨ ਅਤੇ ਹੋਰ ਜਾਣਕਾਰੀ ਲੈਣ ਲਈ ਇਨ੍ਹਾਂ ਨੰਬਰਾਂ ਤੇ ਕਾਲ ਕਰ ਸਕਦੇ ਹੋ

- ਹੈਡ ਗ੍ਰੰਥੀ ਭਾਈ ਬਲਜੀਤ ਸਿੰਘ ਜੀ:- 530-673-9918
- ਪ੍ਰਧਾਨ ਸ. ਜਸਵੰਤ ਸਿੰਘ ਬੈਂਸ 530-701-3971
- ਸੈਕਟਰੀ ਸ. ਸਰਬਜੀਤ ਸਿੰਘ ਥਿਆੜਾ 530-682-5861
- ਖਜਾਨਚੀ ਸ. ਹਰਮਿੰਦਰ ਸਿੰਘ 530-682-2484


ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
70
Diesel/Gas
Exit 137
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਕੀਮਤਾਂ ਬਹੁਤ ਹੀ ਵਾਜਬ !
ਸਹੂਲਤਾਂ
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet over 100 gallons
open 6am to midnight
Phone: 765-478-6300


AJ GRAPHIC
GRAPHIC DESIGN SERVICES
Logo Design
Brochure Design
Flyer design
Press Advt
Stationary Design
Marketing Material
Business Card Design
Poster
ਹਰ ਤਰ੍ਹਾਂ ਦੀ ਪੋਸਟਰ, ਕੈਲੰਡਰ, ਲੋਗੋ ਅਤੇ ਹੋਰ ਗਰਾਫਿਕਸ ਡਿਜ਼ਾਇਨਿੰਗ ਦਾ ਕੰਮ ਬਹੁਤ ਹੀ ਵਧੀਆ ਅਤੇ ਸਸਤੇ ਰੇਟ 'ਤੇ ਕਰਵਾਉਣ ਲਈ ਸੰਪਰਕ ਕਰੋ
Amarjeet Lamber
Please Contoct Whatapp Number
94653-45635


Travel for Less Inc.
SPECIALIZED IN DISCOUNT FARES WORLDWIDE
INDIA | PAKISTAN | EUROPE
ASIANA AIRLINES
A STAR ALLIANCE MEMBER
ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।
Asiana Airlines Daily Flight To New Delhi
Best deals on major airlines like
ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
الاتحاد
ETIHAD AIRWAYS
Lufthansa
QATAR AIRWAYS القطرية
BBB
IATAN
8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.
Best of 2016 Fremont
CST NO : 2031914-40
We have moved to
Serving the Bay Area Since 1996
32116-Alvarado Blvd. Union City, CA-94587
Email: info@travelforlessinc.com
CALL 510-791-3300 Book online 24x7 @ www.Letsflyhome.com

# SINGH TRANSPORT INC



ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।

STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।

ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ

- ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
- ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
- ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
- ਟ੍ਰੇਨਿੰਗ ਉਪਲਬੱਧ
- Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
- LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
- ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਟਰੱਕ ਰਿਪੇਅਰ ਮਕੈਨਿਕ ਦੀ ਲੋੜ

ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578





## Bride Wanted

Well established Jat Sikh Family seeking a match for their tall, handsome Son, age 27 who is a Dentist. Currently completing a Pediatric Residency. Comes from a down to earth close knit family of Dentists, Doctors and Business owners. Family well established in the US since the early 1960's.

Please email bio-data with recent pictures
jcsingh82@gmail.com
Phone 803-429-2770
Inquires from US & Canada only





Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Raja™ Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja™ Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

1-866-FOR-RAJA (367-7252)
www.RajaSweets.com

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders






ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

(510) 900-6319

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.


Serving Around the World Community Since 1994
We Specialize to Asia, Europe, Middle East, Africa, Australia & etc.
Special fares to :
SFO TO DEL
LAX TO DEL
SERVICE TRUST
SKYWAY TRAVEL
DOMESTIC and INTERNATIONAL
Special fares to
Amritsar & Delhi
ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।
Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345


ਜ਼ਿੰਦਗੀ ਨੂੰ ਸੁਹਾਵਣੀ ਬਣਾਓ
'ਦ ਕੰਪਨੀ ਯੂ ਕੀਪ'
ਦੇ ਨਾਲ !
NEW YORK LIFE
www.newyorklife.com
1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।
Open Enrollment for Healthcare Starts November 1, 2017 to January 31, 2018.
COVERED CALIFORNIA
ਸਿਮਰਨ ਕੌਰ ਅਟਵਾਲ
ਏਜੰਟ
ਲਾਇਸੰਸ # OE17073
ਨਿਊ ਯਾਰਕ ਇੰਸ਼ੋਰੈਂਸ ਕੰਪਨੀ
3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219
ਫੋਨ : 209-955-2418, 209-993-7978
skatwal@ft.newyorklife.com
ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ !!


Star Alliance BROKERAGE
Indianapolis, Indiana...
ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ
ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ; 4-6 ਬੈਡ ਰੂਮ, 3-4 ਬਾਥ ਰੂਮ
ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ
ONE OF THE FASTEST GROWING CITY IN AMERICA AND BEST SCHOOL SYSTEM...
Manjit Singh Nagra
Realtor/Broker
Cell 317-750-1900
Gurdeep (Garry) Chhokar
Realtor/Broker
Cell 317-500-1247
Manjit Singh Nagra
Gurdeep (Garry) Chhokar
We do all type of Home and Commercial Loans, Same day loan approval...
ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ
6979 Hillsdale Court, Indianapolis, Indiana 46250

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm,office building, Farm House and for Truck Yard in Tracy, Manteca, Lathrop and Stockton

## Listing



**1415 W Anderson Stockton**

a). 4.5 Acre Lot, include 15000 Square foot warehouse with 10 loading dock, 2000 square foot office.
b). Two bay truck repair shop.

**$4,900,000**



**1943 E Fremont St,**

1924 E park St and 1850 E Oak St Stockton CA 95205, Total 8 APN number, one lot, 7.56 acres paved truck parking.

**$3,000,000**

**1801 E Dr martin luther king jr Blvd, Stockton, CA 95205 APN 155-140-15.**
**Almost 10 acres paved truck parking with approximately $32000 monthly income.**

**$4,399,000**

## ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ



Ranjit S Mangat
(Lic: 01922089)

## Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

# ਭਾਜਪਾ ਦਾ ਜੇਤੂ ਰੱਥ ਰੁਕਿਆ ਮੋਦੀ-ਸ਼ਾਹ ਵਿਰੁੱਧ ਫਤਵਾ

## • ਲੋਕ ਫਤਵੇ ਤੋਂ ਆਰ ਐਸ ਐਸ ਘਬਰਾਈ • ਖੱਟਰ ਨੇ ਮੁੱਖ ਮੰਤਰੀ ਤੇ ਦੁਸ਼ਯੰਤ ਨੇ ਉਪ ਮੁੱਖ ਮੰਤਰੀ ਵਜੋਂ ਹਲ.ਫ ਲਿਆ

ਹਰਿਆਣਾ ਤੇ ਮਹਾਰਾਸ਼ਟਰ ਦੀਆਂ ਵਿਧਾਨ ਸਭਾ ਦੇ ਚੋਣ ਨਤੀਜਿਆਂ ਨੇ ਭਾਰਤ ਦੀ ਰਾਜਨੀਤੀ ਦਾ ਨਵਾਂ ਤੇ ਮਹੱਤਵਪੂਰਨ ਪੱਖ ਕਿ ਲੋਕ ਸਭਾ ਚੋਣਾਂ ਅਤੇ ਵਿਧਾਨ ਸਭਾ ਚੋਣਾਂ ਦੇ ਕਿਰਦਾਰ ਬਿਲਕੁਲ ਵੱਖਰੇ ਵੱਖਰੇ ਹਨ, 'ਤੇ ਮੋਹਰ ਲਾਈ ਹੈ। 2017 ਵਿਚ ਕਾਂਗਰਸ ਨੇ ਗੁਜਰਾਤ ਦੀ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਨੂੰ ਤਿੱਖੀ ਟੱਕਰ ਦਿੱਤੀ ਅਤੇ 182 ਸੀਟਾਂ ਵਿਚੋਂ 125 ਸੀਟਾਂ ਜਿੱਤਣ ਦਾ ਦਾਅਵਾ ਕਰਨ ਵਾਲੀ ਸਿਰ.ਫ ਭਾਜਪਾ ਕੇਵਲ 99 ਸੀਟਾਂ ਜਿੱਤ ਸਕੀ। ਕਰਨਾਟਕ ਦੀਆਂ ਵਿਧਾਨ ਸਭਾ ਚੋਣਾਂ ਵਿਚ ਵੀ ਵੱਡੀ ਜਿੱਤ ਦੇ ਦਾਅਵੇ ਕਰਨ ਵਾਲੀ ਭਾਜਪਾ ਬਹੁਮਤ ਪ੍ਰਾਪਤ ਨਾ ਕਰ ਸਕੀ। 20 18 ਵਿਚ ਮੱਧ ਪ੍ਰਦੇਸ਼, ਛੱਤੀਸਗੜ੍ਹ ਤੇ ਰਾਜਸਥਾਨ ਦੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਨੇ ਭਾਜਪਾ ਨੂੰ ਹਰਾਇਆ ਤੇ ਕਾਂਗਰਸ ਦੀ ਅਗਵਾਈ ਵਿਚ ਸਰਕਾਰਾਂ ਬਣੀਆਂ। ਜੇਕਰ ਵਿਧਾਨ ਸਭਾ ਦੀਆਂ ਚੋਣਾਂ ਦੇ ਰੁਝਾਨਾਂ ਅਨੁਸਾਰ ਵੋਟਾਂ ਪੈਂਦੀਆਂ ਤਾਂ 2019 ਦੀਆਂ ਲੋਕ ਸਭਾ ਚੋਣਾਂ ਵਿਚ ਕਾਂਗਰਸ ਨੂੰ ਇਨ੍ਹਾਂ ਸੂਬਿਆਂ ਵਿਚੋਂ ਘੱਟੋ-ਘੱਟ 40 ਤੋਂ 50 .ਫੀਸਦੀ ਸੀਟਾਂ ਮਿਲਣੀਆਂ ਚਾਹੀਦੀਆਂ ਸਨ ਪਰ ਹੋਇਆ ਇਸ ਦੇ ਉਲਟ। ਕਾਂਗਰਸ ਨੂੰ ਲੋਕ ਸਭਾ ਚੋਣਾਂ ਵਿਚ ਇਨ੍ਹਾਂ ਸੂਬਿਆਂ ਵਿਚ ਵੱਡੀ ਹਾਰ ਦਾ ਸਾਹਮਣਾ ਕਰਨਾ ਪਿਆ।

ਲੋਕ ਸਭਾ ਚੋਣਾਂ ਵਿਚ ਪੁਲਵਾਮਾ ਵਿੱਚ ਸੀਆਰਪੀਐੱ.ਫ 'ਤੇ ਹੋਏ ਦਹਿਸ਼ਤਗਰਦ ਹਮਲੇ ਅਤੇ ਉਸ ਤੋਂ ਬਾਅਦ ਭਾਰਤੀ ਹਵਾਈ .ਫੌਜ ਦੁਆਰਾ ਬਾਲਾਕੋਟ ਵਿਚ ਕੀਤੀ ਕਾਰਵਾਈ ਦੇ ਸਿਰ 'ਤੇ ਭਾਜਪਾ ਨੇ ਅੰਧ-ਰਾਸ਼ਟਰਵਾਦ ਨੂੰ ਵੱਡਾ ਮੁੱਦਾ ਬਣਾ ਕੇ ਉਭਾਰਿਆ। ਇਸ ਦੇ ਮੁਕਾਬਲੇ ਬੇਰੁਜ਼ਗਾਰੀ, ਕਿਸਾਨੀ ਸੰਕਟ, ਆਰਥਿਕ ਮੰਦਵਾੜਾ ਤੇ ਹੋਰ ਸਥਾਨਿਕ ਮੁੱਦੇ ਹਾਸ਼ੀਏ 'ਤੇ ਚਲੇ ਗਏ ਅਤੇ ਭਾਜਪਾ ਨੇ 303 ਸੀਟਾਂ ਹਾਸਿਲ ਕਰਕੇ ਵੱਡੀ ਜਿੱਤ ਦਰਜ ਕੀਤੀ ਜਦੋਂਕਿ ਕਾਂਗਰਸ ਵਿਰੋਧੀ ਧਿਰ ਲਈ ਲੋੜੀਂਦੀਆਂ 54 ਸੀਟਾਂ ਵੀ ਨਾ ਮਿਲੀਆਂ। ਲੋਕ ਸਭਾ ਦੀਆਂ ਚੋਣਾਂ ਵਿਚ ਭਾਜਪਾ ਨੇ ਹਰਿਆਣਾ ਦੀਆਂ ਸਾਰੀਆਂ 10 ਸੀਟਾਂ ਅਤੇ ਮਹਾਰਾਸ਼ਟਰ ਦੀਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਨੇ 23, ਸ਼ਿਵ ਸੈਨਾ ਨੇ 18 ਸੀਟਾਂ ਜਿੱਤੀਆਂ ਸਨ। ਹੁਣ ਮਹਾਂਰਾਸ਼ਟਰ ਵਿਚ ਭਾਜਪਾ ਤੇ ਸ਼ਿਵ ਸੈਨਾ ਨੇ ਰਲ ਕੇ ਲੜੀਆਂ ਅਤੇ ਇਕੱਠਿਆਂ 159 ਸੀਟਾਂ ਜਿੱਤੀਆਂ ਅਤੇ ਹਰਿਆਣੇ ਵਿਚ ਭਾਜਪਾ ਸਿਰ.ਫ 40 ਸੀਟਾਂ ਹਾਸਿਲ ਕਰ ਸਕੀ ਹੈ। ਇਨ੍ਹਾਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਨੇ ਧਾਰਾ 370 ਮਨਸੂਖ਼ ਕਰਕੇ ਜੰਮੂ ਕਸ਼ਮੀਰ ਨੂੰ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਚ ਵੰਡ ਕੇ ਰਾਸ਼ਟਰਵਾਦੀ ਭਾਵਨਾਵਾਂ ਭੜਕਾਉਣ ਦੀ ਕੋਸ਼ਿਸ਼ ਕੀਤੀ। ਮੋਹਨ ਭਾਗਵਤ ਨੇ ਭਾਰਤ ਦੇ ਹਿੰਦੂ ਰਾਸ਼ਟਰ ਹੋਣ ਦਾ ਹੋਕਾ ਦਿੱਤਾ। ਚੋਣਾਂ ਨੂੰ ਜਜ਼ਬਾਤੀ ਨੁਹਾਰ ਦੇ ਕੇ ਭਾਜਪਾ ਪਹਿਲਾਂ ਵਰਗੀਆਂ ਜਿੱਤਾਂ ਹਾਸਲ ਕਰਨਾ ਚਾਹੁੰਦੀ ਸੀ ਪਰ ਚੋਣਾਂ ਦੇ ਨਤੀਜੇ ਇਹ ਦੱਸਦੇ ਹਨ ਕਿ ਬੇਰੁਜ਼ਗਾਰੀ, ਕਿਸਾਨੀ ਸੰਕਟ ਅਤੇ ਆਰਥਿਕ ਮੰਦਵਾੜੇ ਕਾਰਨ ਲੋਕ ਇੰਨੇ ਪ੍ਰੇਸ਼ਾਨ ਹਨ ਕਿ ਉਨ੍ਹਾਂ ਨੇ ਕਾਂਗਰਸ ਤੇ ਨੈਸ਼ਨਲ ਕਾਂਗਰਸ ਪਾਰਟੀ ਜਿਨ੍ਹਾਂ ਨੇ ਸੁਚੱਜੀ ਤਰ੍ਹਾਂ ਚੋਣ ਪ੍ਰਚਾਰ ਵੀ ਨਹੀਂ ਸੀ ਕੀਤਾ, ਨੂੰ ਵੋਟਾਂ ਪਾ ਕੇ ਆਪਣਾ ਵਿਰੋਧ ਦਰਜ ਕਰਾਇਆ ਹੈ। ਮਹਾਂਰਾਸ਼ਟਰ ਵਿਚ ਦੋ ਹਲਕਿਆਂ ਵਿਚ ਨੋਟਾ (ਭਾਵ ਕਿਸੇ ਵੀ ਉਮੀਦਵਾਰ ਦੀ ਚੋਣ ਨਾ ਕਰਨੀ) ਦਾ ਦੂਜੇ ਨੰਬਰ 'ਤੇ ਰਹਿਣਾ ਲੋਕਾਂ ਦਾ ਸਿਆਸੀ ਜਮਾਤ ਤੋਂ ਨਿਰਾਸ਼ ਹੋਣ ਦਾ ਪ੍ਰਤੀਕ ਹੈ।

ਹਰਿਆਣਾ ਤੇ ਮਹਾਰਾਸ਼ਟਰ ਦੀਆਂ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਨੇ ਦੱਸ ਦਿੱਤਾ ਹੈ ਕਿ ਲੋਕਾਂ ਦਾ ਪਿਛਲੇ 6 ਸਾਲਾਂ ਦੌਰਾਨ ਪਰੋਸੇ ਗਏ ਹਿੰਦੂਤਵ, ਫਿਰਕੂਵਾਦ, ਭਗਵਾਂਵਾਦ ਤੇ ਮੀਡੀਏ ਰਾਹੀਂ ਝੂਠ ਦੇ ਪਸਾਰੇ ਤੇ ਫੋਕੇ ਲਾਰਿਆਂ ਤੋਂ ਜਨਤਾ ਦਾ ਮਨ ਅੱਕ ਚੁੱਕਾ ਹੈ। ਮਈ ਵਿੱਚ ਹੋਈਆਂ ਲੋਕ ਸਭਾ ਚੋਣਾਂ ਦੇ ਨਤੀਜਿਆਂ ਨੇ ਇਹ ਧਾਰਨਾ ਪੱਕੀ ਕਰ ਦਿੱਤੀ ਸੀ ਕਿ ਮੋਦੀ ਨੂੰ ਹਰਾਉਣਾ ਸੌਖਾ ਨਹੀਂ। ਪਰ 5 ਮਹੀਨਿਆਂ ਬਾਅਦ ਹੀ ਕਿੰਨਾ ਕੁਝ ਬਦਲ ਗਿਆ ਹੈ ਕਿ ਮੋਦੀ ਦਾ ਜੇਤੂ ਰੱਥ ਰੁਕ ਗਿਆ ਹੈ। ਹਰਿਆਣਾ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ 7 ਰੈਲੀਆਂ ਕੀਤੀਆਂ ਸਨ। ਇਨ੍ਹਾਂ ਵਿੱਚੋਂ 4 ਹਲਕਿਆਂ ਵਿੱਚ ਭਾਜਪਾ ਦੇ ਉਮੀਦਵਾਰ ਬੁਰੀ ਤਰ੍ਹਾਂ ਹਾਰ ਗਏ। ਸੋਹਾਨਾ ਤੇ ਸੋਨੀਪਤ ਵਿੱਚ ਕਾਂਗਰਸ ਅਤੇ ਸਿਰਸਾ ਤੇ ਦਾਦਰੀ ਵਿੱਚ ਆਜ਼ਾਦ ਉਮੀਦਵਾਰ ਜੇਤੂ ਰਹੇ ਹਨ। ਚਰਖੀ ਦਾਦਰੀ ਵਿੱਚ ਭਾਜਪਾ ਨੇ ਕੌਮਾਂਤਰੀ ਪ੍ਰਸਿੱਧੀ ਵਾਲੀ ਪਹਿਲਵਾਨ ਬਬੀਤਾ ਫੋਗਟ ਨੂੰ ਖੜ੍ਹਾ ਕੀਤਾ ਸੀ ਤੇ ਉਸ ਦੇ ਹੱਕ ਵਿੱਚ ਕੀਤੀ ਰੈਲੀ ਵਿੱਚ ਮੋਦੀ ਨੇ ਉਸ ਨੂੰ ਆਪਣੀ ਬੇਟੀ ਕਹਿ ਕੇ ਵੋਟਾਂ ਮੰਗੀਆਂ ਸਨ, ਉਹ ਤੀਜੇ ਥਾਂ ਉਤੇ ਜਾ ਡਿੱਗੀ। ਇਸੇ ਤਰ੍ਹਾਂ ਮਹਾਰਾਸ਼ਟਰ ਵਿੱਚ ਨਰਿੰਦਰ ਮੋਦੀ ਤੇ ਅਮਿਤ ਸ਼ਾਹ ਦੋਹਾਂ ਵੱਲੋਂ ਪਾਰਲੀ ਵਿਧਾਨ ਸਭਾ ਵਿੱਚ ਕੀਤੀਆਂ ਰੈਲੀਆਂ ਗੈਸੀ ਭੁਕਾਨੇ ਵਾਂਗ ਠੁੱਸ ਹੋ ਕੇ ਰਹਿ ਗਈਆਂ। ਇੱਥੋਂ ਭਾਜਪਾ ਦੀ ਮੰਤਰੀ ਰਹੀ ਪੰਕਜਾ ਮੁੰਡੇ ਆਪਣੇ ਚਚੇਰੇ ਭਰਾ ਤੋਂ ਹਾਰ ਗਈ।

ਭਾਜਪਾ ਤੇ ਸੰਘ ਪਰਿਵਾਰ ਨੂੰ ਮੋਦੀ ਤੋਂ ਏਨੀਆਂ ਆਸਾਂ ਸਨ ਕਿ ਉਸ ਨੇ 'ਇੱਕ ਦੇਸ਼, ਇੱਕ ਚੋਣ' ਦੇ ਆਪਣੇ ਹੀ ਏਜੰਡੇ ਨੂੰ ਲਾਂਭੇ ਕਰਦਿਆਂ ਝਾਰਖੰਡ ਦੀਆਂ ਚੋਣਾਂ ਨੂੰ ਵੱਖਰਾ ਕਰਾਉਣ ਦਾ .ਫੈਸਲਾ ਕੀਤਾ ਤਾਂ ਜੋ ਮੋਦੀ ਦੋਹਾਂ ਰਾਜਾਂ ਨੂੰ ਵੱਧ ਤੋਂ ਵੱਧ ਸਮਾਂ ਦੇ ਸਕਣ। ਇਨ੍ਹਾਂ ਚੋਣਾਂ ਵਿੱਚ ਭਾਜਪਾ ਨੇ ਮੁੱਖ ਤੌਰ ਉੱਤੇ ਰਾਸ਼ਟਰਵਾਦ ਨੂੰ ਮੁੱਖ ਮੁੱਦਾ ਬਣਾਇਆ। ਜੰਮੂ-ਕਸ਼ਮੀਰ ਵਿੱਚੋਂ ਧਾਰਾ 370 ਨੂੰ ਹਟਾ ਕੇ ਉਸ ਦੇ ਦੋ ਟੁਕੜੇ ਕਰਨ ਨੂੰ ਆਪਣੀ ਵੱਡੀ ਪ੍ਰਾਪਤੀ ਵਜੋਂ ਪੇਸ਼ ਕੀਤਾ। ਰਾਮ ਜਨਮ ਭੂਮੀ ਵਿਵਾਦ ਬਾਰੇ ਸੁਪਰੀਮ ਕੋਰਟ ਦਾ .ਫੈਸਲਾ ਆਉਣ ਤੋਂ ਪਹਿਲਾਂ ਹੀ ਮੀਡੀਆ ਰਾਹੀਂ 'ਮੰਦਰ ਹਮਾਰੇ ਰਾਮ ਹਮਾਰੇ, ਮਸਜਿਦ ਵਾਲੇ ਕਹਾਂ ਸੇ ਪਧਾਰੇ' ਵਰਗੇ ਫਿਰਕੂ ਨਾਅਰੇ ਲਿਖ ਕੇ ਫਿਰਕੂ ਭਗਵਾਂ ਪ੍ਰਚਾਰ ਮੁਸਲਮਾਨਾਂ ਵਿਰੁੱਧ ਕੀਤਾ ਗਿਆ।



ਪਰ ਏਨਾ ਕੁਝ ਕਰਨ ਦੇ ਬਾਵਜੂਦ ਭਾਜਪਾ ਆਪਣੀ ਪਹਿਲੀ ਸਥਿਤੀ ਬਰਕਰਾਰ ਨਾ ਰੱਖ ਸਕੀ। ਹਰਿਆਣਾ ਵਿੱਚ ਇਸ ਦੀਆਂ 7 ਸੀਟਾਂ ਘਟ ਕੇ ਇਹ ਨਾ ਸਿਰ.ਫ ਘੱਟ ਗਿਣਤੀ ਵਿੱਚ ਆ ਗਈ, ਸਗੋਂ ਲੋਕ ਸਭਾ ਚੋਣਾਂ ਦੇ ਮੁਕਾਬਲੇ ਇਸ ਦੀ ਵੋਟ ਫੀਸਦੀ ਵੀ 22 .ਫੀਸਦੀ ਤੱਕ ਡਿੱਗ ਗਈ ਹੈ। ਦੂਜੇ ਪਾਸੇ ਕਾਂਗਰਸ ਨੇ ਆਪਣੀਆਂ ਸੀਟਾਂ ਵਿੱਚ ਦੁੱਗਣਾ ਵਾਧਾ ਕਰ ਲਿਆ ਹੈ। ਇਹ ਉਦੋਂ ਵਾਪਰਿਆ, ਜਦੋਂ ਮੁਕਾਬਲੇ ਦੀ ਇੱਕ ਹੋਰ ਧਿਰ, ਜੇ ਜੇ ਪੀ ਨੇ 10 ਸੀਟਾਂ ਜਿੱਤੀਆਂ ਅਤੇ ਬਾਕੀ ਸੀਟਾਂ ਉੱਤੇ ਕਾਂਗਰਸ ਦੀਆਂ ਵੋਟਾਂ ਪਾੜਨ ਦਾ ਕੰਮ ਕੀਤਾ।

**ਮੋਦੀ ਦੀ ਲੁਟੇਰਿਆਂ ਨਾਲ ਸਾਂਝ**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਰਿਆਣਾ ਚੋਣਾਂ ਵਿਚ ਓਮ ਪ੍ਰਕਾਸ਼ ਚੌਟਾਲਾ ਅਤੇ ਉਨ੍ਹਾਂ ਦੇ ਵੱਡੇ ਬੇਟੇ ਅਭੈ ਚੌਟਾਲਾ ਦੇ ਜੇਲ੍ਹ ਵਿਚ ਬੰਦ ਹੋਣ ਦਾ ਹਵਾਲਾ ਦਿੰਦੇ ਹੋਏ ਚੌਟਾਲਾ ਪਰਿਵਾਰ ਨੂੰ ਲੁਟੇਰਾ ਦੱਸਿਆ ਸੀ ਅਤੇ ਲੋਕਾਂ ਨੂੰ ਅਪੀਲ ਕੀਤੀ ਸੀ ਕਿ ਉਹ ਇਸ ਪਰਿਵਾਰ ਨੂੰ ਠੁਕਰਾ ਦੇਣ। ਜਿਵੇਂ ਕਿ ਲੋਕਾਂ ਨੇ ਉਨ੍ਹਾਂ ਦੀ ਅਪੀਲ ਨਹੀਂ ਸੁਣੀ ਅਤੇ ਦੁਸ਼ਿਅੰਤ ਚੌਟਾਲਾ ਦੀ ਪਾਰਟੀ ਨੂੰ 10 ਸੀਟਾਂ ਦੇ ਦਿੱਤੀਆਂ, ਲਿਹਾਜ਼ਾ ਹੁਣ ਮੋਦੀ ਅਤੇ ਭਾਜਪਾ ਨੇ ਵੀ ਉੱਥੇ ਸਰਕਾਰ ਬਣਾਉਣ ਲਈ ਉਸੇ 'ਲੁਟੇਰਾ ਪਰਿਵਾਰ' ਨਾਲ ਹੱਥ ਮਿਲਾ ਲਿਆ ਹੈ।

**ਹਰਿਆਣੇ 'ਚ ਭਗਵੀਂ ਸਰਕਾਰ ਵੈਸਾਖੀਆਂ ਦੇ ਸਹਾਰੇ**

ਹਰਿਆਣਾ ਵਿਚ ਮਨੋਹਰ ਲਾਲ ਖੱਟਰ ਦੀ ਅਗਵਾਈ ਵਿਚ ਨਵੀਂ ਸਰਕਾਰ ਬਣ ਗਈ ਹੈ। ਪਿਛਲੀ ਵਾਰ ਵੀ ਖੱਟਰ ਹੀ ਸੂਬੇ ਦੇ ਮੁੱਖ ਮੰਤਰੀ ਸਨ। ਇਸ ਵਾਰ ਵੀ ਉਹ ਮੁੱਖ ਮੰਤਰੀ ਬਣ ਗਏ ਹਨ। ਪਰ ਪਿਛਲੀ ਵਾਰ ਅਤੇ ਇਸ ਵਾਰ ਵਿਚ ਵੱਡਾ ਅੰਤਰ ਇਹ ਦਿਖਾਈ ਦੇਵੇਗਾ ਕਿ ਪਹਿਲਾਂ ਹਰਿਆਣੇ ਵਿਚ ਭਾਜਪਾ ਦਾ ਬਹੁਮਤ ਹੋਣ ਕਾਰਨ ਉਹ ਇਕੱਲੀ ਸਰਕਾਰ ਚਲਾ ਰਹੀ ਸੀ। ਇਸ ਵਾਰ ਲੋੜੀਂਦੀਆਂ ਸੀਟਾਂ ਨਾ ਮਿਲਣ ਕਾਰਨ ਉਸ ਨੂੰ ਕੁਝ ਮਹੀਨੇ ਪਹਿਲਾਂ ਨਵੀਂ ਬਣੀ ਪਾਰਟੀ ਜਨਨਾਇਕ ਜਨਤਾ ਪਾਰਟੀ ਨਾਲ ਰਲ ਕੇ ਹਕੂਮਤ ਚਲਾਉਣੀ ਪਏਗੀ। ਬੀਤੇ ਐਤਵਾਰ ਨੂੰ ਮਨੋਹਰ ਲਾਲ ਖੱਟਰ ਨੇ ਹਰਿਆਣਾ ਦੇ ਮੁੱਖ ਮੰਤਰੀ ਤੇ ਦੁਸ਼ਯੰਤ ਚੌਟਾਲਾ ਨੇ ਉਪ ਮੁੱਖ ਮੰਤਰੀ ਵਜੋਂ ਹਲ.ਫ ਲੈ ਲਿਆ ਸੀ। ਸਾਬਕਾ ਮੁੱਖ ਮੰਤਰੀ ਤੇ ਕਾਂਗਰਸੀ ਆਗੂ ਭੁਪਿੰਦਰ ਸਿੰਘ ਹੁੱਡਾ, ਸ਼੍ਰੋਮਣੀ ਅਕਾਲੀ ਦਲ ਪ੍ਰਧਾਨ ਸੁਖਬੀਰ ਸਿੰਘ ਬਾਦਲ, ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਭਾਜਪਾ ਦੇ ਕੌਮੀ ਕਾਰਜਕਾਰੀ ਪ੍ਰਧਾਨ ਜੇ.ਪੀ. ਨੱਢਾ ਵੀ ਇਸ ਮੌਕੇ ਹਾਜ਼ਰ ਸਨ। ਤਿਹਾੜ ਜੇਲ੍ਹ ਵਿਚੋਂ ਫਰਲੋ 'ਤੇ ਬਾਹਰ ਆਏ ਦੁਸ਼ਯੰਤ ਦੇ ਪਿਤਾ ਅਜੈ ਚੌਟਾਲਾ ਤੇ ਵਿਧਾਇਕ ਚੁਣੀ ਗਈ ਮਾਂ ਨੈਨਾ ਚੌਟਾਲਾ ਵੀ ਇਸ ਮੌਕੇ ਹਾਜ਼ਰ ਸਨ।

ਦੱਸਣਯੋਗ ਹੈ ਕਿ ਅਜੈ ਤੇ ਓਮ ਪ੍ਰਕਾਸ਼ ਚੌਟਾਲਾ ਅਧਿਆਪਕ ਭਰਤੀ ਘੁਟਾਲਾ ਮਾਮਲੇ ਵਿਚ ਸਜ਼ਾ ਭੁਗਤ ਰਹੇ ਹਨ। ਪਰ ਭਾਜਪਾ ਨੇ ਇਸ ਦੇ ਬਾਵਜੂਦ ਚੌਟਾਲਾ ਪਰਿਵਾਰ ਨਾਲ ਸਮਝੌਤਾ ਕਰਕੇ ਆਪਣੀ ਪਾਰਟੀ ਦੀ ਨੈਤਿਕਤਾ ਦਾ ਦਿਵਾਲਾ ਕੱਢ ਦਿੱਤਾ ਹੈ।

**ਬਾਦਲ ਪਰਿਵਾਰ ਭਾਜਪਾ ਨਾਲ ਇਕਜੁਟ**

ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਭਾਜਪਾ ਨਾਲ ਉਨ੍ਹਾਂ ਦੀ ਪਾਰਟੀ ਦਾ ਰਿਸ਼ਤਾ 'ਪਵਿੱਤਰ' ਹੈ ਤੇ ਸਿਆਸੀ ਤੌਰ 'ਤੇ ਉਹ ਭਾਜਪਾ ਨਾਲ ਲੰਮੇ ਸਮੇਂ ਤੋਂ ਚੱਲ ਰਹੇ ਹਨ। ਪੰਜ ਵਾਰ ਦੇ ਮੁੱਖ ਮੰਤਰੀ ਨੇ ਇੱਥੇ ਹਲ.ਫਦਾਰੀ ਸਮਾਗਮ ਮੌਕੇ ਇਹ ਵਿਚਾਰ ਪ੍ਰਗਟਾਏ। ਬਾਦਲ ਨੇ ਕਿਹਾ ਕਿ ਪੰਜਾਬ ਵਿਚ ਅਕਾਲੀ ਦਲ ਤੇ ਭਾਜਪਾ ਗੱਠਜੋੜ ਵਿਚ ਕੋਈ ਤਰੇੜ ਨਹੀਂ ਹੈ ਤੇ ਭਵਿੱਖੀ ਚੋਣਾਂ ਇਕੱਠੇ ਲੜੀਆਂ ਜਾਣਗੀਆਂ। ਦੱਸਣਯੋਗ ਹੈ ਕਿ ਹਰਿਆਣਾ ਵਿਚ ਭਾਜਪਾ ਤੇ ਜਜਪਾ ਦੇ ਗੱਠਜੋੜ ਵਿਚ ਬਾਦਲ ਦੀ ਅਹਿਮ ਭੂਮਿਕਾ ਰਹੀ ਹੈ। ਪ੍ਰਕਾਸ਼ ਸਿੰਘ ਬਾਦਲ ਨੇ ਜ਼ੋਰ ਦੇ ਕੇ ਕਿਹਾ ਕਿ ਹਰਿਆਣਾ ਵਿਚ ਭਾਜਪਾ ਤੇ ਜਜਪਾ ਦਾ ਗੱਠਜੋੜ ਸਥਿਰ ਸਰਕਾਰ ਦੇਵੇਗਾ।

**ਕਾਂਗਰਸ ਦਾ ਬੁਰਾ ਹਾਲ**

ਕਾਂਗਰਸ ਪਿਛਲੀਆਂ ਲੋਕ ਸਭਾ ਚੋਣਾਂ ਵਿਚ ਨਿਰਾਸ਼ਾਜਨਕ ਹਾਰ ਤੋਂ ਬਾਅਦ ਮੁੜ ਆਪਣੇ ਪੈਰਾਂ 'ਤੇ ਨਾ ਆ ਸਕੀ। ਰਾਹੁਲ ਗਾਂਧੀ ਨੇ ਪਾਰਟੀ ਦੀ ਪ੍ਰਧਾਨਗੀ ਤੋਂ ਅਸਤੀ.ਫਾ ਦੇ ਦਿੱਤਾ। ਸੋਨੀਆ ਗਾਂਧੀ ਨੂੰ ਵੱਡੀ ਹਿਚਕਿਚਾਹਟ ਤੋਂ ਬਾਅਦ ਮੁੜ ਪਾਰਟੀ ਦੀ ਪ੍ਰਧਾਨ ਬਣਾਇਆ ਗਿਆ। ਕੁਝ ਮਹੀਨੇ ਵਿਚ ਮਹਾਰਾਸ਼ਟਰ ਅਤੇ ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਆ ਜਾਣ ਕਾਰਨ ਪਾਰਟੀ ਨੂੰ ਸੰਭਲਣ ਦਾ ਮੌਕਾ ਨਹੀਂ ਮਿਲਿਆ। ਹਰਿਆਣਾ ਵਿਚ ਰਾਹੁਲ ਗਾਂਧੀ ਵਲੋਂ ਥਾਪੇ ਗਏ ਹਰਿਆਣਾ ਦੇ ਨੌਜਵਾਨ ਪਾਰਟੀ ਪ੍ਰਧਾਨ ਅਸ਼ੋਕ ਤੰਵਰ ਵਿਰੁੱਧ ਦੋ ਵਾਰ ਮੁੱਖ ਮੰਤਰੀ ਰਹੇ ਭੁਪਿੰਦਰ ਸਿੰਘ ਹੁੱਡਾ ਨੇ ਬਗਾਵਤ ਕਰ ਦਿੱਤੀ, ਜਿਸ ਕਰਕੇ ਬੜੀ ਦੇਰ ਬਾਅਦ ਹੁੱਡਾ ਅਤੇ ਕੁਮਾਰੀ ਸ਼ੈਲਜ਼ਾ ਨੂੰ ਹਰਿਆਣਾ ਦੀ ਚੋਣ ਕਮਾਨ ਸੰਭਾਲੀ ਗਈ। ਇਸ ਐਲਾਨ ਤੋਂ ਨਾਰਾਜ਼ ਹੋ ਕੇ ਅਸ਼ੋਕ ਤੰਵਰ ਨੇ ਪਾਰਟੀ ਤੋਂ ਅਸਤੀ.ਫਾ ਦੇ ਦਿੱਤਾ ਅਤੇ ਉਹ ਕਾਂਗਰਸ ਨੂੰ ਹਰਾਉਣ ਲਈ ਵਿਰੋਧੀਆਂ ਨਾਲ ਜਾ ਰਲੇ। ਪਰ ਇਸ ਦੇ ਬਾਵਜੂਦ ਕਾਂਗਰਸ ਵਲੋਂ ਹਰਿਆਣਾ ਦੀਆਂ ਚੋਣਾਂ ਵਿਚ 31 ਸੀਟਾਂ 'ਤੇ ਜਿੱਤ ਪ੍ਰਾਪਤ ਕਰਨੀ ਸ਼ਾਇਦ ਕਾਂਗਰਸੀਆਂ ਲਈ ਵੀ ਹੈਰਾਨੀ ਭਰੀ ਗੱਲ ਹੋਵੇ, ਜਿਸ ਦੀ ਕਾਂਗਰਸ ਨੂੰ ਵੀ ਉਮੀਦ ਨਹੀਂ ਸੀ। ਕੌਮੀ ਲੀਡਰਸ਼ਿਪ ਨੇ ਵੀ ਇਨ੍ਹਾਂ ਚੋਣਾਂ ਵਿਚ ਕੋਈ ਦਿਲਚਸਪੀ ਨਹੀਂ ਸੀ ਦਿਖਾਈ। ਰਾਹੁਲ ਗਾਂਧੀ ਸਾਰੀ ਚੋਣ ਮੁਹਿੰਮ ਦੌਰਾਨ ਦੋ ਵਾਰ ਹੀ ਹਰਿਆਣਾ ਵਿਚ ਆਏ। ਸੋਨੀਆ ਗਾਂਧੀ ਅਤੇ ਪ੍ਰਿਅੰਕਾ ਗਾਂਧੀ ਨੇ ਇਸ ਸਮੇਂ ਦੌਰਾਨ ਇਕ ਵਾਰ ਵੀ ਹਰਿਆਣਾ ਦਾ ਦੌਰਾ ਨਹੀਂ ਕੀਤਾ। ਇਸ ਦੇ ਨਾਲ ਹੀ ਚੋਣ ਨਤੀਜਿਆਂ ਤੋਂ ਬਾਅਦ ਗੋਪਾਲ ਕਾਂਡਾ ਦਾ ਨਾਂਅ ਵੀ ਚਰਚਾ ਵਿਚ ਆਇਆ। ਕਾਂਡਾ ਪਿਛਲੇ ਲੰਮੇ ਸਮੇਂ ਤੋਂ ਹਰਿਆਣਾ ਦੀ ਸਿਆਸਤ ਵਿਚ ਤੇ ਵਿਵਾਦਪੂਰਨ ਵਿਅਕਤੀ ਰਿਹਾ ਹੈ। ਪਹਿਲਾਂ ਉਹ ਇੰਡੀਅਨ ਨੈਸ਼ਨਲ ਲੋਕ ਦਲ ਨਾਲ ਸੀ। ਬਾਅਦ ਵਿਚ ਉਹ ਕਾਂਗਰਸ ਵਿਚ ਸ਼ਾਮਿਲ ਹੋ ਗਿਆ। ਥੋੜ੍ਹੇ ਹੀ ਸਮੇਂ ਵਿਚ ਉਹ ਵੱਡਾ ਅਮੀਰ ਵਿਅਕਤੀ ਬਣ ਗਿਆ। ਸਾਲ 2012 ਵਿਚ ਕਾਂਡਾ ਭੁਪਿੰਦਰ ਸਿੰਘ ਹੁੱਡਾ ਦੀ ਅਗਵਾਈ ਵਾਲੀ ਕਾਂਗਰਸ ਦੀ ਸਰਕਾਰ ਵਿਚ ਗ੍ਰਹਿ ਮੰਤਰੀ ਬਣ ਗਿਆ। ਇਸ ਦੇ ਨਾਲ ਉਸ ਕੋਲ ਸਨਅਤ ਅਤੇ ਵਪਾਰ ਦੇ ਮੰਤਰਾਲੇ ਵੀ ਸਨ। ਪਰ ਉਸ ਦੀ ਹਵਾਈ ਕੰਪਨੀ ਵਿਚ ਕੰਮ ਕਰਦੀ ਲੜਕੀ ਗੀਤੀਕਾ ਸ਼ਰਮਾ ਨੇ 5 ਅਗਸਤ, 2012 ਨੂੰ ਆਤਮ ਹੱਤਿਆ ਕਰ ਲਈ। ਉਸ ਨੇ ਖ਼ੁਦਕੁਸ਼ੀ ਨੋਟ ਵਿਚ ਕਾਂਡਾ ਵਲੋਂ ਤੰਗ ਪ੍ਰੇਸ਼ਾਨ ਕਰਨ ਦਾ ਦੋਸ਼ ਲਾਇਆ। 6 ਮਹੀਨੇ ਬਾਅਦ ਗੀਤੀਕਾ ਦੀ ਮਾਤਾ ਨੇ ਇਨਸਾ.ਫ ਨਾ ਮਿਲਣ ਕਰਕੇ ਪ੍ਰੇਸ਼ਾਨੀ ਵਿਚ ਆਤਮ ਹੱਤਿਆ ਕਰ ਲਈ। ਇਨ੍ਹਾਂ ਘਟਨਾਵਾਂ ਨੇ ਕਾਂਡਾ ਨੂੰ ਵੱਡੀਆਂ ਮੁਸੀਬਤਾਂ ਵਿਚ ਪਾ ਦਿੱਤਾ। ਅੱਜ ਕਲ੍ਹ ਉਸ 'ਤੇ ਦੋ ਕੇਸ ਚੱਲ ਰਹੇ ਹਨ ਪਰ ਉਹ ਜ਼ਮਾਨਤ 'ਤੇ ਹੈ। ਭਾਜਪਾ ਨੂੰ ਘੱਟ ਮਿਲੀਆਂ ਸੀਟਾਂ ਕਰਕੇ ਕਾਂਡਾ ਨੇ ਉਸ ਦੀ ਹਮਾਇਤ ਦਾ ਐਲਾਨ ਕਰ ਦਿੱਤਾ ਸੀ, ਜਿਸ ਕਰਕੇ ਭਾਜਪਾ ਨੂੰ ਵਿਰੋਧੀਆਂ ਦੀ ਸਖ਼ਤ ਆਲੋਚਨਾ ਦਾ ਸਾਹਮਣਾ ਕਰਨਾ ਪਿਆ। ਉਸੇ ਹੀ ਸਮੇਂ ਦੁਸ਼ਯੰਤ ਚੌਟਾਲਾ ਨਾਲ ਸਮਝੌਤਾ ਹੋਣ ਕਾਰਨ ਭਾਜਪਾ ਨੇ ਨਮੋਸ਼ੀ ਤੋਂ ਬਚਣ ਲਈ ਕਾਂਡਾ ਦੀ ਮਦਦ ਲੈਣ ਤੋਂ ਸਪੱਸ਼ਟ ਇਨਕਾਰ ਕਰ ਦਿੱਤਾ।

**ਜੰਮੂ-ਕਸ਼ਮੀਰ ਵਿੱਚ ਵੀ ਭਾਜਪਾ ਨੂੰ ਝਟਕਾ**

ਮਹਾਰਾਸ਼ਟਰ ਤੇ ਹਰਿਆਣਾ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਲੱਗੇ ਝਟਕੇ ਤੋਂ ਬਾਅਦ ਭਾਜਪਾ ਲਈ ਜੰਮੂ-ਕਸ਼ਮੀਰ ਵਿੱਚੋਂ ਵੀ ਬੁਰੀ ਝਟਕਾ ਲੱਗਾ ਹੈ। ਪੰਜ ਅਗਸਤ ਨੂੰ ਜੰਮੂ-ਕਸ਼ਮੀਰ ਦਾ ਵਿਸ਼ੇਸ਼ ਦਰਜਾ ਖਤਮ ਕਰਨ ਦੇ ਬਾਅਦ 24 ਅਕਤੂਬਰ ਨੂੰ ਹੋਈਆਂ ਬਲਾਕ ਡਿਵੈੱਲਪਮੈਂਟ ਕੌਂਸਲ ਦੀਆਂ ਚੋਣਾਂ ਦੇ ਨਤੀਜਿਆਂ ਨੇ ਦਰਸਾ ਦਿੱਤਾ ਹੈ ਕਿ ਉਥੋਂ ਦੇ ਲੋਕ ਮੋਦੀ ਸਰਕਾਰ ਨਾਲ ਨਰਾਜ਼ ਹਨ। ਰਵਾਇਤੀ ਪਾਰਟੀਆਂ ਦੇ ਆਗੂਆਂ ਤੇ ਸਰਗਰਮ ਕਾਰਕੁਨਾਂ ਨੂੰ ਨਜ਼ਰਬੰਦ ਕਰਕੇ ਨਵੀਂ ਇਮਾਨਦਾਰ ਲੀਡਰਸ਼ਿਪ ਪੈਦਾ ਕਰਨ ਦੇ ਨਾਂਅ 'ਤੇ ਪੈਰ ਜਮਾਉਣ ਦੀ ਇਸ ਦੀ ਕੋਸ਼ਿਸ਼ ਬੁਰੀ ਤਰ੍ਹਾਂ ਫੇਲ੍ਹ ਰਹੀ ਹੈ। ਜੰਮੂ-ਕਸ਼ਮੀਰ ਤੇ ਲੱਦਾਖ ਵਿਚ ਕੁਲ 310 ਬਲਾਕ ਹਨ, ਜਿਨ੍ਹਾਂ ਦੇ ਚੇਅਰਪਰਸਨਾਂ ਦੀ ਚੋਣ ਸਰਪੰਚਾਂ ਤੇ ਪੰਚਾਂ ਵੱਲੋਂ ਕੀਤੀ ਜਾਣੀ ਸੀ। ਪਾਰਟੀ ਨਿਸ਼ਾਨ 'ਤੇ ਹੋਈਆਂ ਚੋਣਾਂ ਨੂੰ ਪੀ ਡੀ ਪੀ, ਨੈਸ਼ਨਲ ਕਾਨਫਰੰਸ ਤੇ ਕਾਂਗਰਸ ਵਰਗੀਆਂ ਮੁੱਖ ਪਾਰਟੀਆਂ ਨੇ ਛਲਾਵਾ ਦੱਸ ਕੇ ਇਨ੍ਹਾਂ ਦੀ ਤਰੀਕ ਮਿੱਥੇ ਜਾਣ ਦੇ ਨਾਲ ਹੀ ਬਾਈਕਾਟ ਦਾ ਐਲਾਨ ਕਰ ਦਿੱਤਾ ਸੀ। ਫਿਰ ਵੀ ਭਾਜਪਾ ਤੋਂ ਇਲਾਵਾ ਪੈਂਥਰਜ਼ ਪਾਰਟੀ ਨੇ ਇਸ ਵਿਚ ਹਿੱਸਾ ਲਿਆ। ਬਾਕੀ ਉਮੀਦਵਾਰ ਆਜ਼ਾਦਾਂ ਵਜੋਂ ਲੜੇ।

ਨਤੀਜਿਆਂ ਮੁਤਾਬਕ ਭਾਜਪਾ ਹਿੰਦੂ ਬਹੁਗਿਣਤੀ ਵਾਲੇ ਜੰਮੂ ਇਲਾਕੇ ਵਿਚ 148 ਬਲਾਕਾਂ ਵਿਚੋਂ 53 ਵਿਚ ਹੀ ਆਪਣੇ ਚੇਅਰਪਰਸਨ ਜਿਤਵਾ ਸਕੀ। ਸਾਂਬਾ ਵਿਚ 9 ਵਿਚੋਂ 4, ਜੰਮੂ ਵਿਚ 20 ਵਿਚੋਂ 9, ਕਠੂਆ ਵਿਚ 19 ਵਿਚੋਂ 9, ਰਾਜੌਰੀ ਵਿਚ 19 ਵਿਚੋਂ 8, ਪੁਣਛ ਵਿਚ 11 ਵਿਚੋਂ 0, ਰਿਆਸੀ ਵਿਚ 12 ਵਿਚੋਂ 4, ਊਧਮਪੁਰ ਵਿਚ 17 ਵਿਚੋਂ 4, ਡੋਡਾ ਵਿਚ 17 ਵਿਚੋਂ 5, ਕਿਸ਼ਤਵਾੜ ਵਿਚ 13 ਵਿਚੋਂ 8 ਤੇ ਰਾਮਬਨ ਵਿਚ 11 ਵਿਚੋਂ 2 ਬਲਾਕਾਂ ਵਿਚ ਹੀ ਇਸ ਦੇ ਚੇਅਰਪਰਸਨ ਚੁਣੇ ਗਏ। ਊਧਮਪੁਰ ਵਿਚ ਪੈਂਥਰਜ਼ ਪਾਰਟੀ ਦੇ 8 ਚੇਅਰਪਰਸਨਾਂ ਨੂੰ ਛੱਡ ਕੇ ਬਾਕੀ ਥਾਈਂ ਆਜ਼ਾਦ ਹੀ ਸਫਲ ਰਹੇ। ਭਾਜਪਾ ਆਪਣੇ ਲੋਕ ਸਭਾ ਮੈਂਬਰ ਜੁਗਲ ਕਿਸ਼ੋਰ ਸ਼ਰਮਾ ਦੇ ਅਸੰਬਲੀ ਹਲਕੇ ਨਗਰੋਟਾ ਵਿਚ ਇਕ ਵੀ ਚੇਅਰਪਰਸਨ ਨਹੀਂ ਚੁਣਵਾ ਸਕੀ। ਇਸੇ ਤਰ੍ਹਾਂ ਇਸ ਦੇ ਸੂਬਾ ਪ੍ਰਧਾਨ ਰਵਿੰਦਰ ਰੈਣਾ ਦੇ ਜੱਦੀ ਬਲਾਕ ਲਾਂਬੜੀ ਵਿਚ ਇਸ ਦੇ ਤਿੰਨ ਉਮੀਦਵਾਰ ਜਿੱਤੇ ਤੇ ਤਿੰਨ ਆਜ਼ਾਦ ਕਾਮਯਾਬ ਹੋਏ। ਪੁਣਛ ਜ਼ਿਲ੍ਹੇ ਵਿਚ ਤਾਂ ਇਸ ਦਾ ਖਾਤਾ ਹੀ ਨਹੀਂ ਖੁੱਲ੍ਹਿਆ। 2014 ਵਿਚ ਡੋਡਾ ਜ਼ਿਲ੍ਹੇ ਦੀਆਂ ਦੋਨੋਂ ਅਸੰਬਲੀ ਸੀਟਾਂ ਇਸ ਨੇ ਜਿੱਤੀਆਂ ਸਨ, ਪਰ 17 ਬਲਾਕਾਂ ਵਿਚੋਂ 5 ਵਿਚ ਹੀ ਇਸ ਦੇ ਉਮੀਦਵਾਰ ਜਿੱਤੇ। ਕਸ਼ਮੀਰ ਦੇ 128 ਬਲਾਕਾਂ ਵਿਚੋਂ 18 ਵਿਚ ਹੀ ਇਸ ਦੇ ਉਮੀਦਵਾਰ ਜਿੱਤੇ। ਇਥੇ ਕਾਂਗਰਸ ਦਾ ਵੀ ਇਕ ਉਮੀਦਵਾਰ ਜਿੱਤਿਆ, ਜਦਕਿ ਬਾਕੀ 109 ਆਜ਼ਾਦ ਜਿੱਤੇ। ਇਸੇ ਤਰ੍ਹਾਂ ਲੱਦਾਖ ਦੇ 31 ਬਲਾਕਾਂ ਵਿਚ ਇਸ ਦੇ ਹੱਥ 11 ਹੀ ਲੱਗੇ ਤੇ ਬਾਕੀਆਂ ਵਿਚ ਆਜ਼ਾਦਾਂ ਦੀ ਝੰਡੀ ਰਹੀ।

ਹਾਲਾਂਕਿ ਮੁੱਖ ਪਾਰਟੀਆਂ ਨੇ ਬਾਈਕਾਟ ਕਰ ਰੱਖਿਆ ਸੀ, ਪਰ ਏਨੀ ਵੱਡੀ ਗਿਣਤੀ ਵਿਚ ਆਜ਼ਾਦਾਂ ਦੀ ਜਿੱਤ ਤੋਂ ਸਾਫ ਹੈ ਕਿ ਭਾਜਪਾ ਦਾ ਭਵਿੱਖ ਖਤਰੇ ਵਿਚ ਹੈ।

**ਮਹਾਰਾਸ਼ਟਰ 'ਚ ਬੁਰਾ ਹਾਲ**

ਮਹਾਰਾਸ਼ਟਰ ਵਿੱਚ ਭਾਜਪਾ ਨੇ ਸ਼ਿਵ ਸੈਨਾ ਨਾਲ ਮਿਲ ਕੇ ਚੋਣਾਂ ਲੜੀਆਂ। ਚੋਣਾਂ ਤੋਂ ਪਹਿਲਾਂ ਕਾਂਗਰਸ ਤੇ ਐੱਨ ਸੀ ਪੀ ਦੇ ਕਈ ਵੱਡੇ ਆਗੂ ਦਲਬਦਲੀ ਕਰਕੇ ਭਾਜਪਾ ਵਿੱਚ ਚਲੇ ਗਏ ਸਨ। ਸਮਝਿਆ ਜਾਂਦਾ ਸੀ ਕਿ ਭਾਜਪਾ-ਸ਼ਿਵ ਸੈਨਾ ਗਠਜੋੜ ਦੀ ਕਾਂਗਰਸ ਐਨ ਸੀ ਪੀ ਦੇ ਕਮਜ਼ੋਰ ਗਠਜੋੜ ਨਾਲ ਲੜਾਈ ਇੱਕਪਾਸੜ ਨਤੀਜੇ ਦੇਵੇਗਾ, ਪਰ ਹੋਇਆ ਇਸ ਦੇ ਉਲਟ, ਭਾਜਪਾ ਜਿਸ ਨੇ ਪਿਛਲੀਆਂ ਚੋਣਾਂ ਵਿੱਚ ਇਕੱਲਿਆਂ ਲੜ ਕੇ 122 ਸੀਟਾਂ ਜਿੱਤੀਆਂ ਸਨ, 101 ਉੱਤੇ ਖਿਸਕ ਗਈ। ਐੱਨ ਸੀ ਪੀ ਤੇ ਕਾਂਗਰਸ ਦੋਵੇਂ ਆਪਣੀਆਂ ਸੀਟਾਂ ਵਧਾਉਣ ਵਿੱਚ ਕਾਮਯਾਬ ਹੋਈਆਂ। ਸ਼ਿਵ ਸੈਨਾ ਆਪਣੀ ਪੁਰਾਣੀ ਪੁਜ਼ੀਸ਼ਨ ਦੇ ਨੇੜੇ-ਤੇੜੇ ਰਹੀ। ਨਤੀਜੇ ਦੱਸਦੇ ਹਨ ਕਿ ਸਰਕਾਰ ਬਣਾਉਣ ਵਿਚ ਸ਼ਿਵ ਸੈਨਾ ਦੀ ਅਹਿਮ ਭੂਮਿਕਾ ਰਹੇਗੀ। ਮੁੱਖ ਮੰਤਰੀ ਦੇ ਅਹੁਦੇ 'ਤੇ ਸਸਪੈਂਸ ਬਣਿਆ ਹੋਇਆ ਹੈ। ਇਸੇ ਵਿਚਾਲੇ ਸ਼ਿਵਸੈਨਾ ਲਗਾਤਾਰ ਬੀਜੇਪੀ ਨੂੰ 50-50 ਦੇ ਫਾਰਮੂਲੇ ਦੀ ਯਾਦ ਦਿਵਾ ਰਹੀ ਹੈ ਤੇ ਆਪਣੇ ਮੁੱਖ ਪੱਤਰ 'ਸਾਮਨਾ' ਜ਼ਰੀਏ ਵੀ ਬੀਜੇਪੀ ਨੂੰ ਨਿਸ਼ਾਨਾ ਬਣਾ ਰਹੀ ਹੈ।

ਭਾਜਪਾ ਦੀ ਸਮਰਥਕ ਪਾਰਟੀ ਸ਼ਿਵ ਸੈਨਾ ਦੇ ਮੁਖੀ ਊਧਵ ਠਾਕਰੇ ਦਾ ਕਹਿਣਾ ਹੈ ਕਿ ਪਹਿਲਾਂ ਤੈਅ ਕੀਤੀ ਵਿਧੀ ਅਨੁਸਾਰ ਹੁਣ ਸੱਤਾ ਵਿਚ 50-50 .ਫੀਸਦੀ ਹਿੱਸੇਦਾਰੀ ਰੱਖਣ ਦਾ ਸਮਾਂ ਹੈ। ਦੂਸਰੇ ਪਾਸੇ ਬੀਜੇਪੀ ਨੇ ਸ਼ਿਵਸੈਨਾ ਨੂੰ ਹਦਾਇਤ ਦਿੱਤੀ ਕਿ ਜੇ ਉਸ ਨੂੰ ਸਰਕਾਰ ਬਣਾਉਣ ਬਾਰੇ ਵਿਚਾਰ ਵਟਾਂਦਰੇ ਕਰਨੇ ਹਨ ਤਾਂ ਉਹ ਸਾਮਨਾ ਰਾਹੀਂ ਅੱਗ ਉਗਲਣਾ ਬੰਦ ਕਰੇ। ਜੇ ਅਜਿਹਾ ਨਹੀਂ ਹੁੰਦਾ ਤਾਂ ਕਿਸੇ ਕਿਸਮ ਦੀ ਕੋਈ ਚਰਚਾ ਨਹੀਂ ਹੋਵੇਗੀ। ਇਸ ਦੌਰਾਨ, ਸੀਐਮ ਦੇ ਅਹੁਦੇ ਨੂੰ ਲੈ

ਬਾਕੀ ਸ.ਫਾ 32 'ਤੇ

# ਜਨਮ ਸਾਖੀ ਸਾਹਿਤ ਬਨਾਮ ਭਾਈ ਬਾਲਾ

**ਪ੍ਰੋ. ਬਲਵਿੰਦਰਪਾਲ ਸਿੰਘ**

**ਭਾਗ ਦੂਜਾ**

ਪੰਜਾਬੀਆਂ ਨੂੰ ਵਫਾਦਾਰ ਰੱਖਣ ਲਈ ਅੰਗਰੇਜ਼ਾਂ ਨੇ ਨਹਿਰਾਂ ਖੋਦ ਕੇ ਮੁਰੱਬੇ ਵੰਡੇ ਤਾਂ ਬਾਬਾ ਖੇਮ ਸਿੰਘ ਬੇਦੀ ਕੋਲ 8 ਹਜ਼ਾਰ ਏਕੜ ਜ਼ਮੀਨ ਹੋ ਗਈ। ਇਸ ਦਾ ਪੁੱਤਰ ਕਰਤਾਰ ਸਿੰਘ ਬੇਦੀ ਐਲਾਨੀਆ ਤੌਰ 'ਤੇ ਕਹਿੰਦਾ ਸੀ ਕਿ ਸਿੱਖ ਹਿੰਦੂ ਹਨ ਤੇ ਨਨਕਾਣਾ ਸਾਹਿਬ ਦੇ ਸਾਕੇ ਮੌਕੇ ਬੇਦੀ ਖਾਨਦਾਨ ਖੁੱਲ ਕੇ ਮਹੰਤ ਨਰੈਣੂ ਦੀ ਮੱਦਦ ਕਰਦਾ ਸੀ। ਬਾਬਾ ਖੇਮ ਸਿੰਘ ਬੇਦੀ ਦਾ ਦੂਜਾ ਪੁੱਤਰ ਗੁਰਬਖਸ਼ ਸਿੰਘ ਬੇਦੀ ਸੀ ਜੋ ਸਨਾਤਨੀਆਂ ਦਾ ਹੱਥ ਠੋਕਾ ਸੀ ਤੇ ਗੁਰੂ ਗ੍ਰੰਥ ਸਾਹਿਬ ਨੂੰ ਪੰਜਵਾਂ ਵੇਦ ਕਹਿੰਦਾ ਹੁੰਦਾ ਸੀ। ਉਹ ਸਿੱਖਾਂ ਦੀ ਵੱਖਰੀ ਹੋਂਦ ਨੂੰ ਮਲੀਆਮੇਟ ਕਰਕੇ ਸਨਾਤਨੀ ਸਮੁੰਦਰ ਵਿਚ ਗਰਕ ਕਰਨ ਲਈ ਹਮੇਸ਼ਾ ਮੋਹਰੀ ਰਿਹਾ। ਸਿੱਖੀ ਦੇ ਵੱਖਰੇਪਣ ਦੀ ਹਰ ਨਿਸ਼ਾਨੀ ਨੂੰ ਮੇਟਣਾ ਉਹ ਆਪਣਾ ਫਰਜ਼ ਸਮਝਦਾ ਸੀ। 1910 ਵਿਚ ਖੇਮ ਸਿੰਘ ਬੇਦੀ ਦੇ ਪੁੱਤਰ ਗੁਰਬਖਸ਼ ਸਿੰਘ ਬੇਦੀ ਦੀ ਪ੍ਰਧਾਨਗੀ ਹੇਠ ਪੰਜਾਬੀ ਹਿੰਦੂ ਕਾਨਫਰੰਸ ਮੁਲਤਾਨ ਵਿਚ ਕੀਤੀ ਗਈ ਜੋ ਕਿ ਪੰਜਾਬੀ ਬੋਲੀ ਤੇ ਸਿੱਖੀ ਦੇ ਖਿਲਾਫ ਸੀ। ਇਸੇ ਗੁਰਬਖਸ਼ ਸਿੰਘ ਬੇਦੀ ਦੀ ਪੋਤੀ ਤੇਜੀ ਬੇਦੀ ਸੀ ਜੋ ਯੂ.ਪੀ. ਦੇ ਭਈਏ ਹਰਬੰਸ ਰਾਏ ਬੱਚਨ ਨਾਲ ਵਿਆਹੀ ਗਈ, ਉਸ ਦਾ ਪੁੱਤਰ ਫਿਲਮਾਂ ਦਾ ਹੀਰੋ ਅਮਿਤਾਬ ਬੱਚਨ ਹੈ ਜੋ ਨਵੰਬਰ 1984 ਮੌਕੇ ਸਿੱਖਾਂ ਦਾ ਕਤਲੇਆਮ ਕਰਨ ਲਈ ਭੀੜਾਂ ਨੂੰ ਉਤਸ਼ਾਹਿਤ ਕਰਦਾ ਰਿਹਾ ਸੀ।

ਇੱਥੇ ਗੱਲ ਦੱਸਣੀ ਜ਼ਰੂਰੀ ਹੈ ਕਿ ਸਿੱਖ ਮਾਨਸਿਕਤਾ ਅੰਦਰੋਂ ਸ਼ੇਰੇ ਪੰਜਾਬ ਵਾਲਾ ਰਾਜ ਨਹੀ ਗਿਆ ਸੀ। ਬਾਬਾ ਖੇਮ ਸਿੰਘ ਬੇਦੀ ਵੇਲੇ ਖਾਲਸਾ ਰਾਜ ਦਾ ਪਤਨ ਕਰਨ ਵਾਲੇ ਅੰਗਰੇਜ਼ ਹਾਕਮਾਂ ਨੇ ਸਿੱਖਾਂ ਵਿਚੋਂ ਰਾਜ ਭਾਗ ਦੀ ਭਾਵਨਾ ਨੂੰ ਖਤਮ ਕਰਨ ਲਈ ਦਰਬਾਰ ਸਾਹਿਬ ਵਿਚੋਂ "ਰਾਜ ਕਰੇਗਾ ਖਾਲਸਾ, ਆਕੀ ਰਹੇ ਨ ਕੋਇ" ਨੂੰ ਅਰਦਾਸ ਸੰਕਲਪ ਵਿਚੋਂ ਖਾਰਜ ਕੀਤਾ। ਗਿਆਨੀ ਦਿੱਤ ਸਿੰਘ ਤੇ ਪ੍ਰੋ ਗੁਰਮੁਖ ਸਿੰਘ ਖਾਲਸਾ ਰਾਜ ਵਾਲੀ ਸਿੱਖ ਮਾਨਸਿਕਤਾ ਦੀ ਪ੍ਰਤੀਨਿਧਤਾ ਕਰਦੇ ਸਨ। ਉਹਨਾਂ ਨੇ ਦਰਬਾਰ ਸਾਹਿਬ ਵਿਚੋਂ ਮੂਰਤੀਆਂ ਬਾਹਰ ਕਢਾ ਦਿੱਤੀਆਂ ਸਨ। ਬਾਬਾ ਖੇਮ ਸਿੰਘ ਬੇਦੀ ਸਿੱਖਾਂ ਨੂੰ ਕੇਸਾਧਾਰੀ ਹਿੰਦੂ ਬਣਾਉਣਾ ਚਾਹੁੰਦਾ ਸੀ। ਇਹ ਗਲ ਗਿਆਨੀ ਦਿੱਤ ਸਿੰਘ ਤੇ ਪ੍ਰੋ ਗੁਰਮੁਖ ਸਿੰਘ ਨੂੰ ਮਨਜੂਰ ਨਹੀਂ ਸੀ। ਦੋਹਾਂ ਵਿਦਵਾਨਾਂ ਨੇ ਇਤਿਹਾਸਕ ਦਲੀਲਾਂ ਨਾਲ ਜਨਮ ਸਾਖੀ ਭਾਈ ਬਾਲੇ ਵਾਲੀ ਰੱਦ ਕੀਤੀ ਹੈ, ਕਿਉਂਕਿ ਇਹ ਗੁਰੂ ਨਾਨਕ ਸਿਧਾਂਤ ਉਲਟ ਸੀ।

ਪ੍ਰੋ. ਗੁਰਮੁਖ ਸਿੰਘ (ਓਰੀਐਂਟਲ ਕਾਲਜ ਲਾਹੌਰ ਨੇ ਆਪਣੀ 'ਸੁਧਾਰਕ ਨਾਮ ਦੀ ਮਾਸਿਕ ਪੱਤ੍ਰਿਕਾ ਵਿਚ ਇਹ ਗੱਲ ਪੇਸ਼ ਕੀਤੀ ਕਿ ਇਹ ਜਨਮ ਸਾਖੀ ਨਾ ਗੁਰੂ ਅੰਗਦ ਦੇਵ ਜੀ ਨੇ ਲਿਖਵਾਈ ਹੈ ਤੇ ਨਾ ਹੀ ਭਾਈ ਬਾਲੇ ਨੇ ਦੱਸੀ ਹੈ।

ਸਿੰਘ ਸਭਾ ਲਹਿਰ ਦੇ ਅਹਿਮ ਆਗੂ ਗਿਆਨੀ ਦਿੱਤ ਸਿੰਘ ਨੇ ਸਾਰੀਆਂ ਜਨਮ ਸਾਖੀਆਂ ਬਾਰੇ ਜਾਣਕਾਰੀ ਸੀ। ਉਹਨਾਂ ਨੇ ਭਾਈ ਗੁਰਦਾਸ ਦੀਆਂ ਵਾਰਾਂ ਤੇ ਭਾਈ ਬਾਲੇ ਵਾਲੀ ਜਨਮ ਸਾਖੀ ਤੇ ਹੋਰ ਸਾਖੀ ਸਹਿਤ ਦੀ ਘੋਖ ਪੜਤਾਲ ਵੀ ਕੀਤੀ। ਉਹਨਾਂ ਨੇ ਸਪੱਸ਼ਟ ਤੌਰ 'ਤੇ ਕਿਹਾ ਸੀ ਕਿ ਜਨਮ ਸਾਖੀਆਂ ਵਿਚ ਗੁਰੂ ਨਾਨਕ ਸਾਹਿਬ ਜੀ ਦਾ ਅਕਸ ਤੇ ਜੀਵਨ ਬਿਰਤਾਂਤ ਗੁਰਮਤਿ ਸਿਧਾਂਤ ਅਨੁਸਾਰ ਪੇਸ਼ ਨਹੀਂ ਕੀਤਾ ਗਿਆ। ਉਹ ਚਾਹੁੰਦੇ ਸਨ ਕਿ ਇਹ ਤਰੁਟੀਆਂ ਦੂਰ ਕੀਤੀਆਂ ਜਾਣ। ਇਸੇ ਕਰਕੇ ਉਹਨਾਂ ਆਪਣੀ ਰਚਨਾ ਜਨਮ ਸਾਖੀ ਗੁਰੂ ਨਾਨਕ ਸਾਹਿਬ ਜੀ ਦੀ ਭੂਮਿਕਾ ਵਿਚ ਇਹਨਾਂ ਸਾਖੀਆਂ ਵਿਚਲੀਆਂ ਤਰੁਟੀਆਂ 'ਤੇ ਉਂਗਲ ਧਰੀ।

ਗਿਆਨੀ ਦਿੱਤ ਸਿੰਘ ਨੇ ਜਨਮ ਸਾਖੀ ਦੀ ਭੂਮਿਕਾ ਵਿਚ ਉਹਨਾਂ ਸੋਮਿਆਂ ਦਾ ਹਵਾਲਾ ਦਿੱਤਾ ਜਿਹਨਾਂ ਤੋਂ ਉਹਨਾਂ ਨੇ ਜਨਮ ਸਾਖੀ ਲਿਖਣ ਦੀ ਮਦਦ ਲਈ। ਉਹਨਾਂ ਸੋਮਿਆਂ ਵਿਚ ਵਲਾਇਤ ਵਾਲੀ ਜਨਮ ਸਾਖੀ, ਭਾਈ ਬਾਲੇ ਵਾਲੀ ਜਨਮ ਸਾਖੀ ਅਤੇ ਭਾਈ ਗੁਰਦਾਸ ਦੀ ਪਹਿਲੀ ਵਾਰ ਦਾ ਜ਼ਿਕਰ ਮਿਲਦਾ ਹੈ, ਜਿਸ ਤੋਂ ਪਤਾ ਚੱਲਦਾ ਹੈ ਕਿ ਉਹਨਾਂ ਨੇ ਸ਼ਾਇਦ ਇਹਨਾਂ ਸੋਮਿਆਂ ਨੂੰ ਆਪਣੀ ਜਨਮ ਸਾਖੀ ਦਾ ਆਧਾਰ ਬਣਾਇਆ ਹੈ। ਇਹਨਾਂ ਜਨਮ ਸਾਖੀਆਂ ਬਾਰੇ ਗਿਆਨੀ ਦਿੱਤ ਸਿੰਘ ਦੀਆਂ ਆਲੋਚਨਾਤਮਕ ਟਿੱਪਣੀਆਂ ਬਹੁਤ ਅਹਿਮ ਹਨ। ਮਿਸਾਲ ਵਜੋਂ ਉਹ ਭਾਈ ਗੁਰਦਾਸ ਦੀ ਪਹਿਲੀ ਵਾਰ ਜਿਸ ਨੂੰ ਕਿ ਗੁਰੂ ਨਾਨਕ ਦੇਵ ਜੀ ਦੀ ਵਾਰ ਵੀ ਕਿਹਾ ਜਾਂਦਾ ਹੈ, ਬਾਰੇ ਲਿਖਦੇ ਹਨ :

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਬਲਿਹਾਰ ਜਾਈਏ, ਜਿਹਨਾਂ ਨੇ ਬੜੀ ਮੇਹਨਤ ਕਰਕੇ ਸਤਿਗੁਰਾਂ ਦੇ ਉਪਦੇਸ਼ ਇਕੱਤਰ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਖੀ ਲਿਖੀ ਪਰ ਬਹੁਤ ਸੰਖੇਪ ਨਾਲ ਪਰ ਬਹੁਤ ਥੋੜ੍ਹੀ ਇਹ ਸਾਖੀ ਪ੍ਰਮਾਣਿਕ ਹੈ, ਕਿਉਂਕਿ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਭਾਈ ਗੁਰਦਾਸ ਜੀ ਦੀ ਬਾਣੀ ਨੂੰ ਠੀਕ ਕਥਨ ਕੀਤਾ ਹੈ। ਪਰ ਇਹ ਅਫਸੋਸ ਹੈ ਕਿ ਸਾਨੂੰ ਵਿਸਤਾਰ ਨਾਲ ਲਿਖੀ ਹੋਈ ਕੋਈ ਐਸੀ ਜਨਮ ਸਾਖੀ ਨਹੀਂ ਮਿਲਦੀ ਜੋ ਪ੍ਰਮਾਣਿਕ ਹੋਵੇ, ਸ਼ਾਇਦ ਕੋਈ ਲਿਖੀ ਹੀ ਨਹੀਂ ਗਈ।

(ਭਾਈ ਦਿੱਤ ਸਿੰਘ ਗਯਾਨੀ, ਜਨਮ ਸਾਖੀ ਸ੍ਰੀ ਗੁਰੂ ਨਾਨਕ ਸਾਹਿਬ ਜੀ, ਪੰਨਾ 3)

ਇਸ ਤਰ੍ਹਾਂ ਭਾਈ ਬਾਲੇ ਵਾਲੇ ਜਨਮ ਸਾਖੀ ਦੀ ਪ੍ਰਮਾਣਿਕਤਾ ਵਿਸ਼ੇਸ਼ ਕਰਕੇ ਵਿਚਲੀ ਇਤਿਹਾਸਕਤਾ ਨੂੰ ਲੈ ਕੇ ਗਿਆਨੀ ਦਿੱਤ ਸਿੰਘ ਜੀ ਬਹੁਤ ਸਪੱਸ਼ਟ ਸਨ। ਇਸੇ ਕਰਕੇ ਉਹਨਾਂ ਨੇ ਇਸ ਬਾਰੇ ਸਖਤ ਟਿੱਪਣੀਆਂ ਕੀਤੀਆਂ ਹਨ।

"ਇਕ ਜਨਮ ਸਾਖੀ ਭਾਈ ਬਾਲੇ ਵਾਲੀ ਜਨਮ ਸਾਖੀ ਕਰਕੇ ਪ੍ਰਸਿੱਧ ਹੈ। ਉਸ ਵਿਚ ਲਿਖਿਆ ਹੈ ਕਿ ਸੰਮਤ 1601 ਵਿਚ ਭਾਈ ਬਾਲੇ ਨੇ ਗੁਰੂ ਅੰਗਦ ਸਾਹਿਬ ਜੀ ਨੂੰ ਆਪਣੀ ਯਾਦ ਨਾਲ ਆਦਿ ਪਾਤਸ਼ਾਹੀ ਦੀ ਸਾਖੀ ਲਿਖਵਾਈ। ਗੁਰੂ ਨਾਨਕ ਸਾਹਿਬ ਜੀ ਸੰਮਤ 1596 ਵਿਚ ਜੋਤੀ ਜੋਤਿ ਸਮਾਏ ਸਨ, ਇਸ ਤੋਂ ਸਿੱਧ ਕਿ ਗੁਰੂ ਨਾਨਕ ਸਾਹਿਬ ਜੀ ਦੀ ਜਨਮ ਸਾਖੀ ਉਹਨਾਂ ਦੇ ਦੇਹਾਂਤ ਤੋਂ ਪੰਜ ਵਰ੍ਹੇ ਪਿਛੋਂ ਲਿਖੀ ਗਈ ਸੀ। ਭਾਵੇਂ ਗੁਰੂ ਨਾਨਕ ਜੀ ਮਹਾਰਾਜ ਦੇ ਸਾਰੇ ਚਰਿਤ ਅਰਥਾਤ ਜੀਵਨ ਬਿਰਤਾਂਤ ਜੋ ਸੱਤਰ ਬਰਸਾਂ ਵਿਚ ਪ੍ਰਗਟ ਹੁੰਦੇ ਰਹੇ ਕਿ ਇਕ ਬਾਲੇ ਦੀ ਯਾਦ ਵਿਚ ਨਹੀਂ ਰਹਿ ਸਕਦੇ ਸਨ, ਪਰ ਫਿਰ ਵੀ ਇਹ ਬਾਤ ਮੰਨਣੀ ਪਵੇਗੀ ਕਿ ਜੇਕਰ ਗੁਰੂ ਅੰਗਦ ਸਾਹਿਬ ਜੀ ਨੇ ਆਦਿ ਗੁਰੂ ਜੀ ਦੀ ਜਨਮ ਸਾਖੀ ਆਪ ਲਿਖਵਾਈ ਹੈ ਤਾਂ ਉਹ ਅਵਸ਼ਯ ਹੀ ਠੀਕ ਅਤੇ ਪ੍ਰਮਾਣਿਕ ਹੈ ਅਤੇ ਉਸ ਵਿਚ ਕੋਈ ਸੰਦੇਹ ਨਹੀਂ ਹੋ ਸਕਦਾ ਪਰ ਕਈ ਯੁਕਤੀਆਂ ਕਰਕੇ ਇਹ ਗੱਲ ਮੰਨਣੀ ਪਵੇਗੀ ਕਿ ਗੁਰੂ ਅੰਗਦ ਸਾਹਿਬ ਵਾਲੀ ਜਨਮ ਸਾਖੀ ਅਜੇ ਤੱਕ ਨਹੀਂ ਲੱਭੀ। ਜਿਹੜੀ ਜਨਮ ਸਾਖੀ ਭਾਈ ਬਾਲੇ ਵਾਲੀ ਕਰਕੇ ਹੁਣ ਪ੍ਰਸਿੱਧ ਹੋ ਰਹੀ ਹੈ, ਉਸ ਵਿਚ ਬਹੁਤ ਸਾਰੀਆਂ ਐਸੀਆਂ ਗੱਲਾਂ ਹਨ ਜੋ ਖਾਲਸਾ ਧਰਮ ਯੁਕਤੀ ਅਰ ਨਿਆਏ ਦੇ ਵਿਰੁੱਧ ਹਨ। ਇਸ ਤੋਂ ਜਾਣੀਦਾ ਹੈ ਕਿ ਜਨਮ ਸਾਖੀ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਪ੍ਰਮਾਣ ਕੀਤੀ ਹੋਈ ਨਹੀਂ ਹੋ ਸਕਦੀ।'

(ਭਾਈ ਦਿੱਤ ਸਿੰਘ ਗਯਾਨੀ, ਜਨਮ ਸਾਖੀ ਸ੍ਰੀ ਗੁਰੂ ਨਾਨਕ ਸਾਹਿਬ,
ਪੰਨਾ 3-4)

ਗਿਆਨੀ ਦਿੱਤ ਸਿੰਘ ਵੇਲੇ ਸਿੰਘ ਸਭਾ ਲਹਿਰ ਆਪਣੇ ਪੂਰੇ ਜ਼ੋਰ ਨਾਲ ਚਲ ਨਿਕਲੀ ਸੀ। ਜਿਸ ਦੇ ਕਈ ਆਦਰਸ਼ਾਂ ਵਿਚੋਂ ਇਕ ਆਦਰਸ਼ ਸਿੱਖ ਸਾਹਿਤ ਦੀ ਖੋਜ ਭਾਲ ਅਤੇ ਪ੍ਰਕਾਸ਼ਨਾ ਸੀ। ਇਸ ਉੱਦਮ ਅਧੀਨ ਜਨਮ-ਸਾਖੀਆਂ ਸੰਬੰਧੀ ਦੀ ਪੜਚੋਲ ਸ਼ੁਰੂ ਹੋ ਗਈ ਸੀ ਅਤੇ ਉਸ ਵੇਲੇ ਵਲਾਇਤ ਵਾਲੀ ਜਨਮ ਸਾਖੀ ਜਿਹੜੀ ਪਿਛੋਂ ਪੁਰਾਤਨ ਜਨਮ ਸਾਖੀ ਅਖਵਾਈ, ਬਾਰੇ ਚਰਚਾ ਸੀ। ਮੈਕਾਲਿਫ ਦੀ ਨਿਗਰਾਨੀ ਅਧੀਨ ਇਹ ਜਨਮ ਸਾਖੀ ਹਾਫਜ਼ਾਬਾਦ ਵਾਲੀ ਜਨਮ ਸਾਖੀ ਨਾਂ ਥੱਲੇ 1885 ਈਸਵੀ ਵਿਚ ਪ੍ਰੋ. ਗੁਰਮੁਖ ਸਿੰਘ ਦੁਆਰਾ ਸੰਪਾਦਿਤ ਹੋ ਕੇ ਪ੍ਰਕਾਸ਼ਿਤ ਹੋ ਚੁੱਕੀ ਸੀ। ਗਿਆਨੀ ਦਿੱਤ ਸਿੰਘ ਖੋਜ ਪੜਤਾਲ ਦੀ ਇਸ ਕਿਰਿਆ ਅਤੇ ਵਲਾਇਤ ਵਾਲੀ ਜਨਮ ਸਾਖੀ ਵੱਲ ਸੰਕੇਤ ਕਰਦਾ ਹੋਇਆ ਲਿਖਦਾ ਹੈ :

"ਅਕਾਲ ਪੁਰਖ ਦੀ ਕਿਰਪਾ ਕਰਕੇ ਹੁਣ ਡੂੰਘੀ ਵਿਚਾਰ ਦਾ ਸਮਾਂ ਆ ਗਿਆ ਹੈ, ਤਹਕੀਕਾਤ ਹੋ ਰਹੀ ਹੈ ਅਤੇ ਹੁੰਦੀ ਰਹੇਗੀ। ਇਸ ਤਹਕੀਕਾਤ ਤੋਂ ਦੋ ਬਾਤਾਂ ਬੜੀਆਂ ਅਸਚਰਜ ਨਿਕਲਦੀਆਂ ਹਨ ਅਰਥਾਤ ਜਿਹੜੀ ਜਨਮ ਸਾਖੀ ਬੜੀ ਪੁਰਾਣੀ ਵਲਾਇਤੋਂ ਮੰਗਵਾਈ ਗਈ ਸੀ, ਉਸ ਵਿਚ ਭਾਈ ਬਾਲੇ ਦਾ ਨਾਉਂ ਹੀ ਨਹੀਂ ਹੈ। ਗੁਰੂ ਨਾਨਕ ਸਾਹਿਬ ਦੇ ਨਾਲ ਰਹਿਣਾ ਤਾਂ ਇਕ ਪਾਸੇ ਰਿਹਾ। ਦੂਸਰਾ ਉਸ ਵਿਚ ਗੁਰੂ ਨਾਨਕ ਸਾਹਿਬ ਦਾ ਜਨਮ ਵਿਸਾਖ ਸੁਦੀ ਤੀਹ ਸੰਮਤ 1523 ਬਿ. (ਵਰਤਮਾਨ) ਦਾ ਲਿਖਿਆ ਹੈ : ਕੱਤਕ ਦੀ ਪੂਰਨਮਾਸ਼ੀ ਦਾ ਨਹੀਂ।'

(ਭਾਈ ਦਿੱਤ ਸਿੰਘ ਗਯਾਨੀ, ਜਨਮ ਸਾਖੀ ਸ੍ਰੀ ਗੁਰੂ ਨਾਨਕ ਸਾਹਿਬ ਜੀ, ਪੰਨਾ 3-4)

**ਕਰਮ ਸਿੰਘ ਹਿਸਟੋਰੀਅਨ ਦਾ ਇਤਿਹਾਸਕ ਪੱਖ**

ਕਰਮ ਸਿੰਘ ਹਿਸਟੋਰੀਅਨ ਨੇ ਵੀ ਭਾਈ ਬਾਲੇ ਦੀ ਹੋਂਦ ਨੂੰ ਰੱਦ ਕੀਤਾ ਹੈ। ਉਹਨਾਂ ਦਾ ਮੰਨਣਾ




ਹੈ ਕਿ ਭਾਈ ਬਾਲੇ ਦੀ ਜਨਮ ਸਾਖੀ ਹਿੰਦਾਲੀਆ (ਬਾਬਾ ਹੰਦਾਲ 1573-1648 ਈਸਵੀ ਦੇ ਮੰਨਣ ਵਾਲੇ ਨੇ ਲਿਖਵਾਈ ਹੈ। ਇਸ ਵਿਚ ਗੁਰੂ ਨਾਨਕ ਸਾਹਿਬ ਨੂੰ ਨੀਵਾਂ ਤੇ ਬਾਬਾ ਹੰਦਾਲ ਤੇ ਕਬੀਰ ਸਾਹਿਬ ਨੂੰ ਉੱਚਾ ਦੱਸਿਆ ਗਿਆ ਹੈ। ਇਸ ਵਿਚ ਉਹ ਗਲਤ ਸਾਖੀਆਂ ਹਨ, ਜਿਹਨਾਂ ਨੂੰ ਕੋਈ ਵੀ ਸਿੱਖ ਮੰਨਣ ਨੂੰ ਤਿਆਰ ਨਹੀਂ। ਭਾਵ ਮਹੰਤ ਵਾਲੀ ਸਾਖੀ ਤੇ 'ਸਹਿਜ ਕੁਸਹਿਜ ਵਾਲੀ ਸਾਖੀ। ਸਿੱਖਾਂ ਵਿਚ ਸੰਧੂ ਗੋਤ ਦੇ ਸਿੱਖ ਬਹੁਤ ਹਨ—ਭਾਈ ਬਾਲਾ ਆਪਣੇ ਆਪ ਨੂੰ ਸੰਧੂ ਗੋਤ ਦਾ ਜੱਟ ਦੱਸਦਾ ਹੈ। ਉਸ ਦੀ ਕੋਈ ਸੰਤਾਨ ਨਹੀਂ ਮਿਲਦੀ। ਇਹ ਸਾਖੀ ਸ਼ੁਰੂ ਤੋਂ ਅਖੀਰ ਤੱਕ ਜਾਹਲੀ ਹੈ, ਝੂਠੀ ਹੈ, ਬਣਾਉਟੀ ਹੈ, ਨਿੰਦਿਆ ਨਾਲ ਭਰੀ ਹੋਈ ਹੈ, ਸੁਣਨ ਦੇ ਯੋਗ ਨਹੀਂ, ਦੇਖਣ ਦੇ ਕੰਮ ਨਹੀਂ, ਮੰਨਣ ਦੇ ਲਾਇਕ ਨਹੀਂ ਏਸ ਨੂੰ ਬੰਨ੍ਹਕੇ ਅਜਿਹੇ ਥਾਂ ਪੁਚਾਉਣਾ ਚਾਹੀਏ ਜਿਥੋਂ ਇਸ ਦਾ ਖੁਰਾ ਖੋਜ ਨਾ ਮਿਲੇ।

(ਕੱਤਕ ਕਿ ਵਿਸਾਖ, ਫੁਲਵਾੜੀ ਪ੍ਰੈਸ, ਲਾਹੌਰ 1932, ਪੰਨਾ 248)

ਕਰਮ ਸਿੰਘ ਹਿਸਟੋਰੀਅਨ ਨੇ ਬਾਲੇ ਵਾਲੀ ਜਨਮ ਸਾਖੀ ਦਾ ਇਤਿਹਾਸਕ ਭੂਗੋਲਿਕ, ਗਣਿਤ ਪੱਖ ਤੋਂ ਅਧਿਐਨ ਕਰਕੇ ਇਸ ਨੂੰ ਹਰ ਪਾਸਿਓਂ ਰੱਦ ਕੀਤਾ ਹੈ।

ਭਾਈ ਬਾਲੇ ਵਾਲੀ ਜਨਮ ਸਾਖੀ ਦਾ ਨੁਕਸਦਾਰ ਨੁਕਤਾ ਇਹ ਹੈ ਕਿ ਇਸ ਵਿਚ ਗੁਰੂ ਨਾਨਕ ਸਾਹਿਬ ਦੇ ਚਰਿੱਤਰ ਨਾਲ ਅਜਿਹੇ ਗਲਤ ਕਥਾ ਅੰਸ਼ਾਂ ਨੂੰ ਸਾਜ਼ਿਸ਼ੀ ਢੰਗ ਨਾਲ ਬਿਆਨਿਆ ਗਿਆ ਹੈ, ਜਿਸ ਦਾ ਮੰਤਵ ਗੁਰੂ ਨਾਨਕ ਸਾਹਿਬ ਜੀ ਦੀ ਸਖਸ਼ੀਅਤ ਦੂਸ਼ਿਤ ਕਰਨਾ ਹੈ। ਇਸ ਤੋਂ ਸਪੱਸ਼ਟ ਹੈ ਕਿ ਇਹ ਲਿਖਤ ਗੁਰੂ ਘਰ ਵਿਰੋਧੀ ਹੈ। ਇਤਿਹਾਸ ਵਿਚ ਕਿਤੇ ਵੀ ਭਾਈ ਬਾਲੇ ਦਾ ਜ਼ਿਕਰ ਨਹੀਂ ਮਿਲਦਾ। ਪਰ 'ਸੂਰਜ ਪ੍ਰਕਾਸ਼' ਦੀ ਕਥਾ ਰਾਹੀਂ 'ਭਾਈ ਬਾਲੇ' ਵਰਗੇ ਕਾਲਪਨਿਕ ਪਾਤਰ ਨੂੰ ਜਿਉਂਦਾ ਪਾਤਰ ਬਣਾ ਦਿੱਤਾ ਹੈ। ਇਸ ਪਾਠ ਵਿਚ ਹੰਦਾਲ ਦੀ ਗੁਰੂ ਨਾਨਕ ਸਾਹਿਬ ਨਾਲੋਂ ਵਧ ਅਹਿਮੀਅਤ ਦਰਸਾਉਣ ਲਈ ਇਕ ਸੁਚੇਤ ਯਤਨ ਕੀਤਾ ਗਿਆ ਹੈ।

ਭਾਈ ਬਾਲੇ ਦਾ ਨਾਮ ਇਸ ਸਾਖੀ ਨਾਲ ਜੋੜਨ ਲਈ ਇਸ ਭੂਮਿਕਾ ਵਿਚ ਕਾਫੀ ਸਬੂਤ ਦਿੱਤੇ ਗਏ ਹਨ। ਇਸੇ ਹੀ ਜਨਮ ਸਾਖੀ ਵਿਚ ਗੁਰੂ ਅੰਗਦ ਸਾਹਿਬ ਦੇ ਗੁਰਗੱਦੀ ਧਾਰਨ ਕਰਨ ਪਿਛੋਂ ਭਾਈ ਬਾਲਾ ਗੁਰੂ ਸਾਹਿਬ ਦੇ ਦਰਸ਼ਨ ਕਰਨ ਆਉਂਦੇ ਹਨ ਤਾਂ ਗੁਰੂ ਜੀ ਭਾਈ ਬਾਲੇ ਨੂੰ ਪੁਛਦੇ ਹਨ :

ਭਾਈ ਸਿਖਾ ਕਿਥੋਂ ਆਇਓ। ਕਿਉ ਕਰਿ ਆਵਣ ਹੋਇਆ ਹੈ ਕਉਣ ਹੋਦੇ ਹੋ। ਭਾਈ ਬਾਲਾ ਤੂ ਸਿਖੁ ਕਿਸ ਦਾ ਹੈ। ਤੈਨੂੰ ਕਉਣੁ ਮਿਲਿਆ ਸੀ। ਭਾਈ ਬਾਲਾ ਗੁਰੂ ਤੁਹਿ ਡਿਠਾ ਸੀ।

(ਉਹੀ ਪੱਤਰਾ-2/ੳ)

ਇਹਨਾਂ ਸੁਆਲਾਂ ਤੋਂ ਸ਼ੱਕ ਪ੍ਰਗਟ ਹੁੰਦਾ ਹੈ ਕਿ ਜੇਕਰ ਭਾਈ ਬਾਲਾ ਗੁਰੂ ਨਾਨਕ ਸਾਹਿਬ ਦਾ ਸਮਕਾਲੀ ਸੀ ਤਾਂ ਇਸ ਬਾਰੇ ਗੁਰੂ ਅੰਗਦ ਦੇਵ ਜੀ ਨੂੰ ਇਸ ਬਾਰੇ ਪਤਾ ਕਿਉਂ ਨਹੀਂ ਸੀ ? ਬਾਲੇ ਦੀ ਜਨਮ ਸਾਖੀ ਵਿਚ ਭਾਈ ਬਾਲੇ ਦਾ ਨਾਮ 521 ਵਾਰ ਆਉਣਾ ਇਹ ਪੇਸ਼ ਕਰਦਾ ਹੈ ਕਿ ਜਿਵੇਂ ਭਾਈ ਬਾਲੇ ਨੂੰ ਜ਼ਬਰਦਸਤੀ ਇਤਿਹਾਸਕ ਪਾਤਰ ਅਤੇ ਪਹਿਲਾ ਸਿੱਖ ਇਤਿਹਾਸਕਾਰ ਬਣਾਉਣ ਦੇ ਲਈ ਅਜਿਹਾ ਕੀਤਾ ਹੋਵੇ। ਭਾਈ ਬਾਲੇ ਦੀ ਜਨਮ ਸਾਖੀ ਵਿਚ ਭਾਈ ਮਰਦਾਨੇ ਦੀ ਥਾਂ ਭਾਈ ਬਾਲੇ ਨੂੰ ਅਹਿਮ ਥਾਂ ਦਿੱਤੀ ਗਈ ਹੈ ਤੇ ਭਾਈ ਮਰਦਾਨੇ ਨੂੰ ਮਜ਼ਾਕ ਦਾ ਪਾਤਰ ਦਰਸਾਇਆ ਹੈ, ਜਿਸ ਤੋਂ ਸ਼ੱਕ ਪ੍ਰਤੀਤ ਹੁੰਦਾ ਹੈ ਕਿ ਇਹ ਜਨਮ ਸਾਖੀ ਮਨੌ-ਕਲਪਿਤ ਹੈ।

**ਹੰਦਾਲੀਆਂ ਦੀ ਗੁਰੂ ਨਾਨਕ ਸਾਹਿਬ ਬਾਰੇ ਕੋਝੀ ਕਰਤੂਤ**

ਭਾਈ ਬਾਲੇ ਵਾਲੀ ਜਨਮ ਸਾਖੀ ਵਿਚ ਗੁਰੂ ਨਾਨਕ ਸਾਹਿਬ ਦੇ ਸਿਧਾਂਤ ਦੇ ਉਲਟ ਭਗਤ ਕਬੀਰ ਜੀ ਨੂੰ ਸਮੂਹ ਗੁਰਮਤਿ ਭਗਤਾਂ ਨਾਲੋਂ ਉੱਪਰਲੀ ਸ਼੍ਰੇਣੀ ਦਾ ਮੰਨਿਆ ਗਿਆ ਹੈ, ਜਦ ਕਿ ਗੁਰੂ ਗਰੰਥ ਸਾਹਿਬ ਵਿਚ ਸਭ ਭਗਤਾਂ ਨੂੰ ਗੁਰੂਆਂ ਦੇ ਬਰਾਬਰ ਤੇ ਕੋਈ ਭੇਦ ਭਾਵ ਨਹੀਂ ਦੱਸਿਆ ਗਿਆ :

ਅੰਮ੍ਰਿਤ ਬਾਣੀ ਭਗਤ ਜਨਾ ਕੀ ਮੇਰੀ ਜਿੰਦੁੜੀਏ ਮਨਿ ਸੁਣੀਐ ਹਰਿ ਲਿਵ ਲਾਏ ਰਾਮ।।

(ਗੁਰੂ ਗ੍ਰੰਥ ਸਾਹਿਬ, ਅੰਗ 538)

ਪਰ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਦੇ ਉਲਟ ਭਗਤ ਕਬੀਰ ਨੂੰ ਸਭ ਤੋਂ ਵੱਡਾ ਭਗਤ ਦੱਸਿਆ ਗਿਆ ਹੈ ਤੇ ਬਾਕੀ ਭਗਤਾਂ ਨੂੰ ਉਹਨਾਂ ਤੋਂ ਨੀਵਾਂ ਦਿਖਾਇਆ ਗਿਆ ਹੈ।

ਮਰਦਾਨਾ ਕਬੀਰ ਭਗਤ ਜੋ ਆਹਾ ਉਸ ਦਾ ਕਦਮ ਅਸਾਥੇ ਭੀ ਅਗੇ ਆਹਾ। ਅਗੇ ਕਬੀਰ ਜੇਹਾ ਭਗਤੁ ਕੋਈ ਨਾਹੀ ਹੋਇਆ...ਕਬੀਰ ਦੀ ਭਗਤਿ ਨਾਲਿ ਕਿਸੇ ਦੀ ਭਗਤਿ ਨਾਹੀ ਲਗਦੀ...।

(ਸੰਮਤ 1715 ਬਿਕਰਮੀ ਪੱਤਰਾ-63/ੳ)

ਉਹ ਇਹ ਵੀ ਕਹਿੰਦੇ ਹਨ ਕਿ ਮੇਰੇ ਦਿਹਾਂਤ ਤੋਂ 100 ਵਰ੍ਹਾ ਮਗਰੋਂ ਬਟਾਲੇ ਦੇ ਪ੍ਰਗਨੇ ਵਿਚ ਕਬੀਰ ਦੀ ਪਦਵੀ ਵਾਲਾ ਇਕ ਜੱਟ ਹੋਵੇਗਾ। ਜਿਸ ਦਾ ਗੁਰੂ ਮੇਰੇ ਵਾਲਾ ਹੀ ਹੋਵੇਗਾ। ਗੁਰੂ ਦਾ ਨਾਮ ਮੀਨਾ ਪਰਬਤ ਦੀ ਸਾਖੀ ਵਿਚ ਇਸ ਤਰ੍ਹਾਂ ਦਿੱਤਾ ਹੈ :

...ਫੇਰਿ ਮਰਦਾਨੇ ਪੁਛਿਆ ਜੀ ਤੁਸਾਨੂ ਜੋ ਕੁਝ ਮਿਲਿਆ ਸੀ ਸੋ ਕਉਣੁ ਮਿਲਿਆ ਆਹਾ। ਅਤੇ ਨਾਉ ਉਸ ਦਾ ਕਿਆ ਆਹਾ। ਤਾਂ ਫਿਰ ਗੁਰੂ ਨਾਨਕ ਕਹਿਆ ਮਰਦਾਨਾ ਨਾਉ ਉਸ ਦਾ ਬਾਬਾ ਜਿੰਦਾ ਹੋਦਾ ਹੈ। ਜਿਥੇ ਤੋੜੀ ਜਲ ਅਤੇ ਪਉਣ ਹੈ ਸਭ ਉਸ ਦੇ ਵਚਨ ਵਿਚਿ ਚਲਦੇ ਹੈਨਿ। ਅਤੇ ਅਗਨਿ ਮਿਟੀ ਸਭਾ ਉਸ ਦੇ ਆਕੇ ਵਿਚਿ ਹੈ। ਅਤੇ ਅਸਾ ਚਹੋਆ ਨੂੰ ਬਾਬਾ ਜਿੰਦਾ ਮਿਲਿਆ ਹੈ। ਜਿਸ ਤਾਈ ਬਾਬਾ ਜਿੰਦਾ ਮਿਲੇਗਾ ਉਸ ਤਾਈ ਬਾਬਾ ਆਖਣਾ ਹੋਰਸ ਤਾਈ ਆਖਣਾ ਨਾਹੀ। ਤਾ ਫੇਰਿ ਮਰਦਾਨੇ ਆਖਿਆ ਜੀ ਚਾਰਿ ਕੇਹੜੇ ਕੇਹੜੇ। ਤਾ ਫੇਰਿ ਗੁਰੂ ਨਾਨਕ ਕਹਿਆ ਮਰਦਾਨਾ ਹਿਕੁ ਤਾ ਰਵਿਦਾਸ ਚਮਿਆਰੁ ਪੂਰਨ ਸਾਧੁ ਆਹਾ। ਅਤੇ ਦੂਜਾ ਕਬੀਰ ਜਲਾਹਾ ਉਹ ਅਸਾ ਤੇ ਰਵਿਦਾਸ ਥੋ ਭੀ ਵਧਿ ਆਹਾ ਅਤੇ ਹਿਕ ਅਸਾਥੋ ਪਿਛੇ ਪਿਛੇ ਸਉ ਵਰੇ ਪੈਦਾ ਹੋਵੇਗਾ ਉਹੁ ਅਸਾ ਤ੍ਰਿਹਾ ਥੋ ਵਧਿ ਹੋਵੇਗਾ।

(ਉਹੀ ਪੱਤਰਾ-141/ਅ)

ਉਪਰੋਕਤ ਚਰਚਾ ਤੋਂ ਸਪੱਸ਼ਟ ਹੁੰਦਾ ਹੈ ਕਿ ਭਾਈ ਬਾਲੇ ਦੀ ਜਨਮ ਸਾਖੀ ਅਨੁਸਾਰ ਗੁਰੂ ਨਾਨਕ ਸਾਹਿਬ ਆਪਣੇ ਗੁਰੂ ਦਾ ਨਾਮ ਬਾਬਾ ਜਿੰਦਾ ਦੱਸਦੇ ਹਨ ਤੇ ਕਬੀਰ ਨੂੰ ਆਪਣੇ ਵਾਂਗ ਬਾਬਾ ਜਿੰਦਾ ਦਾ ਸਿੱਖ ਆਖਦੇ ਹਨ। ਚੌਥਾ ਸਿੱਖ ਆਪਣੇ ਤੋਂ ਸੌ ਸਾਲ ਪਿਛੋਂ ਪੈਦਾ ਹੋਣ ਵਾਲੇ ਜੱਟ ਨੂੰ ਦੱਸਿਆ ਹੈ। ਇਸ ਤਰ੍ਹਾਂ ਚਾਰੇ ਗੁਰੂ ਭਾਈ ਬਣਦੇ ਹਨ। ਸੰਤ ਕਬੀਰ ਜੀ ਨੂੰ ਸੰਤ ਗੁਰੂ ਰਵਿਦਾਸ ਤੋਂ ਉੱਪਰ ਤੇ ਜੱਟ ਹੰਦਾਲ ਨੂੰ ਬਾਕੀ ਤਿੰਨਾਂ ਤੋਂ ਉੱਪਰ ਦੱਸਿਆ ਹੈ।

ਅਲਾਉਦੀਨ ਪਰਬਤ ਦੀ ਸਾਖੀ ਵਿਚ ਵੀ ਅਜਿਹਾ ਜ਼ਿਕਰ ਹੈ। ਇਥੇ ਮਰਦਾਨੇ ਦੇ ਉਤਰ ਵਿਚ ਪ੍ਰਹਿਲਾਦ ਭਗਤ ਦੱਸਦਾ ਹੈ ਕਬੀਰ ਤੇ ਨਾਨਕ ਤੋਂ ਬਿਨਾਂ ਇਹਨਾਂ ਦਾ ਗੁਰੂ ਭਾਈ ਗੁਰੂ ਨਾਨਕ ਸਾਹਿਬ ਦੇ ਦਿਹਾਂਤ ਤੋਂ ਸੌ ਵਰ੍ਹੇ ਪਿਛੋਂ ਪੈਦਾ ਹੋਵੇਗਾ ਜੋ ਵੱਡਾ ਭਗਤ ਹੋਵੇਗਾ ਤੇ ਨਾਨਕ ਤਪੇ ਨਾਲੋਂ ਉੱਪਰ ਦਾ ਹੋਵੇਗਾ, ਉਸ ਨੂੰ ਬਟਾਲੇ ਸ਼ਹਿਰ ਦਾ ਜੱਟ ਦੱਸਿਆ ਹੈ। ਪ੍ਰਹਿਲਾਦ ਭਗਤ ਤਾਂ ਇਥੋਂ ਤੱਕ ਕਹਿੰਦਾ ਹੈ '...ਸੁਣ ਭਾਈ ਭਾਵੇ ਕੋਈ ਰੰਜ ਹੋਵੇ ਭਾਈ ਕੋਈ ਖੁਸੀ ਹੋਵੇ ਉਹ ਨਾਨਕ ਤੋਂ ਵਧ ਹੋਸੀ।'

(ਉਹੀ ਪੰਨਾ 169/ੳ)

ਬਾਬੇ ਹੰਦਾਲ ਬਾਰੇ ਅਗਲਾ ਜ਼ਿਕਰ 'ਕਉਲਾਸ ਪਰਬਤ' ਉਤੇ ਧਰੂ ਭਗਤ ਦੀ ਸਾਖੀ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ :

ਧਰੂ ਵਾਚਾ। ...ਐਸੀ ਆਗੇ ਹੁਈ ਨ ਹੋਇ ਨ ਹੋਇ ਬਿਨੈ ਕਬੀਰ ਅਗੇ ਨ ਪਹੁੰਚੇ ਕੋਇ। ਐਸੀ ਕਿਰਪਾ ਕਰੀ ਕਬੀਰ ਰਾਮ ਨਾਮ ਕਾ ਬਨਿਆ ਸਰੀਰ। ਗੁਰੂ ਨਾਨਕ ਵਾਚਾ ਆਗੇ ਹੂਈ ਅਬ ਭੀ ਹੋਇ। ਏਕੁ ਕਬੀਰਾ ਨਾਨਕ ਦੋਇ। ਤੀਜੇ ਹੋਰ ਹੰਦਾਲ ਜਟੇਟਾ। ਜਾ ਕੋ ਆਪਿ ਨਿਰੰਜਨ ਭੇਟਾ। ਐਸੀ ਕਿਰਪਾ ਕਰੀ ਕਬੀਰ ਤੇ ਦੂਜੇ ਨਾਨਕ ਬਾਧੀ ਪੀਰ।

ਦੇਖੋਗੇ ਜਬ ਪੈਂਦੇ ਹੋਇ। ਏਕ ਪਲਕ ਮੇਂ ਪਹੁੰਚੇ ਸੋਇ।...

(ਉਹੀ ਪੱਤਰਾ-172/ਅ)

ਇਸ ਸਾਖੀ ਵਿਚ ਸੰਤ ਕਬੀਰ ਸਾਹਿਬ ਤੇ ਹੰਦਾਲ ਦਾ ਉਲੇਖ ਮਿਲਦਾ ਹੈ ਤੇ ਗੁਰੂ ਨਾਨਕ ਸਾਹਿਬ ਆਪਣੇ ਆਪ ਨੂੰ ਪਿਛਲੇ ਜਨਮ ਵਿਚ ਤੇਲੀ ਦੇ ਘਰ ਪੈਦਾ ਹੋਇਆ ਦੱਸਦੇ ਹਨ, ਜਦ ਕਿ ਗੁਰੂ ਗਰੰਥ ਸਾਹਿਬ ਦੇ ਸਿਧਾਂਤਾਂ ਅਨੁਸਾਰ ਪੁਨਰ ਜਨਮ ਨੂੰ ਰੱਦ ਕੀਤਾ ਗਿਆ ਹੈ। ਇਥੋਂ ਤੱਕ ਪ੍ਰਹਿਲਾਦ ਤੇ ਧਰੂ ਭਗਤਾਂ ਦਾ ਜ਼ਿਕਰ ਕਰਕੇ ਭਾਈ ਬਾਲੇ ਵਾਲੀ ਜਨਮ ਸਾਖੀ ਦੇ ਕਰਤਾ ਨੇ ਝੂਠ ਸਿਰਜਿਆ ਹੈ ਜਦ ਕਿ ਪ੍ਰਹਿਲਾਦ ਤੇ ਧਰੂ ਭਗਤ ਗੁਰੂ ਨਾਨਕ ਸਾਹਿਬ ਦੇ ਸਮੇਂ ਮੌਜੂਦ ਨਹੀਂ ਸਨ। ਅਸਲ ਵਿਚ ਇਸ ਜਨਮ ਸਾਖੀ ਰਾਹੀਂ ਗੁਰੂ ਨਾਨਕ ਸਾਹਿਬ, ਸੰਤ ਗੁਰੂ ਰਵਿਦਾਸ, ਸੰਤ ਕਬੀਰ ਸਾਹਿਬ ਨੂੰ ਬਾਬਾ ਹੰਦਾਲ ਤੋਂ ਨੀਵਾਂ ਦਿਖਾਇਆ ਹੈ ਜੋ ਕਿ ਇਸ ਸਾਖੀ ਦਾ ਮੁੱਖ ਮਨੋਰਥ ਹੈ।

ਡਾ. ਕ੍ਰਿਪਾਲ ਸਿੰਘ ਲਿਖਦੇ ਹਨ ਕਿ ਬਾਲੇ ਵਾਲੀ ਜਨਮ ਸਾਖੀ ਦਾ ਹੁਣ ਤੱਕ ਲਭੇ ਸਭ ਪੁਰਾਣੇ ਖਰੜਿਆਂ ਵਿਚ 1715 ਬਿਕਰਮੀ ਭਾਵ 1658 ਈਸਵੀ ਦਾ ਖਰੜਾ ਮਿਲਦਾ ਹੈ। ਇਹ ਸਾਬਤ ਕਰਦਾ ਹੈ ਕਿ ਬਾਲੇ ਵਾਲੀ ਜਨਮ ਸਾਖੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਪਹਿਲਾਂ ਲਿਖੀ ਗਈ। ਜੇਕਰ ਅਸੀਂ ਇਸ ਨੂੰ 1658 ਈਸਵੀ ਦੇ ਨੇੜੇ ਤੇੜੇ ਮੰਨ ਲਈਏ ਤਾਂ ਇਹ ਗੁਰੂ ਹਰਿਰਾਇ ਜੀ ਦੇ ਸਮੇਂ ਦੀ ਲਿਖਤ ਜਾਪਦੀ ਹੈ। ਪਰ ਭਾਈ ਬਾਲੇ ਵਾਲੀ ਜਨਮ ਸਾਖੀ ਦਾ ਬਹੁਤਾ ਪ੍ਰਚਾਰ ਅਠਾਰਵੀ ਸਦੀ ਲਈ ਈਸਵੀ ਦੇ ਦੂਜੇ ਅੱਧ ਤੇ ਉਨੀਵੀਂ ਸਦੀ ਦੇ ਪਹਿਲੇ ਅੱਧ ਵਿਚ ਹੋਇਆ। ਇਸ ਗੱਲ ਦਾ ਪਤਾ ਬਾਬੇ ਸਰੂਪ ਦਾਸ ਭੱਲੇ ਦੇ ਮਹਿਮਾ ਪ੍ਰਕਾਸ਼ ਤੋਂ ਲਗਦਾ ਹੈ। ਮਹਿਮਾ ਪ੍ਰਕਾਸ਼ ਦੇ ਅਖੀਰ ਵਿਚ ਕਰਤਾ ਨੇ ਲਿਖਿਆ

(**ਚਲਦਾ**)

# ਜਿਥੇ ਗੁਰੂ ਨਾਨਕ ਦੇਵ ਜੀ ਨੂੰ ਨਾਨਕ ਲਾਮਾ ਵਜੋਂ ਮੰਨਿਆ ਜਾਂਦਾ ਹੈ

**ਹਰਵਿੰਦਰ ਸਿੰਘ**

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੱਚ ਦਾ ਉਪਦੇਸ਼ ਦੇਣ ਲਈ ਦੇਸ਼-ਦੇਸ਼ਾਂਤਰਾਂ ਦਾ ਭਰਮਣ ਕੀਤਾ ਅਤੇ ਜਿਥੇ ਵੀ ਗਏ, ਉਥੋਂ ਦੀ ਭੁੱਲੀ-ਭਟਕੀ ਲੋਕਾਈ ਨੂੰ ਭਰਮਾਂ ਵਿਚੋਂ ਕੱਢ ਕੇ ਸਿੱਧੇ ਰਸਤੇ ਪਾਇਆ। ਗੁਰੂ ਪਾਤਸ਼ਾਹ ਉੱਤਰ ਵਿਚ ਬਾਕੂ (ਰੂਸ) ਤੱਕ, ਦੱਖਣ ਵਿਚ ਲੰਕਾ ਤੱਕ, ਪੂਰਬ ਵਿਚ ਚੀਨ ਤੱਕ ਅਤੇ ਪੱਛਮ ਵਿਚ ਰੋਮ (ਇਟਲੀ) ਤੱਕ ਗਏ। ਗੁਰੂ ਨਾਨਕ ਦੇਵ ਜੀ ਦਾ ਪ੍ਰਭਾਵ ਵੱਖੋ-ਵੱਖ ਖਿੱਤਿਆਂ ਵਿਚ ਵੱਖ-ਵੱਖ ਤਰ੍ਹਾਂ ਦਾ ਰਿਹਾ ਹੈ। ਗੁਰੂ ਨਾਨਕ ਪਾਤਸ਼ਾਹ ਨੂੰ ਮੁਸਲਮਾਨਾਂ ਨੇ ਆਪਣਾ ਪੀਰ, ਹਿੰਦੂਆਂ ਨੇ ਦੇਵਤਾ ਅਤੇ ਪੂਰਬੀ ਭਾਰਤ ਦੇ ਹਿੱਸਿਆਂ ਤੇ ਤਿੱਬਤ ਵਿਚ ਨਾਨਕ ਨਾਮ ਲੇਵਾ ਲੋਕਾਂ ਨੇ ਉਨ੍ਹਾਂ ਨੂੰ ਬੋਧੀਲਾਮਾ ਦੇ ਰੂਪ ਵਿਚ ਪੂਜਿਆ ਅਤੇ ਅੱਜ ਵੀ ਪੂਜ ਰਹੇ ਹਨ।

ਗੁਰੂ ਨਾਨਕ ਦੇਵ ਜੀ ਦਾ ਸੁਮੇਰ ਪਰਬਤ ਦੀ ਚੋਟੀ ਉੱਪਰ ਪਹੁੰਚਣ ਦਾ ਮਨੋਰਥ ਕੁਝ ਹੋਰ ਸੀ ਤੇ ਸਿੱਕਮ, ਭੂਟਾਨ ਅਤੇ ਪੂਰਬੀ ਤਿੱਬਤ ਵੱਲ ਜਾਣ ਦਾ ਮਕਸਦ ਕੁਝ ਹੋਰ ਸੀ। ਸੁਮੇਰ ਪਰਬਤ ਵਿਖੇ ਉੱਚ ਦਰਜੇ ਦੇ ਮਹਾਨ ਤਪੱਸਵੀ ਜੋਗੀ ਰਹਿੰਦੇ ਸਨ। ਗੁਰੂ ਨਾਨਕ ਦੇਵ ਜੀ ਚਾਹੁੰਦੇ ਸਨ ਕਿ ਇਨ੍ਹਾਂ ਜੋਗੀਆਂ ਨੂੰ ਮਿਲ ਕੇ ਆਪਣੇ ਸ਼ਬਦ ਸਿਧਾਂਤ ਦਾ ਪ੍ਰਭਾਵ ਇਨ੍ਹਾਂ 'ਤੇ ਇਸ ਤਰ੍ਹਾਂ ਪਾ ਕੇ ਪ੍ਰੇਰਿਆ ਜਾਵੇ ਕਿ ਉਹ ਆਪਣੇ ਤਪ ਤੇਜ਼ ਤੇ ਉੱਚ ਆਚਰਣ ਨੂੰ ਸਮਾਜ ਵਿਚ ਤਬਦੀਲੀ ਲਿਆਉਣ ਲਈ ਵਰਤਣ। ਗੁਰੂ ਨਾਨਕ ਦੇਵ ਜੀ ਸੁਮੇਰ ਪਰਬਤ ਲਈ ਹਿਮਾਚਲ ਤੇ ਕਸ਼ਮੀਰ ਵਿਚੋਂ ਦੀ ਹੋ ਕੇ ਗਏ ਅਤੇ ਪੂਰਬੀ ਤਿੱਬਤ ਨੂੰ ਨਿਪਾਲ, ਸਿੱਕਮ, ਭੂਟਾਨ ਵਿਚੋਂ ਦੀ ਹੋ ਕੇ ਗਏ ਸਨ।

ਗੁਰੂ ਨਾਨਕ ਦੇਵ ਜੀ ਨੂੰ 'ਨਾਨਕ ਲਾਮਾ' ਕਹਿ ਕੇ ਅੱਜ ਵੀ ਗੁਰੂ ਨਾਨਕ ਨਾਮ ਲੇਵਾ ਲੋਕ ਯਾਦ ਕਰਦੇ ਹਨ। ਇਹ ਗੱਲ ਪੰਜਾਬੀਆਂ ਅਤੇ ਵਿਸ਼ੇਸ਼ ਤੌਰ 'ਤੇ ਸਿੱਖਾਂ ਲਈ ਬੜੀ ਅਜੀਬ ਅਤੇ ਹੈਰਾਨੀਜਨਕ ਲਗਦੀ ਹੈ ਕਿ ਗੁਰੂ ਨਾਨਕ ਨਾਮਲੇਵਾ ਸੰਗਤਾਂ ਦਾ ਵੱਡਾ ਹਿੱਸਾ ਗੁਰੂ ਨਾਨਕ ਦੇਵ ਜੀ ਨੂੰ 'ਨਾਨਕ ਲਾਮਾ' ਦੇ ਨਾਂਅ ਨਾਲ ਜਾਣਦਾ ਤੇ ਪੂਜਦਾ ਹੈ। ਗੁਰੂ ਨਾਨਕ ਦੇਵ ਜੀ ਆਪਣੀਆਂ ਉਦਾਸੀਆਂ ਸਮੇਂ ਤਿੱਬਤ, ਸਿੱਕਮ, ਅਰੁਣਾਚਲ ਪ੍ਰਦੇਸ਼ ਅਤੇ ਭੂਟਾਨ ਦੇ ਜਿਨ੍ਹਾਂ ਸਥਾਨਾਂ 'ਤੇ ਗਏ, ਉਨ੍ਹਾਂ ਇਲਾਕਿਆਂ ਦੇ ਲੋਕ ਗੁਰੂ ਨਾਨਕ ਦੇਵ ਜੀ ਨੂੰ ਗੁਰੂ ਨਾਨਕ ਲਾਮਾ ਦੇ ਰੂਪ ਵਿਚ ਜਾਣਦੇ ਹਨ, ਜਦਕਿ ਉਨ੍ਹਾਂ ਲੋਕਾਂ ਦਾ ਧਰਮ ਬੁੱਧ ਧਰਮ ਹੈ। ਪੂਰਬੀ ਤਿੱਬਤ ਵਿਚ ਗੁਰੂ ਨਾਨਕ ਦੇਵ ਜੀ ਦੀ ਪੂਜਾ ਕਈ ਬੋਧੀ ਮੰਦਰਾਂ ਵਿਚ ਹੁੰਦੀ ਹੈ। ਜਿਸ ਸਮੇਂ ਗੁਰੂ ਨਾਨਕ ਦੇਵ ਜੀ ਤਿੱਬਤ ਵਿਚ ਗਏ, ਉਸ ਸਮੇਂ ਤਿੱਬਤ ਵਿਚ ਦੋ ਮੁੱਖ ਫਿਰਕੇ ਸਨ, ਕਰਮਾ-ਪਾ (ਲਾਲ ਟੋਪੀ ਵਾਲੇ) ਅਤੇ ਗੈਲੂ-ਪਾ (ਪੀਲੀ ਟੋਪੀ ਵਾਲੇ)। ਇਨ੍ਹਾਂ ਦੋਵਾਂ ਫਿਰਕਿਆਂ ਵਿਚ ਧਾਰਮਿਕ ਅਤੇ ਰਾਜਨੀਤਕ ਤੌਰ 'ਤੇ ਬੜੀ ਜੱਦੋ-ਜਹਿਦ ਹੋ ਰਹੀ ਸੀ। ਗੁਰੂ ਨਾਨਕ ਦੇਵ ਜੀ ਦੇ ਮਤ ਨੂੰ ਕਰਮਾ-ਪਾ ਫਿਰਕੇ ਨੇ ਅਪਣਾਇਆ, ਜੋ ਲਾਲ ਟੋਪੀ ਪਹਿਨਦੇ ਸਨ ਪਰ ਗੈਲੂ-ਪਾ (ਪੀਲੀ ਟੋਲੀ ਵਾਲੇ) ਫਿਰਕੇ ਨੇ ਗੁਰੂ ਨਾਨਕ ਦੇਵ ਜੀ ਦੇ ਮਤ ਦੀ ਵਿਰੋਧਤਾ ਕੀਤੀ। ਤਿੱਬਤ ਵਿਚ ਤਕਰੀਬਨ ਇਕ ਹਜ਼ਾਰ ਦੇ ਕਰੀਬ ਅਜਿਹੇ ਮੱਠ ਹਨ, ਜਿਨ੍ਹਾਂ ਵਿਚ ਗੁਰੂ ਨਾਨਕ ਦੇਵ ਜੀ ਦੀ ਪੂਜਾ ਕੀਤੀ ਜਾਂਦੀ ਹੈ। ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਤੇ ਜੀਵਨ ਤਿੱਬਤੀ ਭਾਸ਼ਾ ਵਿਚ ਸੰਭਾਲ ਕੇ ਰੱਖੇ ਹੋਏ ਹਨ। ਸਿੱਕਮ ਵਿਚ ਗੁਰੂ ਨਾਨਕ ਦੇਵ ਜੀ ਦੀਆਂ ਅਨੇਕਾਂ ਯਾਦਗਾਰਾਂ ਹਨ ਪਰ ਕੇਂਦਰੀ ਇਤਿਹਾਸਕ ਗੁਰਦੁਆਰਾ ਨਾਨਕ ਲਾਮਾ ਸਾਹਿਬ, ਸਿੱਖ ਧਰਮ ਵਿਚ ਬਹੁਤ ਮਹੱਤਵਰੱਖਦਾ ਹੈ। ਇਸ ਪਾਵਨ ਅਸਥਾਨ ਨੂੰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਹੈ। ਸਿੱਕਮ ਦੀ ਰਾਜਧਾਨੀ ਗੰਗਟੋਕ ਤੋਂ ਸੌ ਮੀਲ ਉੱਤਰ ਵੱਲ ਇਕ ਮੱਠ ਹੈ, ਜਿਥੇ ਤਿੱਬਤ ਨੂੰ ਜਾਂਦਿਆਂ ਗੁਰੂ ਨਾਨਕ ਦੇਵ ਜੀ ਠਹਿਰੇ ਸਨ, ਉਥੇ ਗੁਰੂ ਨਾਨਕ ਦੇਵ ਜੀ ਦੇ ਨਾਲ ਸਬੰਧਤ ਯਾਦਾਂ ਅਜੇ ਤੱਕ ਕਾਇਮ ਹਨ। ਰਾਜਧਾਨੀ ਗੰਗਟੋਕ ਤੋਂ ਇਸ ਥਾਂ ਤੱਕ ਜਿਸ ਨੂੰ ਚੁੰਗਟਾਂਗ ਕਹਿੰਦੇ ਹਨ, ਪੱਕੀ ਸੜਕ ਬਣੀ ਹੋਈ ਹੈ। ਇਥੋਂ ਦੇ ਲੋਕ ਇਸ ਅਸਥਾਨ ਨੂੰ ਨਾਨਕ-ਟਾਂਗ ਕਹਿੰਦੇ ਹਨ। ਇਸ ਨਗਰ ਵਿਚ ਮਹਾਰਾਜ ਨੇ ਦੋ ਰਾਤਾਂ ਵਿਸ਼ਰਾਮ ਕੀਤਾ।



ਇਸ ਵਾਦੀ ਦੇ ਮੱਧ ਵਿਚ ਇਕ 30 ਫੁੱਟ ਉੱਚਾ ਤੇ 200 ਫੁੱਟ ਘੇਰੇ ਦਾ ਪੱਥਰ ਹੈ, ਜਿਸ ਉੱਤੇ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਦੇ ਨਿਸ਼ਾਨ ਹਨ। ਇਸ ਪੱਥਰ ਨੂੰ ਪੂਜਣਯੋਗ ਸਮਝ ਕੇ ਇਸ ਦੇ ਆਲੇ-ਦੁਆਲੇ 4 ਫੁੱਟ ਉੱਚੀ ਦੀਵਾਰ ਬਣਾਈ ਗਈ ਹੈ। ਦੱਸਿਆ ਜਾਂਦਾ ਹੈ ਕਿ ਗੁਰੂ ਨਾਨਕ ਸਾਹਿਬ ਜਦ ਚੁੰਗਟਾਂਗ (ਕਈ ਲੋਕ ਇਸ ਨੂੰ ਚੁੰਗਥਾਂਗ ਵੀ ਕਹਿੰਦੇ ਹਨ) ਆ ਰਹੇ ਸਨ ਤਾਂ ਰਸਤੇ ਵਿਚ ਇਕ ਰਾਕਸ਼ ਨੇ ਗੁਰੂ ਮਹਾਰਾਜ ਅਤੇ ਮਰਦਾਨੇ ਨੂੰ ਰੋਕਣਾ ਚਾਹਿਆ ਤਾਂ ਗੁਰੂ ਪਾਤਸ਼ਾਹ ਨੇ ਆਪਣੇ ਹੱਥ ਵਿਚ ਜੋ ਖੂੰਡੀ ਫੜੀ ਹੋਈ ਸੀ, ਉਸ ਖੂੰਡੀ ਦੇ ਇਸ਼ਾਰੇ ਨਾਲ ਰਾਕਸ਼ ਨੂੰ ਪਾਸੇ ਹਟ ਜਾਣ ਦਾ ਇਸ਼ਾਰਾ ਕੀਤਾ। ਕਿਹਾ ਜਾਂਦਾ ਹੈ ਕਿ ਉਹ ਰਾਕਸ਼ ਗੁੱਸੇ ਵਿਚ ਆ ਕੇ ਪਹਾੜੀ 'ਤੇ ਚੜ੍ਹ ਗਿਆ। ਗੁਰੂ ਨਾਨਕ ਦੇਵ ਜੀ ਚੁੰਗਟਾਂਗ ਦੀ ਖੁੱਲ੍ਹੀ ਜਗ੍ਹਾ ਜਿਥੇ ਹੁਣ ਗੁਰੂ ਪੰਥ ਦਾ ਨਿਸ਼ਾਨ ਝੂਲਦਾ ਹੈ, ਜ਼ਮੀਨ 'ਤੇ ਆ ਬੈਠੇ ਅਤੇ ਅਲਾਹੀ ਕੀਰਤਨ ਗਾਇਨ ਕਰਨ ਲੱਗੇ। ਉਹ ਰਾਕਸ਼ ਤਾਂ ਗੁੱਸੇ ਵਿਚ ਹੈ ਸੀ ਤਾਂ ਉਸ ਨੇ ਇਸ ਤਰ੍ਹਾਂ ਬੈਠਿਆਂ ਦੇਖ ਕੇ ਇਕ ਬਹੁਤ ਵੱਡਾ ਪੱਥਰ ਗੁਰੂ ਨਾਨਕ ਦੇਵ ਜੀ ਵੱਲ ਸੁੱਟਿਆ। ਇਸ ਤਰ੍ਹਾਂ ਪੱਥਰ ਨੂੰ ਰਿੜ੍ਹਦੇ ਆਉਂਦਿਆਂ ਦੇਖ ਕੇ ਮਰਦਾਨਾ ਕੁਝ ਘਬਰਾਇਆ ਤਾਂ ਗੁਰੂ ਪਾਤਸ਼ਾਹ ਨੇ ਕਿਹਾ ਕਿ ਮਰਦਾਨਿਆ, ਘਬਰਾ ਨਾ, ਇਹ ਤਾਂ ਬੈਠਣ ਲਈ ਆਸਨ ਆ ਰਿਹਾ ਹੈ। ਇਹ ਪੱਥਰ ਗੁਰੂ ਸਾਹਿਬ ਦੇ ਚਰਨਾਂ ਕੋਲ ਆ ਡਿਗਿਆ। ਜਦ ਗੁਰੂ ਪਾਤਸ਼ਾਹ ਉਸ ਪੱਥਰ 'ਤੇ ਬੈਠਣ ਲਈ ਚੜ੍ਹਨ ਲੱਗੇ ਤਾਂ ਉਹ ਪੱਥਰ ਨਰਮ ਹੋਣ ਕਾਰਨ ਗੁਰੂ ਸਾਹਿਬ ਦੇ ਚਰਨਾਂ ਦੇ ਨਿਸ਼ਾਨ ਉਸ ਉੱਪਰ ਪੈ ਗਏ, ਜੋ ਅੱਜ ਵੀ ਨਜ਼ਰ ਆਉਂਦੇ ਹਨ।

ਗੁਰੂ ਪਾਤਸ਼ਾਹ ਨੂੰ ਕੀਰਤਨ ਕਰਦਾ ਸੁਣ ਕੇ ਉਸ ਇਲਾਕੇ ਦੇ ਕੁਝ ਲੋਕ ਆ ਇਕੱਠੇ ਹੋਏ ਅਤੇ ਉਨ੍ਹਾਂ ਨੇ ਗੁਰੂ ਸਾਹਿਬ ਦਾ ਸਤਿਕਾਰ ਕਰਦੇ ਹੋਏ ਗੁਰੂ ਸਾਹਿਬ ਦੇ ਛਕਣ ਲਈ ਕਈ ਤਰ੍ਹਾਂ ਦੇ ਪਦਾਰਥ ਭੇਟ ਕੀਤੇ। ਮਰਦਾਨਾ ਜੀ ਨੇ ਪੀਣ ਵਾਲੇ ਪਾਣੀ ਦੀ ਇੱਛਾ ਪ੍ਰਗਟ ਕੀਤੀ। ਉਸ ਸਮੇਂ ਉਸ ਵਾਦੀ ਵਿਚ ਵਗਦੀ ਨਦੀ ਦਾ ਪਾਣੀ ਬੜਾ ਗੰਧਲਾ ਸੀ। ਗੁਰੂ ਪਾਤਸ਼ਾਹ ਦੇ ਇਥੇ ਪੀਣ ਲਈ ਨਿਰਮਲ ਜਲ ਦਾ ਪ੍ਰਬੰਧ ਕੀਤਾ ਸੀ।

ਜਦ ਗੁਰੂ ਨਾਨਕ ਦੇਵ ਜੀ ਇਥੇ ਆਏ ਤਾਂ ਉਹ ਆਪਣੇ ਖਾਣ ਲਈ ਚੌਲ ਤੇ ਕੇਲੇ ਨਾਲ ਲਿਆਏ। ਇਸ ਇਲਾਕੇ ਵਿਚ ਪਹਿਲਾਂ ਨਾ ਕਦੇ ਚੌਲ ਹੁੰਦੇ ਸਨ, ਨਾ ਕੇਲੇ। ਗੁਰੂ ਸਾਹਿਬ ਨੇ ਉਥੋਂ ਦੇ ਲੋਕਾਂ ਨੂੰ ਚੌਲ ਤੇ ਕੇਲਾ ਬੀਜਣ ਲਈ ਦਿੱਤਾ। ਉਸ ਸਮੇਂ ਤੋਂ ਬਾਅਦ ਚੁੰਗਟਾਂਗ ਇਕ ਅਜਿਹੀ ਜਗ੍ਹਾ ਹੈ, ਜਿਸ ਦੇ 100 ਕਿਲੋਮੀਟਰ ਦੇ ਦਾਇਰੇ ਵਿਚ ਚੌਲਾਂ ਦੀ ਫਸਲ ਅਤੇ ਕੇਲੇ ਦੀ ਫਸਲ ਖੂਬ ਹੁੰਦੀ ਹੈ। ਪਹਿਲਾ ਬੀਜ ਗੁਰੂ ਸਾਹਿਬ ਨੇ ਉਸ ਅਸਥਾਨ ਦੇ ਅਹਾਤੇ ਵਿਚ ਆਪ ਬੀਜਿਆ ਸੀ। ਹੁਣ ਤੱਕ ਹਰ ਇਕ ਦੇ ਹਿਰਦੇ ਵਿਚ ਸ਼ੁਕਰਾਨਾ ਭਰੀ ਰਵਾਇਤ ਕਾਇਮ ਹੈ ਕਿ ਚੌਲ ਤੇ ਕੇਲਾ ਇਸ ਇਲਾਕੇ ਵਿਚ ਗੁਰੂ ਨਾਨਕ ਦੇਵ ਜੀ ਲੈ ਕੇ ਆਏ ਸਨ। ਇਥੋਂ ਦੇ ਲਾਮੇ ਗੁਰੂ ਸਾਹਿਬ ਦੇ ਸ਼ਰਧਾਲੂ ਤੇ ਪੁਜਾਰੀ ਹਨ। ਇਹ ਸਿੱਖ ਲਾਮੇ ਖੁੱਲ੍ਹਾ ਦਾੜ੍ਹਾ ਰੱਖਦੇ ਹਨ। ਸਿਰ 'ਤੇ ਕੇਸ ਹਨ ਤੇ ਪਿੱਛੇ ਕੇਸਾਂ ਦੀ ਇਕ ਗੁੱਤ ਹੁੰਦੀ ਹੈ।

ਹਿਮਾਲਿਆ ਦੀ ਐਵਰੈਸਟ ਚੋਟੀ ਦਾ ਜਿਥੇ ਆਖਰੀ ਪੜਾਅ ਹੈ, ਉਥੇ ਇਕ ਥਿਆਂਗ ਬੋਚੇ ਨਾਂਅ ਦਾ ਮੱਠ ਹੈ। ਇਸ ਤਿੱਬਤੀ ਲਾਮਿਆਂ ਦੇ ਮੱਠ ਵਿਚ ਗੁਰੂ ਨਾਨਕ ਦੇਵ ਜੀ ਸੰਬੰਧੀ ਲਿਖਤਾਂ ਤੇ ਪ੍ਰਾਚੀਨ ਤਸਵੀਰਾਂ ਸਾਂਭ ਕੇ ਰੱਖੀਆਂ ਹੋਈਆਂ ਹਨ। ਇਸ ਮੱਠ ਦੇ ਲਾਮਾ ਦਾ ਵਿਸ਼ਵਾਸ ਹੈ ਕਿ ਇਹ ਲਿਖਤਾਂ ਗੁਰੂ ਨਾਨਕ ਦੇਵ ਜੀ ਦੀਆਂ ਆਪਣੀਆਂ ਹਸਤ ਲਿਖਤਾਂ ਹਨ। ਐਵਰੈਸਟ 'ਤੇ ਜਾਣ ਵਾਲੀ ਟੀਮ ਦੇ ਮੈਂਬਰਾਂ ਨੂੰ ਉਸ ਲਾਮਾ ਨੇ ਇਨ੍ਹਾਂ ਹਸਤ ਲਿਖਤਾਂ ਦੇ ਦਰਸ਼ਨ ਕਰਵਾਏ। ਐਵਰੈਸਟ 'ਤੇ ਜਾਣ ਵਾਲੀ ਟੀਮ ਦਾ ਆਗੂ ਲਿਖਦਾ ਹੈ ਕਿ ਇਹ ਲਿਖਤਾਂ ਕੀਮਤੀ ਕੱਪੜਿਆਂ ਵਿਚ ਲਪੇਟ ਕੇ ਉਸ ਨੇ ਅਲਮਾਰੀ ਦੇ ਖਾਨਿਆਂ ਵਿਚ ਸੰਭਾਲ ਕੇ ਰੱਖੀਆਂ ਹੋਈਆਂ ਸਨ। ਉਹ ਲਿਖਦੇ ਹਨ ਕਿ 'ਇਸ ਲਾਮਾ ਦੇ ਮੰਦਰ ਵਿਚ ਵਾਯੂ ਮੰਡਲ ਬੜਾ ਸ਼ਾਂਤੀ, ਗੰਭੀਰਤਾ ਭਰਿਆ ਤੇ ਰਹੱਸਮਈ ਸੀ। ਕੰਧਾਂ ਉੱਤੇ ਰੰਗਦਾਰ ਤਸਵੀਰਾਂ ਲਟਕਦੀਆਂ ਸਨ। ਛੱਤ ਉੱਤੇ ਮਿਥਿਹਾਸਕ ਚਿੱਤਰ ਸਨ। ਅਨੇਕਾਂ ਬੁੱਤ ਕਈ ਧਾਤਾਂ ਵਿਚ ਚਿੱਤਰੇ ਹੋਏ ਪਏ ਸਨ। ਅਲਮਾਰੀ ਦੇ ਖਾਨਿਆਂ ਵਿਚ ਅਨੇਕਾਂ ਹੱਥ-ਲਿਖਤਾਂ ਮੌਜੂਦ ਸਨ। ਬੁੱਤ ਉਸ ਮੱਠ ਦੇ ਗੁਜ਼ਰ ਚੁੱਕੇ ਲਾਮਿਆਂ ਦੇ ਸਨ। ਉਨ੍ਹਾਂ ਵਿਚੋਂ ਇਕ ਬੁੱਤ ਰਿੰਪੋਚੇ ਗੁਰੂ ਨਾਨਕ ਦਾ ਸੀ। ਤਿੱਬਤੀ ਗੁਰੂ ਨਾਨਕ ਨੂੰ ਰਿੰਪੋਚੇ ਗੁਰੂ ਕਹਿੰਦੇ ਹਨ।'

ਤਿੱਬਤ ਵਿਚ ਗੁਰੂ ਨਾਨਕ ਦੇਵ ਜੀ ਨੂੰ ਗੁਰੂ ਰਿੰਪੋਚੇ ਦੇ ਰੂਪ ਵਿਚ ਪੂਜਿਆ ਜਾਂਦਾ ਹੈ। ਇਕ ਤਿੱਬਤੀ ਗ੍ਰੰਥ ਵਿਚ ਗੁਰੂ ਨਾਨਕ ਜੀ ਬਾਰੇ ਵੇਰਵਾ ਦਿੱਤਾ ਮਿਲਦਾ ਹੈ, 'ਮਹਾਨ ਸਿੰਧਾਚਾਰੀਆ, ਜਿਸ ਨੇ ਬੁੱਧ ਧਰਮ ਤਿੱਬਤ ਤੇ ਚੀਨ ਵਿਚ ਫੈਲਾਇਆ, ਗੁਰੂ ਰਿੰਪੋਚੇ ਭਾਵ ਅਨਮੋਲ ਅਧਿਆਪਕ ਹੈ, ਉਹ ਕੇਵਲ ਉਪਜ ਹੈ ਅਤੇ ਉਸ ਦਾ ਆਤਮਕ ਜਨਮ ਸੋਨ ਮੰਦਰ ਅੰਮ੍ਰਿਤਸਰ ਦੇ ਮਹਾਨ ਸਰੋਵਰ ਨਾਲ ਸੰਬੰਧਤ ਹੈ... ਇਸ ਕਰਕੇ ਤਿੱਬਤੀਆਂ ਦਾ ਇਹ ਫਿਰਕਾ ਅੰਮ੍ਰਿਤਸਰ ਦੇ ਪਵਿੱਤਰ ਸਰੋਵਰ ਦੇ ਇਸ਼ਨਾਨ ਲਈ ਔਖੇ ਪੈਂਡੇ ਤੈਅ ਕਰਕੇ ਪਹੁੰਚਦਾ ਰਿਹਾ ਹੈ। ਤਿੱਬਤੀ ਗੁਰੂ ਨਾਨਕ ਦੇਵ ਜੀ ਨੂੰ ਮਹਾਤਮਾ ਬੁੱਧ ਦਾ ਅੱਠਵਾਂ ਅਵਤਾਰ ਸਮਝਦੇ ਰਹੇ ਹਨ। ਸ੍ਰੀ ਹਰਿਮੰਦਰ ਸਾਹਿਬ ਦੇ ਸਰੋਵਰ ਨੂੰ ਆਪਣੇ ਇਸ਼ਟ ਦਾ ਆਤਮਿਕ ਜਨਮਦਾਤਾ ਮੰਨਦੇ ਹਨ।'

ਡਾ: ਤਰਲੋਚਨ ਸਿੰਘ ਆਪਣੀ ਲਿਖਤ 'ਜੀਵਨ ਚਰਿੱਤ੍ਰ ਗੁਰੂ ਨਾਨਕ ਦੇਵ' ਵਿਚ ਲਿਖਦੇ ਹਨ, 'ਉਸ ਨੇ 1960 ਵਿਚ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚ ਕੁਝ ਤਿੱਬਤੀ ਬੈਠੇ ਦੇਖੇ। ਉਨ੍ਹਾਂ ਵਿਚੋਂ ਇਕ ਕਿਸੇ ਹੱਥਲਿਖਤ ਗ੍ਰੰਥ ਦਾ ਪਾਠ ਕਰ ਰਿਹਾ ਸੀ। ਮੈਂ ਉਸ ਨੂੰ ਪੁੱਛਿਆ ਕਿ ਉਹ ਕਿਸ ਚੀਜ਼ ਦਾ ਪਾਠ ਕਰ ਰਿਹਾ ਹੈ ? ਪਰ ਉਸ ਨੂੰ ਹਿੰਦੁਸਤਾਨੀ ਨਹੀਂ ਸੀ ਆਉਂਦੀ। ਉਸ ਨੇ ਹੱਥ ਨਾਲ ਇਸ ਗੱਲ ਦਾ ਇਸ਼ਾਰਾ ਕੀਤਾ। ਨੇੜੇ ਬੈਠਾ ਇਕ ਤਿੱਬਤੀ ਚੰਗੀ ਅੰਗਰੇਜ਼ੀ ਜਾਣਦਾ ਸੀ। ਜਦ ਉਸ ਰਾਹੀਂ ਮੈਂ ਪੁੱਛਿਆ ਕਿ ਉਸ ਪੁਸਤਕ ਵਿਚ ਕੀ ਲਿਖਿਆ ਹੈ ਤਾਂ ਉਸ ਨੇ ਉੱਤਰ ਦਿੱਤਾ ਕਿ ਇਸ ਵਿਚ ਦਸਾਂ ਹੀ ਗੁਰੂ ਸਾਹਿਬਾਨ ਦੀ ਮਹਿਮਾ ਤੇ ਇਤਿਹਾਸ ਲਿਖੇ ਹੋਏ ਹਨ। ਉਸ ਨੇ ਸਮਝਾਇਆ ਕਿ ਤਿੱਬਤੀ ਭਾਸ਼ਾ ਵਿਚ ਹਰ ਗੁਰੂ ਸਾਹਿਬ ਦਾ ਅਸਲੀ ਨਾਂਅ ਵੀ ਹੈ ਤੇ ਨਾਲ ਹੀ ਉਨ੍ਹਾਂ ਦਾ ਗੁਣ-ਪ੍ਰਗਟਾਵਲ ਨਾਂਅ ਵੀ ਹੈ।'

'ਮੈਂ ਉਸ ਤਿੱਬਤੀ ਤੋਂ ਉਹ ਗ੍ਰੰਥ ਖਰੀਦਣਾ ਚਾਹਿਆ। ਪਰ ਉਹ ਪੰਜ ਗ੍ਰੰਥੀ ਜਿੰਨੀ ਹੱਥਲਿਖਤ ਪੋਥੀ 500 ਰੁਪਏ ਨੂੰ ਵੀ ਦੇਣ ਨੂੰ ਤਿਆਰ ਨਹੀਂ ਸੀ। ਉਸ ਫਟੇ ਚੀਥੜੇ ਕੱਪੜੇ ਪਹਿਰਾਵੇ ਵਾਲੇ ਪੋਥੀ ਦੇ ਮਾਲਕ ਤਿੱਬਤੀ ਨੇ ਉੱਤਰ ਦਿੱਤਾ, 'ਇਹ ਪੋਥੀ ਮੇਰੇ ਲਈ ਮੇਰੀ ਜ਼ਿੰਦਗੀ ਜਿੰਨੀ ਹੀ ਕੀਮਤੀ ਹੈ।' ਉਸ ਸਮੇਂ ਮੈਨੂੰ ਇੰਜ ਮਹਿਸੂਸ ਹੋਇਆ ਕਿ ਉਸ ਸ਼ਾਮ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚ ਚੱਕਰ ਲਾ ਰਹੇ ਰੰਗੀਲੇ, ਭੜਕੀਲੇ, ਸ਼ਾਹੀ ਠਾਠ ਨਾਲ ਫਿਰ ਰਹੇ ਪੰਜਾਬੀਆਂ ਨਾਲੋਂ ਇਹ ਫਟੇ-ਚੀਥੜੇ ਕੱਪੜਿਆਂ ਵਾਲਾ ਤਿੱਬਤੀ ਸਭ ਤੋਂ ਦੌਲਤਮੰਦ ਤੇ ਸਵੈਮਾਣ ਨਾਲ ਅਮੀਰ ਪੁਰਸ਼ ਸੀ। ਮੈਂ ਮਹਿਸੂਸ ਕੀਤਾ ਕਿ ਮੈਂ ਉਸ ਨੂੰ ਉਸ ਪੋਥੀ ਦਾ 500 ਰੁਪਿਆ ਪੇਸ਼ ਕਰਕੇ ਨਾ ਸਿਰਫ ਉਸ ਦੇਵਤਾ ਸਰੂਪ ਤਿੱਬਤੀ ਦਾ, ਬਲਕਿ ਉਸ ਦੇ ਪਿਆਰੇ ਇਸ਼ਟ ਦਾ ਵੀ ਨਿਰਾਦਰ ਕੀਤਾ ਹੈ।'

ਭੂਟਾਨ ਦੀ ਪਾਰੋ ਵਾਦੀ ਵਿਚ ਉੱਚੀ ਪਹਾੜੀ ਦੀ ਵੱਖੀ ਉੱਤੇ ਇਕ ਐਸਾ ਮੱਠ ਹੈ, ਜਿਸ ਨੂੰ ਸ਼ੇਰ ਦਾ ਆਲ੍ਹਣਾ ਕਿਹਾ ਜਾਂਦਾ ਹੈ। ਇਹ ਗੁਰੂ ਰਿੰਪੋਚੇ ਨਾਨਕ ਦਾ ਬੈਕੁੰਠ ਭਵਨ ਮੰਨਿਆ ਜਾਂਦਾ ਹੈ। ਹੋ ਸਕਦਾ ਕਿ ਇਥੇ ਪਹਿਲਾਂ ਹੀ ਕੋਈ ਮੱਠ ਸੀ। ਗੁਰੂ ਨਾਨਕ ਦੇਵ ਜੀ ਇਥੇ ਠਹਿਰੇ ਤੇ ਇਥੋਂ ਦੇ ਲਾਮਿਆਂ ਨਾਲ ਗਿਆਨ ਚਰਚਾ ਕੀਤੀ। ਗੁਰੂ ਨਾਨਕ ਦੇਵ ਜੀ ਤਿੱਬਤ ਦੇ ਅਨੇਕਾਂ ਥਾਵਾਂ 'ਤੇ ਗਏ। ਗੁਰੂ ਪਾਤਸ਼ਾਹ ਦਾ ਇਤਿਹਾਸ ਤੇ ਉਨ੍ਹਾਂ ਦੇ ਬਚਨ ਕਿਸੇ ਨਾ ਕਿਸੇ ਰੂਪ ਵਿਚ ਅਜੇ ਵੀ ਕਈ ਮੱਠਾਂ ਵਿਚ ਉਨ੍ਹਾਂ ਨੇ ਸੰਭਾਲੇ ਹੋਏ ਹਨ। ਉੱਤਰ-ਪੂਰਬੀ ਖਿੱਤੇ ਵਿਚ ਗੁਰੂ ਨਾਨਕ ਦੇਵ ਜੀ ਦੀ ਯਾਦ ਉਨ੍ਹਾਂ ਲੋਕਾਂ ਨੇ ਵਧੀਆ ਢੰਗ ਨਾਲ ਸਾਂਭੀ ਹੋਈ ਹੈ। ਉਨ੍ਹਾਂ ਦੇ ਇਤਿਹਾਸ ਅਤੇ ਸੱਭਿਆਚਾਰ ਉੱਪਰ ਗੁਰੂ ਨਾਨਕ ਦੇਵ ਜੀ ਦਾ ਪ੍ਰਭਾਵ ਕਿਸੇ ਨਾ ਕਿਸੇ ਰੂਪ ਵਿਚ ਦਿਖਾਈ ਦਿੰਦਾ ਹੈ।

# ਭਲਾ ਰਬਾਬ ਵਜਾਇੰਦਾ: ਗੁਰੂ ਨਾਨਕ ਦੇਵ ਦੇ ਭਾਈ ਮਰਦਾਨਾ

**ਸਵਰਨਜੀਤ ਸਿੰਘ ਖਾਲਸਾ**

ਗੁਰੂ ਨਾਨਕ ਦੇਵ ਦੇ ਨਾਲ ਜੇਕਰ ਕਿਸੇ ਨੇ ਸਭ ਤੋਂ ਲੰਬਾ ਸਮਾਂ ਬਿਤਾਇਆ, ਤਾਂ ਉਹ ਸੀ ਭਾਈ ਮਰਦਾਨਾ। ਗੁਰੂ ਨਾਨਕ ਦੇਵ ਦੇ ਨਾਲ ਹਰ ਘੜੀ ਦੁੱਖ ਸੁੱਖ ਵਿਚ ਸਾਥੀ ਰਹੇ ਭਾਈ ਮਰਦਾਨਾ ਨੂੰ ਉਨ੍ਹਾਂ ਦੇ ਸਮਰਪਣ ਭਾਵਨਾ ਕਰਕੇ ਯਾਦ ਕੀਤਾ ਜਾਂਦਾ ਹੈ। ਭਾਈ ਮਰਦਾਨੇ ਦਾ ਜਨਮ ਰਾਇ ਭੋਇ ਦੀ ਤਲਵੰਡੀ ਵਿਚ 1459 ਵਿਚ ਪਿਤਾ ਬਾਦਰਾ ਤੇ ਮਾਤਾ ਲੱਖੋ ਦੇ ਘਰ ਹੋਇਆ। ਭਾਈ ਮਰਦਾਨੇ ਦੇ ਪਹਿਲੇ ਸਾਰੇ ਭੈਣ ਭਰਾ ਗੁਜ਼ਰ ਗਏ ਸਨ। ਜਦੋਂ ਮਰਦਾਨਾ ਪੈਦਾ ਹੋਇਆ ਤਾਂ ਉਸ ਦੀ ਮਾਂ ਨੇ ਬੜੀ ਨਿਰਾਸ਼ਤਾ ਵਿਚ ਉਸ ਨੂੰ 'ਮਰ ਜਾਣਾ' ਭਾਵ ਮਰ ਜਾਣ ਵਾਲਾ ਨਾਂ ਨਾਲ ਬੁਲਾਇਆ। ਮਰਦਾਨੇ ਦਾ ਪਹਿਲਾ ਨਾਂ ਦਾਨਾ ਸੀ।

ਗੁਰੂ ਨਾਨਕ ਨੇ ਜਦੋਂ ਇਸ ਜਗਤ ਵਿੱਚ ਪ੍ਰਵੇਸ਼ ਕੀਤਾ ਤਾਂ ਕੂੜ, ਚਰਮ ਸੀਮਾ ਪਾਰ ਕਰ ਚੁੱਕਾ ਸੀ। ਉਨ੍ਹਾਂ ਦੀ ਆਮਦ ਜਗਤ ਲਈ ਹਨ੍ਹੇਰੇ ਤੋਂ ਮੁਕਤੀ ਦਾ ਸਬੱਬ ਬਣਿਆ ਤੇ ਇਹੀ ਸਬੱਬ ਨੇ ਇਸ ਜਗਤ ਲਈ ਚਾਨਣ ਦਾ ਪਾਸਾਰਾ ਕੀਤਾ। ਇਸ ਸੱਚ ਸਰੂਪ ਦੀਆਂ ਕਿਰਨਾਂ ਭਾਈ ਮਰਦਾਨੇ ਵਰਗੇ ਸਾਜ਼ਿੰਦੇ ਉੱਪਰ ਵੀ ਪਈਆਂ ਜੋ ਉਨ੍ਹਾਂ ਦੀ ਨਜ਼ਰ ਸਵੱਲੀ ਪੈਣ 'ਤੇ ਇਸ ਵਿਹਾਰਕ ਸੇਧ ਲਈ ਸਾਰੀ ਉਮਰ ਦਾ ਸਾਥੀ ਬਣ ਗਿਆ।

ਭਾਈ ਮਰਦਾਨੇ ਦੀ ਸ਼ਰਧਾ, ਸਿਰੜ ਤੇ ਸਿਦਕ ਲਾਸਾਨੀ ਹੈ। ਉਦਾਸੀਆਂ ਦੌਰਾਨ ਗੁਰੂ ਨਾਨਕ ਨੇ ਦੂਰ ਦੁਰਾਡੇ ਭੁੱਲੀ



ਭਟਕੀ ਲੋਕਾਈ ਨੂੰ ਉੱਤਮ ਤੇ ਉੱਚਾ-ਸੁੱਚਾ ਗਿਆਨ ਵੰਡਿਆ। ਭਾਈ ਮਰਦਾਨੇ ਨੇ 47 ਸਾਲ ਗੁਰੂ ਨਾਨਕ ਦਾ ਸਾਥ ਦਿੱਤਾ। ਭਾਈ ਮਰਦਾਨੇ ਲਈ ਪਹਾੜੀਆਂ ਦੀ ਸਰਦੀ, ਰੇਗਿਸਤਾਨਾਂ ਦੀ ਗਰਮੀ, ਜੰਗਲਾਂ ਵਿਚ ਜਾਨਵਰਾਂ ਦਾ ਡਰ, ਉਜਾੜ ਅਤੇ ਵੀਰਾਨੇ ਵਿਚ ਭੁੱਖ ਪਿਆਸ ਜਾਂ ਘਰ ਦਾ ਮੋਹ, ਗੁਰੂ ਦਾ ਸਾਥ ਦੇਣ ਵਿਚ ਔਕੜ ਨਾ ਬਣੇ। ਜਦੋਂ ਜਗਤ ਗੁਰੂ ਨੂੰ ਧੁਰ ਅੰਦਰੋਂ ਬਾਣੀ ਆਉਂਦੀ ਤਾਂ ਉਹ ਭਾਈ ਮਰਦਾਨੇ ਨੂੰ ਆਖਦੇ, 'ਛੇੜ ਮਰਦਾਨਿਆ ਰਬਾਬ, ਕਾਈ ਸਿਫ਼ਤ ਖ਼ੁਦਾ ਦੇ ਦੀਦਾਰ ਦੀ ਕਰੀਏ।'

ਭਾਈ ਮਰਦਾਨੇ ਦਾ ਜਨਮ ਪਿਤਾ ਬਦਰੇ ਤੇ ਮਾਤਾ ਲੱਖੋ ਦੇ ਘਰ ਫਰਵਰੀ, 1459 ਨੂੰ ਹੋਇਆ। ਆਪ ਦਾ ਪਰਿਵਾਰ ਦਸਾਂ ਨਹੁੰਆਂ ਦੀ ਕਿਰਤ ਕਰਨ ਵਾਲਾ ਅਤੇ ਸੰਗੀਤ ਦੀ ਸੁਰਾਂ ਛੇੜ ਕੇ ਰੋਜ਼ੀ ਕਮਾਉਣ ਵਾਲਾ ਸੀ। ਗਾਉਣ ਦੀ ਕਲਾ ਤੇ ਨਿਪੁੰਨ ਸਾਜ਼ਿੰਦੇ ਦੀ ਸੋਝੀ ਆਪ ਨੂੰ ਵਿਰਾਸਤ ਵਿੱਚੋਂ ਹੀ ਪ੍ਰਾਪਤ ਹੋਈ। ਜਦੋਂ ਗੁਰੂ ਨਾਨਕ ਦੀ ਇਲਾਹੀ ਨਜ਼ਰ ਇਸ ਖ਼ਾਨਦਾਨੀ ਸਾਜ਼ਿੰਦੇ ਉੱਪਰ ਪਈ ਤਾਂ ਉਹ ਗੁਰੂ ਨਾਨਕ ਦੇ ਪਰਮ ਸੇਵਕ ਬਣ ਗਏ। ਜਦੋਂ ਗੁਰੂ ਨਾਨਕ ਆਪਣੇ ਮੁਖਾਰਬਿੰਦ ਵਿੱਚੋਂ ਇਲਾਹੀ ਬਾਣੀ ਉਚਾਰਦੇ ਤਾਂ ਭਾਈ ਮਰਦਾਨਾ ਆਪਣੀ ਰਬਾਬ ਨਾਲ ਅਜਿਹੀ ਸੰਗੀਤਕ ਲਹਿਰ ਛੇੜਦੇ ਜਿਸ ਨਾਲ ਕੁਦਰਤ ਦੀ ਹਰ ਫ਼ਿਜ਼ਾ ਵਿੱਚ ਸ਼ਾਂਤੀ ਤੇ ਪ੍ਰਭੂ ਪ੍ਰੇਮ ਫੈਲ ਜਾਂਦਾ ਤੇ ਜਗਤ ਗੁਰੂ ਤੇ ਭਾਈ ਮਰਦਾਨਾ ਦੀ ਪ੍ਰਭੂ ਪ੍ਰੀਤ ਨਾਲ ਕਾਇਨਾਤ ਖਿਲ ਉੱਠਦੀ:

ਭਲਾ ਰਬਾਬ ਵਜਾਇੰਦਾ।
ਮਜਲਿਸ ਮਰਦਾਨਾ ਮੀਰਾਸੀ।।
(ਭਾਈ ਗੁਰਦਾਸ, ਵਾਰ ੧੧)

ਭਾਵ ਕਿ ਮਜਲਸ ਵਿਚ ਕੋਈ ਭਾਈ ਮਰਦਾਨਾ ਵਰਗਾ ਰਬਾਬ ਨਹੀਂ ਸੀ ਵਜਾ ਸਕਦਾ। ਇਕ ਥਾਂ ਹੋਰ ਭਾਈ ਗੁਰਦਾਸ ਜੀ ਨੇ ਉਚਾਰਿਆ:

'ਇਕ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ'
(ਵਾਰ ਪਹਿਲੀ, ਪਉੜੀ 35ਵੀਂ)

ਇਹ ਉਸ ਵੇਲੇ ਦਾ ਜ਼ਿਕਰ ਹੈ ਜਦ ਗੁਰੂ ਨਾਨਕ ਦੇਵ ਨੇ ਬਗਦਾਦ ਜਾ ਕੇ ਬਾਹਰ ਡੇਰਾ ਲਾਇਆ ਸੀ। ਇਕ ਬਾਬਾ ਅਕਾਲ ਦਾ ਰੂਪ ਤੇ ਦੂਜਾ ਰਬਾਬੀ ਮਰਦਾਨਾ ਉਨ੍ਹਾਂ ਦੇ ਨਾਲ ਸੀ। ਗੁਰੂ ਨਾਨਕ ਦੇਵ ਕੀਰਤਨ ਦੀ ਮਹੱਤਤਾ ਤਲਵੰਡੀ ਵਿਚ ਹੀ ਦ੍ਰਿੜਾਉਣ ਲੱਗ ਪਏ ਸਨ। ਭਾਈ ਮਰਦਾਨਾ ਗੁਰੂ

ਬਾਕੀ ਸਫ਼ਾ 32 'ਤੇ

**ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ**

# ਨੂਰਾਨੀ ਜੋਤ, ਗਿਆਨ ਦੀ ਜਗਮਗ ਮਸ਼ਾਲ ਗੁਰੂ ਨਾਨਕ ਦੇਵ

**ਮਨਜੀਤ ਸਿੰਘ**

ਗੁਰੂ ਨਾਨਕ ਦੇਵ ਇਤਿਹਾਸ ਦੇ ਇੱਕ ਨਾਇਕ ਹੀ ਨਹੀਂ ਬਲਕਿ ਨੂਰਾਨੀ ਜੋਤ, ਗਿਆਨ ਦੀ ਜਗਮਗ ਮਸ਼ਾਲ, ਰੱਬੀ ਰਹਿਮਤਾਂ ਤੇ ਬਖਸ਼ਿਸ਼ਾਂ ਦਾ ਅਤੁੱਟ ਭੰਡਾਰ ਹਨ। ਧਰਮ, ਅਰਥ, ਸਮਾਜ ਅਤੇ ਰਾਜਨੀਤੀ ਦੀ ਸੂਹੀ ਸਜਰੀ ਸਵੇਰ ਅਤੇ ਆਸ਼ਾ ਤੇ ਆਸਥਾ ਦੀ ਸ਼ੁੱਭ ਪ੍ਰਭਾਤ ਹਨ। ਭਾਈ ਗੁਰਦਾਸ ਜੀ ਗੁਰੂ ਨਾਨਕ ਦੇਵ ਦੇ ਆਗਮਨ ਨੂੰ ਸੂਰਜ ਦਾ ਉਦੈ ਅਥਵਾ ਸੱਚ ਦਾ ਪ੍ਰਕਾਸ਼ ਦੱਸਦੇ ਹਨ ਅਤੇ ਪਾਤਸ਼ਾਹ ਦੇ ਬੋਲਾਂ ਨੂੰ 'ਸਿੰਘ ਗਰਜ'।

ਸਚ ਕੀ ਬਾਣੀ ਨਾਨਕ ਆਖੈ
ਸਚਿ ਸੁਣਾਇਸੀ ਸਚ ਕੀ ਬੇਲਾ

ਪਾਰਬ੍ਰਹਮ ਪ੍ਰਮੇਸ਼ਵਰ ਨੇ ਸ੍ਰਿਸ਼ਟੀ ਦੇ ਦੁਖ ਦਰਦ ਨਵਿਰਤ ਕਰਨ ਅਤੇ ਸੁਖ ਆਨੰਦ ਦੀਆਂ ਬਖਸ਼ਿਸ਼ਾਂ ਵੰਡਣ ਲਈ, "ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ" ਅਰਥਾਤ ਪ੍ਰਮਾਤਮਾ ਨੇ ਆਪਣੀ ਜਵੰਤ ਜੋਤ ਗੁਰੂ ਨਾਨਕ ਵਿਚ ਰਖ ਕੇ ਪ੍ਰਕਾਸ਼ਮਾਨ ਕੀਤੀ। ਸਵਾਮੀ ਵਿਵੇਕਾਨੰਦ ਕਹਿੰਦੇ ਹਨ ਕਿ 'ਤਤਕਾਲੀਨ ਸੰਸਾਰ ਦੀ ਐਸੀ ਦੁਰਦਸ਼ਾ, ਸਤਾਏ ਹੋਏ ਮਨੁੱਖ ਦੀ ਆਵਾਜ਼ ਸੁਣ, ਪ੍ਰਮਾਤਮਾ ਦੀ ਅੱਖ ਵਿੱਚੋਂ ਇੱਕ ਹੰਝੂ ਵਗਿਆ ਜੋ ਗੁਰੂ ਨਾਨਕ ਦੇਵ ਦੇ ਰੂਪ ਵਿੱਚ ਜਗਤ ਵਿੱਚ ਪ੍ਰਗਟ ਹੋਇਆ। ਤ੍ਰਿਸ਼ਨਾ, ਪਾਖੰਡ, ਅਗਿਆਨਤਾ ਅਤੇ ਜ਼ੁਲਮ ਵਿੱਚ ਨਪੀੜੇ ਮਨੁੱਖ ਦੀ ਦਰਦ ਭਰੀ ਪੁਕਾਰ ਨੂੰ ਸੁਣ ਅਕਾਲ ਪੁਰਖ ਨੇ ਰਾਇ ਭੋਇ ਦੀ ਤਲਵੰਡੀ (ਜੋ ਜਗਤ ਪ੍ਰਸਿੱਧ ਨਨਕਾਣਾ ਸਾਹਿਬ ਦੇ ਨਾਂ ਨਾਲ ਜਾਣੀ ਜਾਂਦੀ ਹੈ) ਦੀ ਸੁਭਾਗ ਧਰਤੀ 'ਤੇ ਸੰਨ 1469 ਵਿੱਚ ਪਿਤਾ ਕਲਿਆਣ ਦਾਸ ਅਥਵਾ ਮਹਿਤਾ ਕਾਲੂ ਦੇ ਗ੍ਰਹਿ, ਮਾਤਾ ਤ੍ਰਿਪਤਾ ਦੀ ਕੁਖੋਂ ਅਗੰਮੀ ਨੂਰ ਦੇ ਰੂਪ 'ਚ ਆਗਮਨ ਕੀਤਾ,

"ਉਹ ਆਪ ਨਰਾਇਣ ਕਲਾ ਧਾਰਿ ਜਗਿ ਮੈ ਪਰਵਰਿਓ।"

ਸਾਧੂ ਟੀ.ਐਲ.ਵਾਸਵਾਨੀ ਬਿਆਨ ਕਰਦਾ ਹੈ ਕਿ ਰਾਜ ਕੁਮਾਰ ਸਿਧਾਰਥ ਨੇ ਗਯਾ (ਬਿਹਾਰ) ਸਰਿਊ ਨਦੀ ਦੇ ਕੰਢੇ 12 ਸਾਲ ਘੋਰ ਤਪੱਸਿਆ ਕਰ ਕੇ "ਬੁਧਤਵ" ਦੀ ਪ੍ਰਾਪਤੀ ਕੀਤੀ ਲੇਕਿਨ ਗੁਰੂ ਨਾਨਕ ਤਾਂ ਬਖਸ਼ ਦਰ ਪ੍ਰਾਪਤ ਕਰ ਪਾਰਬ੍ਰਹਮ ਪ੍ਰਮੇਸ਼ਵਰ ਵਿੱਚ ਇਕ ਸਰੂਪਤਾ ਪ੍ਰਾਪਤ ਕਰ ਉਸ ਦੀ ਆਗਿਆ ਨਾਲ ਜਗਤ ਜਲੰਦੇ ਦੇ ਉਦਾਰ ਲਈ ਸੰਸਾਰ ਵਿੱਚ ਪ੍ਰਗਟ ਹੋਏ, ਗੁਰੂ ਨਾਨਕ ਪੈਦਾ ਹੀ ਦੇਵਬੁਧਾ ਹੋਏ। ਪਹਿਲਾ ਬਾਬੇ ਪਾਯਾ ਬਖਸੁ ਦਰਿ ਪਿਛੋਂ ਦੇ ਫਿਰਿ ਘਾਲਿ ਕਮਾਈ"। ਵਹਿਮਾਂ-ਭਰਮਾਂ ਅਤੇ ਅਗਿਆਨਤਾ ਦਾ ਹਨੇਰਾ ਦੂਰ ਕਰਨਾ, ਤ੍ਰਿਸ਼ਨਾ ਅਗਨ ਵਿੱਚ ਜਲ ਬਲ ਰਹੇ ਸੰਸਾਰ ਦੇ ਉਧਾਰ ਲਈ ਪਾਖੰਡ, ਪਾਪ, ਅਨਿਆਂ ਅਤੇ ਜ਼ੁਲਮ ਤੋਂ ਲੋਕਾਈ ਨੂੰ ਮੁਕਤ ਕਰਨ ਦੇ ਰੱਬੀ ਆਦੇਸ਼ ਦੀ ਪੂਰਤੀ ਲਈ ਸੁਲਤਾਨਪੁਰ ਲੋਧੀ ਸਥਿਤ ਵੇਈਂ ਨਦੀ ਵਿੱਚ ਤਿੰਨ ਦਿਨ ਤੇ ਤਿੰਨ ਰਾਤਾਂ ਜਲ-ਸਮਾਧੀ ਦੌਰਾਨ ਪਰਮ ਪਿਤਾ ਪ੍ਰਮੇਸ਼ਵਰ ਪਾਸੋਂ ਗੁਰ ਪ੍ਰਮੇਸ਼ਰ ਦੀ ਪਦਵੀ ਪ੍ਰਾਪਤ ਕਰ ਰੱਬੀ ਆਦੇਸ਼ ਤੇ ਆਵੇਸ਼ ਅਨੁਸਾਰ "ਪ੍ਰਭੂ ਕਾ ਧਰਮ ਪੰਥ" ਪ੍ਰਗਟ ਕਰਨ ਲਈ ਪਹਿਲਾ ਉਪਦੇਸ਼ ਇਸੇ ਇਤਿਹਾਸਕ ਸਥਾਨ 'ਤੇ ਨਸ਼ਰ ਕੀਤਾ। ਪੁਰਾਤਨ ਜਨਮ ਸਾਖੀ ਦੇ ਸ਼ਬਦਾਂ ਵਿਚ ਖੱਫਨੀ ਸਿਰ 'ਤੇ ਬੰਨ੍ਹ ਕਿਹਾ 'ਨਾ ਕੋਈ ਹਿੰਦੂ ਨਾ ਮੁਸਲਮਾਨ'। ਇਥੇ ਹੀ ਮੂਲ ਮੰਤਰ" ੴ ਅੰਕਾਰ ਤੋਂ ਗੁਰ ਪ੍ਰਸਾਦਿ ਤੀਕ ਉਚਾਰਿਆ। ਦ੍ਰਿੜ੍ਹ ਕਰਵਾਇਆ ਕਿ ਪਰਮ ਸੱਤ ਕੇਵਲ ਇਕ ਹੈ ਜੋ ਵੰਡਿਆ ਨਹੀਂ ਜਾ ਸਕਦਾ ਅਤੇ ਨਾ ਹੀ ਵਧਾਇਆ ਘਟਾਇਆ ਜਾ ਸਕਦਾ ਹੈ। ਉਹ ਕੇਵਲ ਸਤਿ ਹੈ ਅਤੇ ਇਹੀ ਉਸ ਦਾ ਪਰਾ ਪੂਰਬਲਾ ਨਾਮ ਹੈ, ਉਹ ਅਨਾਮ ਹੈ ਲੇਕਿਨ ਉਸ ਦੇ ਗੁਣਾਤਮਿਕ ਨਾਮ-ਉਹ ਸ੍ਰਿਸ਼ਟੀ ਦਾ ਕਰਤਾ ਹੈ, ਡਰ ਭੈਅ ਅਤੇ ਵੈਰ ਤੋਂ ਰਹਿਤ ਹੈ, ਸਮੇਂ-ਕਾਲ ਵਿਚ ਸੀਮਤ ਨਹੀਂ, ਗਰਭ ਵਿੱਚ ਨਹੀਂ ਆਉਂਦਾ, ਸਵੈ ਪ੍ਰਕਾਸ਼ਮਾਨ ਹੈ ਅਤੇ ਸੱਚੇ ਗੁਰੂ ਦੀ ਕ੍ਰਿਪਾ ਦੁਆਰਾ ਪ੍ਰਾਪਤ ਹੁੰਦਾ ਹੈ। ਪ੍ਰਮਾਤਮਾ ਦੀ ਹਸਤੀ ਨਾ ਹਿੰਦੂ ਤੇ ਨਾ ਮੁਸਲਮਾਨ ਹੈ। ਮਜ਼ਬਾਂ ਦੇ ਨਾਮ 'ਤੇ ਲੜਨ ਵਾਲੇ ਆਪਣੇ




ਮਜ਼ਹਬ ਨੂੰ ਉਚਾ ਅਤੇ ਪਾਕ ਅਤੇ ਦੂਸਰੇ ਮਜ਼ਬ ਨੂੰ ਨੀਵਾਂ ਦਿਖਾਉਣ ਦੇ ਹੰਕਾਰ ਵਿੱਚ ਸਮਾਜ ਨੂੰ ਵੰਡ ਕੇ ਲੜਾ ਰਹੇ ਸਨ। ਰਾਮ ਤੇ ਰਹੀਮ ਨੂੰ ਲੜਾਇਆ ਜਾ ਰਿਹਾ ਸੀ ਲੇਕਿਨ ਗੁਰੂ ਨਾਨਕ ਪਾਤਸ਼ਾਹ ਨੇ ਸਪਸ਼ਟ ਕੀਤਾ ਕਿ ਸਾਰੇ ਧਰਮ ਪ੍ਰਮਾਤਮਾ ਤੋਂ ਹੀ ਉਪਜੇ ਹਨ। ਅੰਤਰ ਆਤਮੇ ਜਗਤ ਦੇ ਦੁਖਾਂਤ ਨੂੰ ਅਨੁਭਵ ਕਰਦਿਆਂ ਗੁਰੂ ਪਾਤਸ਼ਾਹ ਨੇ 'ਧਰਤ ਲੁਕਾਈ ਸੋਧਣ' ਲਈ ਕਾਰਜ ਆਰੰਭਿਆ।

ਬਾਬਾ ਦੇਖੈ ਧਿਆਨੁ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ"
ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ
ਚੜ੍ਹਿਆ ਸੋਧਣ ਧਰਤਿ ਲੋਕਾਈ" (ਭਾਈ ਗੁਰਦਾਸ)

ਮਾਤਾ ਸੁਲੱਖਣੀ ਜੀ ਦੇ ਤਰਲੇ ਮਿੰਨਤਾਂ, ਭੈਣ ਨਾਨਕੀ ਜੀ ਦਾ ਵੈਰਾਗ, ਦੋ ਛੋਟੇ ਸਪੁੱਤਰਾਂ ਸ੍ਰੀਚੰਦ ਅਤੇ ਲਖਮੀ ਦਾਸ ਦਾ ਪਿਆਰ ਅਤੇ ਮਾਤਾ ਤ੍ਰਿਪਤਾ ਜੀ ਦੀ ਮਮਤਾ, ਗੁਰੂ ਜੀ ਦਾ ਰਾਹ ਨਾ ਰੋਕ ਸਕੀਆਂ। ਤਲਵੰਡੀ ਤੋਂ ਹੀ ਸੰਗੀਤ ਦੀ ਡਾਢੀ ਸਮਝ ਰੱਖਣ ਵਾਲੇ ਇਕ ਮਿਰਾਸੀ 'ਦਾਨਾ' ਦਾ ਸਾਥ ਪ੍ਰਾਪਤ ਕਰ, ਫੁਰਮਾਇਆ, 'ਦਾਨਿਆ ਜੋ ਬਾਣੀ ਨੂੰ ਰਾਗ ਵਿੱਚ ਮਿਲਾ ਕੇ ਗਾਵੇਂ ਤਾਂ 'ਮਰਦਾਨਾਂ' ਕਹਾਏਂ। ਧਰਮ ਵਿਚ ਆਈ ਗਿਲਾਨੀ ਤੇ ਗਿਰਾਵਟ ਦਾ ਕੇਂਦਰ ਬਣੇ ਧਰਮ ਅਸਥਾਨਾਂ ਵੱਲ ਹੀ ਕਦਮ ਵਧਾਏ। ਹਰਿਦੁਆਰ ਤੋਂ ਰਮੇਸ਼ਵਰਮ ਅਤੇ ਸ੍ਰੀਲੰਕਾ ਤੀਕ ਗੁਰੂ ਪਾਤਸ਼ਾਹ ਹਰ ਧਰਮ ਅਸਥਾਨ 'ਤੇ ਗਏ ਅਤੇ ਉਥੇ ਫੈਲੇ ਪਖੰਡ, ਕੁਰੀਤੀਆਂ ਅਤੇ ਭ੍ਰਿਸ਼ਟਾਚਾਰ ਨੂੰ ਚੁਣੌਤੀ ਦਿੱਤੀ, ਇਨ੍ਹਾਂ ਅਸਥਾਨਾਂ 'ਤੇ ਚਲ ਰਹੇ ਬੇਮਾਇਨੇ ਰੀਤੀ-ਰਿਵਾਜ਼ਾਂ ਦੇ ਖ਼ਿਲਾਫ਼, ਉਲਟ ਕਾਰਜ ਕਰ ਲੋਕਾਈ ਦਾ ਧਿਆਨ ਖਿੱਚਿਆ, ਹਰਿਦੁਆਰ ਵਿਖੇ ਪੂਰਬ (ਸੂਰਜ/ਪੁਰਵਜਾਂ) ਨੂੰ ਪਾਣੀ ਦੇਣ ਦੀ ਬਜਾਏ ਪੱਛਮ ਵਲ ਜਲ ਦੇ ਕੇ ਧਰਮ ਪ੍ਰੋਹਿਤਾਂ ਨੂੰ ਸਵਾਲ ਕੀਤਾ ਕਿ "ਜੇ ਤੁਹਾਡਾ ਜਲ ਲੱਖਾਂ ਮੀਲ ਪੁਜ ਸਕਦਾ ਤਾਂ ਮੇਰਾ ਜਲ ਸੈਂਕੜੇ ਮੀਲਾਂ 'ਤੇ ਸਥਿਤ ਮੇਰੇ ਖੇਤਾਂ ਤੀਕ ਕਿਉਂ ਨਹੀਂ ਪੁੱਜ ਸਕਦਾ" ਜਗਨ ਨਾਥ ਪੁਰੀ ਸੰਧਿਆ ਸਮੇਂ ਆਰਤੀ ਵੇਲੇ ਥਾਲ ਵਿਚ ਦੀਵੇ ਰੱਖ ਕੇ ਆਰਤੀ ਉਤਾਰ ਰਹੇ ਪਾਂਡਿਆਂ ਵੱਲ ਵੇਖ ਗੁਰੂ ਪਾਤਸ਼ਾਹ ਨੇ ਨਿਰਾਰਥਕਤਾ ਪ੍ਰਗਟ ਕਰਦਿਆਂ ਆਰਤੀ ਉਚਾਰੀ,

"ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ" ਉਚਾਰਿਆ।

ਕੁਰਾਨ ਸ਼ਰੀਫ ਅਨੁਸਾਰ ਰੱਬ ਦਾ ਮੁਕਾਮ ਹੈ, ਬਾਬੇ ਸੰਦੇਸ਼ ਦਿੱਤਾ: ਪੂਰਬ ਵਿਚ ਭਗਵਾਨ ਅਤੇ ਪੱਛਮ ਵਿਚ ਅੱਲ੍ਹਾ ਨਹੀਂ ਵਸਦਾ, ਖੁਦਾ ਸਾਰੀ ਸ੍ਰਿਸ਼ਟੀ ਵਿਚ ਸਮੋਇਆ ਹੋਇਆ ਹੈ।ਮੱਕੇ ਪੁਜੇ ਬਾਬੇ ਨੂੰ ਜਦੋਂ ਕਾਜ਼ੀਆਂ ਸਵਾਲ ਕੀਤਾ 'ਹਿੰਦੂ ਵੱਡਾ ਕਿ ਮੁਸਲਮਾਨ ਈ' ਤਾਂ ਜਵਾਬ ਸੀ: 'ਸੁਭਿ ਅਮਲਾ ਬਾਝਹੁ ਦੋਨੋ ਰੋਈ'।

ਸਿੱਧਾਂ ਜੋਗੀਆਂ ਵੱਲੋਂ ਸੁਆਲ ਕਰਨ 'ਤੇ ਕਿ ਧਰਤੀ 'ਤੇ ਕੀ ਵਾਪਰ ਰਿਹਾ ਹੈ "ਧਰਤੀ ਉਪਰ ਕਿਆ ਵਰਤਾਰਾ" 'ਤੇ ਬਾਬੇ ਦਾ ਉਤਰ ਸੀ "ਸਿਧ ਛਪਿ ਬੈਠੇ ਪਰਬਤੀ ਕਉਣੁ ਜਗਤਿ ਕਉ ਪਾਰਿ ਉਤਾਰਾ"। ਜੋਗੀਆਂ ਵੱਲੋਂ ਦੂਸਰਾ ਸਵਾਲ ਸੀ "ਕਿਹੜੀ ਸ਼ਕਤੀ ਦੇ ਬਲ ਨਾਲ ਸੁਮੇਰ ਪਰਬਤ 'ਤੇ ਆਏ ਹੋ" ਤਾਂ ਬਾਬੇ ਦਾ ਉਤਰ ਸੀ, "ਬਾਝੋ ਸਚੇ ਨਾਮ ਦੇ ਹੋਰੁ ਕਰਾਮਾਤਿ ਅਸਾਂ ਤੇ ਨਾਹੀ।" ਜੋਗੀਆਂ ਦਾ ਤੀਸਰਾ ਸਵਾਲ "ਜੇ ਤੁਸੀਂ ਧਰਮ ਨੂੰ ਚਲਾਉਣਾ ਚਾਹੁੰਦੇ ਹੋ ਤਾਂ ਉਹ ਧਰਮ ਮੰਦਰ ਕਿਹੜੇ ਥੰਮਾਂ 'ਤੇ ਉਸਾਰਨਾ ਚਾਹੁੰਦੇ ਹੋ" ਤਾਂ ਭਾਈ ਗੁਰਦਾਸ ਜੀ ਦੇ ਸ਼ਬਦਾਂ ਵਿਚ ਬਾਬੇ ਦਾ ਉਤਰ "ਗੁਰ ਸੰਗਤ ਬਾਣੀ ਬਿਨਾਂ ਦੂਜੀ ਓਟ ਨਹੀ ਹੈ ਰਾਈ"। ਧਰਮ ਦੇ ਤਿੰਨਾਂ ਪਰੋਹਿਤਾਂ, ਬ੍ਰਾਹਮਣ, ਕਾਜ਼ੀ ਅਤੇ ਜੋਗੀ ਬਾਰੇ ਤਾਂ ਪਾਤਸ਼ਾਹ ਨੇ ਸਪਸ਼ਟ ਕਿਹਾ,

'ਕਾਦੀ ਕੂੜੁ ਬੋਲਿ ਮਲੁ ਖਾਇ
ਬ੍ਰਾਹਮਣੁ ਨਾਵੈ ਜੀਆ ਘਾਇ
ਜੋਗੀ ਜੁਗਤਿ ਨ ਜਾਣੈ ਅੰਧੁ
ਤੀਨੇ ਓਜਾੜੇ ਕਾ ਬੰਧੁ'

ਕੀਰਤ ਨੂੰ ਕਿਰਤ ਨਾਲ ਜੋੜਿਆ, ਕਿਰਤ ਵਿਰਤ ਕਰ ਧਰਮ ਦੀ ਹਥਹੁ ਦੇ ਕੇ ਭਲਾ ਮਨਾਵੇ ਨੂੰ ਧਰਮ ਮਾਰਗ ਦਰਸਾਇਆ ਤੇ ਜੀਵਨਧਾਰਾ ਹੀ ਬਦਲ ਦਿੱਤੀ। ਦਾਨ ਪਾਤਰ ਹੱਥ ਵਿੱਚ ਫੜ ਘਰ-ਘਰ ਮੰਗਣ ਵਾਲਿਆਂ ਨੂੰ ਅਸਲ ਧਰਮ, 'ਘਾਲਿ ਖਾਇ ਕਿਛੁ ਹਥਹੁ ਦੇਇ, ਨਾਨਕ ਰਾਹੁ ਪਛਾਣੈ ਸੇਇ' ਸਮਝਾਇਆ ਤੇ ਵੇਹਲੜ ਸਾਧਾਂ, ਢੋਂਗੀ ਡੇਰੇਦਾਰਾਂ ਅਤੇ ਪੀਰ ਫਕੀਰ ਦੱਸਣ ਵਾਲਿਆਂ ਤੋਂ ਜਨ ਸਾਧਾਰਣ ਨੂੰ ਸਾਵਧਾਨ ਕਰਦਿਆਂ ਫੁਰਮਾਇਆ:-

'ਗੁਰਪੀਰ ਸਦਾਏ ਮੰਗਣ ਜਾਏ
ਤਾ ਕੇ ਮੂਲ ਨਾ ਲਗੀਐ ਪਾਇ'

ਬਾਬਰ ਦੇ ਹਮਲੇ ਨੂੰ ਪਾਪ ਕੀ ਜੰਞ ਵੱਲੋਂ ਹੋਏ ਕੌਮੀ ਅਪਮਾਨ, ਜਲਾਲਤ ਅਤੇ ਗੁਲਾਮੀ ਦੇ ਕਾਰਨਾਂ ਦੀ ਵਿਵੇਚਨਾ ਕਰਦਿਆਂ ਸਤਿਗੁਰ ਜੀ ਇਸ ਸਦੀਵੀ ਸੱਚ ਦਾ ਨਿਤਾਰਾ ਕਰਦਿਆਂ ਫੁਰਮਾਇਆ 'ਧਨ ਜੋਬਨ ਦੁਇ ਵੈਰੀ ਹੋਏ ਜਿਨੀ ਰਖੇ ਰੰਗ ਲਾਇ'। ਦੂਤਾਂ ਨੂੰ ਫੁਰਮਾਇਆ ਲੈ ਚੱਲੇ ਪਤ ਗਵਾਇ'। ਇਸਤਰੀ ਨੂੰ ਪੈਰ ਦੀ ਜੁੱਤੀ ਕਹਿ ਕੇ ਮੰਦਾ ਕਹਿਣ ਵਾਲਿਆਂ ਨੂੰ ਨਕਾਰਿਆ ਤੇ ਫੁਰਮਾਇਆ:-

'ਸਭ ਪਰਵਾਰੈ ਮਾਹਿ ਸ੍ਰੇਸ਼ਟ
ਮਤੀ ਦੇਵੀ ਦੇਵਰ ਜੇਸ਼ਠ'।

ਜਦੋਂ ਹਿੰਦੋਸਤਾਨ ਵਿੱਚ ਇਹ ਪ੍ਰਚੱਲਤ ਸੀ ਕਿ ਦਿਲੀਸ਼ਵਰੋ, ਜਗਦੀਸ਼ਵਰੋ ਅਰਥਾਤ ਦਿੱਲੀ ਦਾ ਰਾਜਾ ਹੀ ਪਰਮਾਤਮਾ ਹੈ, ਜਦੋਂ ਸਾਰਾ ਯੂਰਪ ਕਹਿ ਰਿਹਾ ਸੀ ਕਿ (ਕਨਿਗ ਚਨ ਦੋ ਨੋ ਰੌਨਗ) ਰਾਜਾ ਕਦੇ ਗਲਤੀ ਨਹੀਂ ਕਰ ਸਕਦਾ। ਰਾਜਾ ਹੀ ਪਰਮਾਤਮਾ ਦਾ ਅਵਤਾਰ ਹੈ ਤੇ ਮਨੁੱਖੀ ਰਾਜ ਨੂੰ ਹੀ ਪਰਮਾਤਮਾ ਦਾ ਰਾਜ ਕਿਹਾ ਜਾਂਦਾ ਸੀ। ਪਰਜਾ 'ਤੇ ਜ਼ੁਲਮ ਕਰਨ ਵਾਲੇ ਸਮੇਂ ਦੇ ਰਾਜਿਆਂ ਨੂੰ ਗੁਰੂ ਨਾਨਕ ਸਾਹਿਬ ਨੇ 'ਰਾਜੇ ਪਾਪ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ' 'ਰਾਜੇ ਸ਼ੀਹ ਮੁਕੱਦਮ ਕੁੱਤੇ' ਤੀਕ ਕਹਿ ਕੇ ਸੰਬੋਧਨ ਕੀਤਾ ਲੇਕਿਨ ਨਾਲ ਹੀ ਲੋਕਾਂ 'ਤੇ ਰਾਜ ਕਰਨ ਵਾਲਿਆਂ ਦੀ ਸੋਚ ਅਤੇ ਵਰਤਾਰੇ ਬਾਰੇ ਸਪਸ਼ਟ ਕਰ ਦਿੱਤਾ 'ਰਾਜੇ ਚੁਲੀ ਨਿਆਉ ਕੀ' 'ਤਖ਼ਤੇ ਰਾਜਾ ਸੋ ਬਹੈ ਜੋ ਤਖ਼ਤੇ ਲਾਇਕ ਹੋਈ' ਕੋਈ ਗੁਣਵਾਨ ਤੇ ਪਰਜਾ ਦਾ ਭਲਾ ਚਾਹੁਣ ਵਾਲਾ ਹੀ ਰਾਜ ਕਰਨ ਦਾ ਅਧਿਕਾਰ ਰੱਖਦਾ ਹੈ। ਐਸਾ ਹੀ ਰਾਜ ਅੱਜ ਵਿਸ਼ਵ ਭਰ ਦੇ ਲੋਕ ਹਰ ਥਾਂ ਚਾਹੁੰਦੇ ਹਨ ਤੇ ਅਜਿਹਾ ਰਾਜ ਦੇਣ ਦੇ ਵਾਅਦੇ ਕਰਕੇ ਵੱਡੇ ਵੱਡੇ ਲੋਕ ਤੰਤਰ ਦੇਸ਼ਾਂ ਵਿੱਚ, ਰਾਜਸੀ ਪਾਰਟੀਆਂ ਪਰਜਾ ਪਾਸੋਂ ਵੋਟਾਂ ਜਾਂ ਹਮਾਇਤ ਮੰਗਦੀਆਂ ਹਨ।

ਯੂਰਪ ਵਿੱਚ ਹਮੇਸ਼ਾ ਹੀ ਧਰਮ ਅਤੇ ਵਿਗਿਆਨ

ਬਾਕੀ ਸਫ਼ਾ 32 'ਤੇ

## ਗੁਰੂ ਨਾਨਕ ਅਤੇ ਕਿਰਤ ਦਾ ਸੰਕਲਪ

**ਡਾ. ਰਣਜੀਤ ਸਿੰਘ**

ਯੁਗਪੁਰਸ਼ ਗੁਰੂ ਨਾਨਕ ਦੇਵ ਜੀ ਦਾ ਜਦੋਂ ਇਸ ਸੰਸਾਰ ਵਿਚ ਆਗਮਨ ਹੋਇਆ, ਉਦੋਂ ਸਮਾਜ ਜਾਤੀ ਬੰਧਨ ਵਿਚ ਬੁਰੀ ਤਰ੍ਹਾਂ ਜਕੜਿਆ ਹੋਇਆ ਸੀ। ਬਹੁਗਿਣਤੀ ਲੋਕੀ ਜਿਹੜੇ ਕਿਰਤੀ ਸਨ, ਉਨ੍ਹਾਂ ਨੂੰ ਕਮੀ, ਕਮੀਣ ਤੇ ਅਛੂਤ ਆਖ ਦੁਰਕਾਰਿਆ ਜਾਂਦਾ ਸੀ। ਇਸ ਵਰਗ ਨੂੰ ਉੱਚੀ ਕੁੱਲ ਦੇ ਲੋਕਾਂ ਦੀ ਸੇਵਾ ਕਰਨ ਦਾ ਹੁਕਮ ਸੁਣਾਇਆ ਜਾਂਦਾ ਸੀ। ਉਨ੍ਹਾਂ ਨਾਲ ਗੁਲਾਮਾਂ ਤੋਂ ਵੀ ਭੈੜਾ ਸਲੂਕ ਕੀਤਾ ਜਾਂਦਾ ਸੀ। ਇਥੋਂ ਤਕ ਕਿ ਉਨ੍ਹਾਂ ਦੀ ਦਸ਼ਾ ਡੰਗਰਾਂ ਤੋਂ ਵੀ ਭੈੜੀ ਹੋ ਗਈ ਸੀ। ਸਾਰਾ ਦਿਨ ਸਖ਼ਤ ਮਿਹਨਤ ਕਰਨ ਪਿਛੋਂ ਵੀ ਢਿਡ ਭਰਨ ਲਈ ਭਰਵੀਂ ਰੋਟੀ ਅਤੇ ਤਨ ਲਈ ਕਪੜਾ ਨਸੀਬ ਨਹੀਂ ਸੀ ਹੁੰਦਾ। ਗੁਰੂ ਸਾਹਿਬ ਨੇ ਇਨ੍ਹਾਂ ਦੱਬੇ ਕੁਚਲੇ ਜਾ ਰਹੇ ਲੋਕਾਂ ਦੀ ਬਾਂਹ ਫੜੀ ਤੇ ਖ਼ੁਦ ਉਨ੍ਹਾਂ ਦੇ ਨਾਲ ਖੜੇ ਹੋਏ। ਉਨ੍ਹਾਂ ਜ਼ਾਲਮ ਨੂੰ ਲਲਕਾਰਿਆ, ਧਾਰਮਿਕ ਆਗੂਆਂ ਨੂੰ ਫਿਟਕਾਰਿਆ ਅਤੇ ਦੱਬੇ ਕੁਚਲੇ ਲੋਕਾਂ ਨੂੰ ਆਪਣੇ ਹੱਕਾਂ ਦੀ ਰਾਖੀ ਲਈ ਜੂਝਣ ਵਾਸਤੇ ਵੰਗਾਰਿਆ।

ਜੇ ਜੀਵੈ ਪਤਿ ਲਥੀ ਜਾਇ ॥ ਸਭੁ ਹਰਾਮੁ ਜੇਤਾ ਕਿਛੁ ਖਾਇ ॥

(ਗੁਰੂ ਗ੍ਰੰਥ ਸਾਹਿਬ, ਅੰਗ 142)

ਗੁਰੂ ਨਾਨਕ ਸਾਹਿਬ ਨੇ ਸਮਾਜਿਕ ਨਾ ਬਰਾਬਰੀ ਵਿਰੁੱਧ ਅਤੇ ਮਨੁੱਖੀ ਹੱਕਾਂ ਦੀ ਰਾਖੀ ਲਈ ਸੰਘਰਸ਼ ਸ਼ੁਰੂ ਕੀਤਾ। ਉਨ੍ਹਾਂ 'ਸ਼ਬਦ' ਅਤੇ 'ਤਰਕ' ਨੂੰ ਆਪਣਾ ਹਥਿਆਰ ਬਣਾਇਆ। ਉਨ੍ਹਾਂ ਆਪਣੇ ਸਾਥੀ ਮਰਦਾਨੇ ਨੂੰ ਨਾਲ ਲੈ ਕੇ ਮੱਕਾ ਮਦੀਨਾ ਤੀਕ ਪੈਦਲ ਯਾਤਰਾ ਕੀਤੀ। ਉਨ੍ਹਾਂ ਸੱਚ ਅਤੇ ਸੱਚੇ ਸੁੱਚੇ ਜੀਵਨ ਨੂੰ ਮਨੁੱਖ ਦੀ ਸਭ ਤੋਂ ਵੱਡੀ ਸ਼ਕਤੀ ਅਤੇ ਸੁਖਾਵੇਂ ਜੀਵਨ ਦਾ ਅਧਾਰ ਮੰਨਿਆ। ਉਨ੍ਹਾਂ ਹਮੇਸ਼ਾਂ ਸੱਚ, ਗਰੀਬ ਤੇ ਨਿਮਾਣੇ ਦਾ ਸਾਥ ਦਿੱਤਾ। ਉਨ੍ਹਾਂ ਉਚਾਰਿਆ:

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ। (ਗੁਰੂ ਗ੍ਰੰਥ ਸਾਹਿਬ, ਅੰਗ 15)

ਉਨ੍ਹਾਂ ਨੇ ਆਮ ਲੋਕਾਂ ਲਈ ਗਿਆਨ ਦੇ ਬੂਹੇ ਖੋਲ੍ਹੇ। ਆਪਣੀ ਬਾਣੀ ਲੋਕਾਂ ਦੀ ਭਾਸ਼ਾ ਵਿਚ ਉਚਾਰੀ। ਹਰ ਥਾਂ ਨੀਚ ਆਖੇ ਜਾਂਦੇ ਲੋਕਾਂ ਦੇ ਘਰਾਂ ਵਿਚ ਨਿਵਾਸ ਕੀਤਾ ਤੇ ਲੋਕਾਂ ਨੂੰ ਉਨ੍ਹਾਂ ਦੇ ਹੱਕਾਂ ਤੋਂ ਜਾਣੂ ਕਰਵਾਇਆ। ਗੁਰੂ ਸਾਹਿਬ ਨੇ ਸੰਗਤ, ਪੰਗਤ ਤੇ ਲੰਗਰ ਦੀ ਪ੍ਰਥਾ ਤੋਰ ਕੇ ਸਭਨਾਂ ਨੂੰ ਇਕੋ ਥਾਂ ਬੈਠਣਾ ਸਿਖਾਇਆ। ਲੋਕਾਂ ਨੂੰ ਨਿਤਾਣੇ ਤੇ ਨਿਮਾਣੇ ਬੰਦ ਦਾ ਗੁਰ ਦੱਸਿਆ।

ਸੰਸਾਰ ਦੇ ਇਤਿਹਾਸ ਵਿਚ ਗੁਰੂ ਨਾਨਕ ਸਾਹਿਬ ਅਜਿਹੇ ਯੁਗ ਪੁਰਸ਼ ਹੋਏ ਹਨ, ਜਿਨ੍ਹਾਂ ਪਹਿਲੀ ਵਾਰ ਸਮਾਜਿਕ ਬਰਾਬਰੀ ਅਤੇ ਲੋਕ ਹੱਕਾਂ ਦੀ ਰਾਖੀ ਲਈ ਇਨਕਲਾਬੀ ਕਾਰਜ ਕੀਤਾ। ਗੁਰੂ ਸਾਹਿਬ ਨੇ ਲੋਕਾਈ ਨੂੰ ਵਹਿਮਾਂ, ਭਰਮਾਂ ਅਤੇ ਅੰਧ ਵਿਸ਼ਵਾਸਾਂ ਵਿਚੋਂ ਕੱਢ ਇਕ ਰੱਬ 'ਤੇ ਯਕੀਨ ਕਰਨਾ ਸਿਖਾਇਆ। ਉਨ੍ਹਾਂ ਸਮਝਾਇਆ ਕਿ ਜਨਮ ਤੋਂ ਕੋਈ ਵੀ ਚੰਗਾ ਜਾਂ ਮਾੜਾ ਨਹੀਂ ਹੁੰਦਾ। ਬੁਰੇ ਤਾਂ ਬੰਦੇ ਦੇ ਕਰਮ ਹੁੰਦੇ ਹਨ। ਉਨ੍ਹਾਂ ਨੇ ਲੋਕਾਂ ਦੇ ਮਨਾਂ ਵਿਚੋਂ ਤਾਕਤ ਦੇ ਡਰ ਨੂੰ ਦੂਰ ਕਰਕੇ ਸੱਚ ਤੇ ਹੱਕ ਦੀ ਲੜਾਈ ਲਈ ਤਿਆਰ ਕੀਤਾ। ਜਿਹੜਾ ਸੁੱਚੀ ਕਿਰਤ ਕਰਦਾ ਹੈ, ਉਸ ਨੂੰ ਵੰਡ ਕੇ ਛਕਦਾ ਹੈ, ਕਿਸੇ ਦਾ ਹੱਕ ਨਹੀਂ ਮਾਰਦਾ, ਉਹ ਹੀ ਉੱਚਾ ਹੈ। ਇਸ ਤਰ੍ਹਾਂ ਉਨ੍ਹਾਂ ਨੇ ਕੇਵਲ ਸਮਾਜਿਕ ਬਰਾਬਰੀ ਅਤੇ ਲੋਕ ਹੱਕਾਂ ਲਈ ਘੋਲ ਹੀ ਨਹੀਂ ਕੀਤਾ ਸਗੋਂ ਸੰਸਾਰ ਨੂੰ ਸਮਾਜਵਾਦ ਅਤੇ ਲੋਕਰਾਜ ਦੀ ਬਖਸ਼ਿਸ਼ ਕੀਤੀ। ਨਿਮਾਣੇ ਅਤੇ ਨਿਤਾਣੇ ਸਮਝੇ ਜਾਂਦੇ ਲੋਕਾਂ ਨੂੰ ਉਨ੍ਹਾਂ ਦੀ ਤਾਕਤ ਦੀ ਸੋਝੀ ਕਰਵਾ ਕੇ ਅਜਿਹੀ ਜੋਤ ਜਗਾਈ ਜਿਹੜੀ ਸਾਰੇ ਸੰਸਾਰ ਲਈ ਚਾਨਣ ਮੁਨਾਰਾ ਬਣੀ। ਗੁਰੂ ਸਾਹਿਬ ਨੇ ਆਪਣੇ ਸੰਦੇਸ਼ ਨੂੰ ਚਾਰੇ ਪਾਸੇ ਪਹੁੰਚਾ ਕੇ ਪਿਛਲੀ ਉਮਰੇ ਆਪਣਾ ਠਿਕਾਣਾ ਕਰਤਾਰਪੁਰ ਵਿਖੇ ਬਣਾਇਆ ਅਤੇ ਹੱਥੀਂ ਖੇਤੀ ਕਰਨੀ ਸ਼ੁਰੂ ਕੀਤੀ। ਇਸ ਖੇਤੀ ਵਿਚ ਸੰਗਤ ਵੀ ਹੱਥ ਵਟਾਉਂਦੀ ਸੀ ਅਤੇ ਉਪਜ ਗੁਰੂ ਕਾ ਲੰਗਰ ਚਲਾਉਂਦੀ ਸੀ।

ਗੁਰੂ ਜੀ ਵਲੋਂ ਕਿਰਸਾਣੀ ਨੂੰ ਸਤਿਕਾਰੇ ਜਾਣ ਸਦਕਾ ਹੀ ਪੰਜਾਬ ਵਿਚ ਖੇਤੀ ਨੂੰ ਸਭ ਤੋਂ ਉੱਤਮ ਧੰਦਾ ਮੰਨਿਆ ਗਿਆ ਹੈ। ਪੰਜਾਬੀ ਦਾ ਪ੍ਰਸਿੱਧ ਅਖਾਣ ਹੈ:

ਉੱਤਮ ਖੇਤੀ, ਮਧ ਵਪਾਰ। ਨਖਿੱਧ ਚਾਕਰੀ, ਭੀਖ ਨਦਾਰ।

ਗੁਰੂ ਜੀ ਨੇ ਸਿਰਫ ਖੇਤੀ ਹੀ ਨਹੀਂ ਸਗੋਂ ਹਰ ਕਿਰਤ ਦਾ ਸਤਿਕਾਰ ਕੀਤਾ ਅਤੇ ਕਿਰਤੀ ਨੂੰ ਗਲੇ ਲਗਾਇਆ। ਕਿਰਤ ਕਰਨ ਅਤੇ ਵੰਡ ਛਕਣ ਦੀ ਸਿੱਖੀ ਵਿਚ ਵਿਸ਼ੇਸ਼ ਮਹੱਤਤਾ ਹੈ। ਅਸਲ ਵਿਚ ਗੁਰੂ ਸਾਹਿਬ ਦੇ ਸਾਰੇ ਉਪਦੇਸ਼ ਦਾ ਆਧਾਰ ਹੀ ਕਿਰਤ ਹੈ। ਗੁਰੂ ਸਾਹਿਬ ਨੇ ਫਰਮਾਇਆ ਹੈ:

ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥

(ਗੁਰੂ ਗ੍ਰੰਥ ਸਾਹਿਬ, ਅੰਗ 1285)

ਗੁਰੂ ਸਾਹਿਬ ਨੇ ਕਿਰਤੀ ਦਾ ਸਿਰਫ ਸਤਿਕਾਰ ਹੀ ਨਹੀਂ ਕੀਤਾ ਸਗੋਂ ਉਸ ਨੂੰ ਮਹਾਨਤਾ ਬਖਸ਼ਿਸ਼ ਕੀਤੀ। ਸਿੱਖਾਂ ਨੂੰ ਬਰਾਬਰੀ ਦਾ ਸਬਕ ਸਿਖਾਇਆ। ਬਰਾਬਰ ਹੋਣ ਦੀ ਭਾਵਨਾ ਮਨੁੱਖ ਨੂੰ ਕਿਸੇ ਦੇ ਤਰਸ ਦਾ ਪਾਤਰ ਬਣਨ ਤੋਂ ਰੋਕਦੀ ਹੈ ਤੇ ਮਾਨਸਿਕ ਤੌਰ 'ਤੇ ਜ਼ਿੰਮੇਵਾਰ ਤੇ ਉੱਦਮੀ ਬਣਾਉਂਦੀ ਹੈ। ਲੋਕਾਂ ਦੇ ਚਿੰਤਨ ਨੂੰ ਹਾਂ ਮੁਖੀ ਤੇ ਜੀਵਨ ਪੱਖੀ ਬਣਾਉਣ ਵਿਚ ਗੁਰੂ ਸਾਹਿਬ ਦਾ ਵੱਡਾ ਯੋਗਦਾਨ ਹੈ। ਇਸ ਸਦੀ ਦੇ ਸ਼ੁਰੂ ਵਿਚ ਪੰਜਾਬੀ ਕਿਸਾਨਾਂ ਨੇ ਹੀ ਪੱਛਮੀ ਪੰਜਾਬ ਦੀਆਂ ਬਾਰਾਂ ਨੂੰ ਅਬਾਦ ਕੀਤਾ ਅਤੇ ਆਪਣੀ ਮਿਹਨਤ ਨਾਲ ਲਾਇਲਪੁਰ ਨੂੰ ਏਸ਼ੀਆ ਦਾ ਸਭ ਤੋਂ ਵੱਡੀ ਅਨਾਜ ਮੰਡੀ ਬਣਾ ਦਿੱਤਾ। ਆਜ਼ਾਦੀ ਪਿਛੋਂ ਉਹ ਆਪਣਾ ਸਭ ਕੁਝ ਲੁਟਾ ਕੇ ਪੱਛਮੀ ਪੰਜਾਬ ਤੋਂ ਆਏ ਸਨ। ਸਿਰ ਲੁਕਾਉਣ ਦੀ ਥਾਂ ਮਿਲਦਿਆਂ ਹੀ ਉਨ੍ਹਾਂ ਰੱਜ ਕੇ ਮਿਹਨਤ ਕੀਤੀ ਤੇ ਭੁੱਖ ਮਰੀ ਦੇ ਮਾਰੇ ਦੇਸ਼ ਨੂੰ ਅਨਾਜ ਵਿਚ ਵਾਧੂ ਬਣਾ ਦਿੱਤਾ। ਤਰਾਈ ਦੇ ਸੰਘਣੇ ਜੰਗਲਾਂ ਨੂੰ ਪੁੱਟ ਕੇ ਸੱਪਾਂ ਦੀਆਂ ਸਿਰੀਆਂ ਮਿੱਧ ਗੁਲਜ਼ਾਰ ਬਣਾਉਣ ਵਾਲੇ ਵੀ ਪੰਜਾਬੀ ਕਿਸਾਨ ਹੀ ਹਨ। ਹੁਣ ਪੰਜਾਬ ਦੇ ਵਾਰਸ ਕਿਰਤ ਤੋਂ ਮੁੱਖ ਮੋੜ ਰਹੇ ਹਨ। ਆਓ, ਗੁਰੂ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਵਰ੍ਹੇ ਨਵੀਂ ਪੀੜ੍ਹੀ ਨੂੰ ਕਿਰਤ ਨਾਲ ਜੋੜਨ ਦਾ ਯਤਨ ਕਰੀਏ, ਉਨ੍ਹਾਂ ਨੂੰ ਕਿਰਤ ਕਰਨ ਲਈ ਪ੍ਰੇਰੀਏ ਤੇ ਪੰਜਾਬ ਨੂੰ ਮੁੜ ਗੁਰੂ ਸਾਹਿਬ ਵੱਲੋਂ ਸਿਰਜੇ ਪੰਜਾਬ ਵਰਗਾ ਬਣਾਈਏ। ਕਿਰਤ ਸੱਭਿਆਚਾਰ ਪੰਜਾਬ ਦੀ ਸ਼ਾਨ ਹੈ। ਇਸ ਵਰ੍ਹੇ ਇਸ ਨੂੰ ਬਹਾਲ ਕਰੀਏ ਤਾਂ ਹੀ ਅਸੀਂ ਗੁਰੂ ਸਾਹਿਬ ਦੇ ਪ੍ਰਕਾਸ਼ ਪੁਰਬ ਨੂੰ ਸਹੀ ਅਰਥਾਂ ਵਿਚ ਮਨਾ ਸਕਾਂਗੇ।

# ਸਿਦਕ, ਹਲੀਮੀ ਅਤੇ ਰਜ਼ਾ ਦਾ ਸੋਮਾ ਮਾਤਾ ਸੁਲੱਖਣੀ

**ਕਮਲ ਕਾਹਲੋਂ**

ਇਸ ਵਕਤ ਸਮੁੱਚੇ ਸਿੱਖ ਜਗਤ ਦੀਆਂ ਨਜ਼ਰਾਂ ਸੁਲਤਾਨਪੁਰ 'ਤੇ ਕੇਂਦਰਿਤ ਹਨ। 550 ਸਾਲਾ ਸ਼ਤਾਬਦੀ ਦੇ ਅਵਸਰ 'ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਤਿਹਾਸਕ ਫਲਸਫ਼ੇ ਨੂੰ ਪ੍ਰਚਾਰਿਆ ਜਾ ਰਿਹਾ ਹੈ। ਗੁਰੂ ਸਾਹਿਬ ਦੇ ਜੀਵਨ ਇਤਿਹਾਸ ਦੇ ਪਾਤਰਾਂ ਵਿਚੋਂ ਜਗਤ ਮਾਤਾ, ਮਾਤਾ ਸੁਲੱਖਣੀ ਦੇਵੀ ਦਾ ਅਹਿਮ ਸਥਾਨ ਹੈ, ਜਿਸ ਨੇ ਪੂਰੀ ਹਯਾਤੀ ਵਿਚੋਂ ਲਗਪਗ 52 ਸਾਲ ਇਕ ਧਰਮ ਸੁਪਤਨੀ ਵਜੋਂ ਗੁਰੂ ਜੀ ਦੇ ਮਿਸ਼ਨ ਨੂੰ ਭੇਟ ਕੀਤੇ। ਇਸ ਮਹਾਨ ਦੇਵੀ ਦਾ ਜਨਮ ਮੂਲ ਚੰਦ ਪਟਵਾਰੀ ਦੇ ਗ੍ਰਹਿ ਵਿਖੇ ਮਾਤਾ ਚੰਦੋ ਦੇਵੀ ਦੀ ਕੁੱਖ ਤੋਂ ਅਕਤੂਬਰ, 1472 ਈ: ਨੂੰ ਹੋਇਆ।

ਕਿਸ਼ੋਰ ਅਵਸਥਾ ਨੂੰ ਪਾਰ ਕਰਦਿਆਂ ਹੀ ਜਦ ਸੁਲੱਖਣੀ ਨੇ ਜਵਾਨੀ ਦੀ ਦਹਿਲੀਜ਼ 'ਤੇ ਕਦਮ ਰੱਖਿਆ ਤਾਂ ਉਸ ਦੀ ਮੰਗਣੀ ਗੁਰੂ ਨਾਨਕ ਜੀ ਨਾਲ ਕਰ ਦਿੱਤੀ ਗਈ। ਵਿਚੋਲਗੀ ਦਾ ਸੁਭਾਗ ਹਜ਼ੂਰ ਦੇ ਜੀਜੇ ਜੈ ਰਾਮ ਉੱਪਲ ਖੱਤਰੀ ਨੂੰ ਨਸੀਬ ਹੋਇਆ। ਇਨ੍ਹੀਂ ਦਿਨੀਂ ਗੁਰੂ ਨਾਨਕ ਦੇਵ ਜੀ ਨਵਾਬ ਦੌਲਤ ਖਾਨ ਦੇ ਸ਼ਹਿਰ ਸੁਲਤਾਨਪੁਰ ਵਿਖੇ ਬਤੌਰ ਮੋਦੀ ਦੀ ਡਿਊਟੀ ਕਰਦਿਆਂ ਮੋਦੀਖਾਨਾ ਸੰਭਾਲ ਰਹੇ ਸਨ। ਉਨ੍ਹਾਂ ਦੀ ਰੂਹਾਨੀ ਸੋਭਾ ਦਾ ਜੱਸ ਚਾਰੇ ਪਾਸੇ ਤੇਜ਼ੀ ਨਾਲ ਹੋ ਰਿਹਾ ਸੀ। ਮੰਗਣੀ ਤੋਂ ਇਕ ਸਾਲ ਬਾਅਦ ਵਿਆਹ ਦੀ ਤਾਰੀਕ 12 ਸਤੰਬਰ, 1487 ਈ: ਨੂੰ ਮਿੱਥ ਕੇ ਤਿਆਰੀਆਂ ਆਰੰਭ ਹੋਈਆਂ। ਆਖਰ ਉਹ ਦਿਨ ਵੀ ਆਇਆ ਜਦੋਂ ਗੁਰੂ ਨਾਨਕ ਦੇਵ ਜੀ 18 ਸਾਲ ਦੇ ਗੱਭਰੂ ਦੇ ਰੂਪ ਵਿਚ ਲਾੜਾ ਬਣ ਕੇ ਬਾਰਾਤ ਲੈ ਕੇ ਬਟਾਲੇ ਆਣ ਢੁੱਕੇ। ਦੋਵੇਂ ਪਾਸੀਂ ਪਟਵਾਰੀ, ਕਾਨੂੰਗੋ ਅਤੇ ਵੱਡੇ-ਵੱਡੇ ਲੋਕ ਵਿਆਹ ਵਿਚ ਸ਼ਾਮਿਲ ਹੋਏ। ਬਟਾਲਾ ਸ਼ਹਿਰ ਵਿਆਹ ਦੇ ਰੰਗ ਵਿਚ ਰੰਗਿਆ ਗਿਆ। ਵਿਆਹ ਦੀਆਂ ਰਸਮਾਂ ਪ੍ਰਚੱਲਿਤ ਰੀਤੀ ਤੋਂ ਹਟ ਕੇ ਗੁਰਬਾਣੀ ਦੇ ਸ਼ਬਦ ਦੁਆਲੇ ਪੂਰਨ ਹੋਈਆਂ। ਗੁਰੂ ਜੀ ਦੇ ਵਿਆਹ ਦੀ ਨਿਸ਼ਾਨੀ ਵਜੋਂ ਅੱਜ ਵੀ ਬਟਾਲੇ ਦੀ ਧਰਤੀ ਉੱਤੇ ਗੁਰਦੁਆਰਾ ਡੇਹਰਾ ਸਾਹਿਬ ਅਤੇ ਗੁਰਦੁਆਰਾ ਕੰਧ ਸਾਹਿਬ ਸੁਸ਼ੋਭਿਤ ਹਨ, ਜਿਥੇ ਹਰ ਸਾਲ ਬੜੀ ਧੂਮਧਾਮ ਨਾਲ ਵਿਆਹ ਪੁਰਬ ਮਨਾਇਆ ਜਾਂਦਾ ਹੈ। ਮਾਪਿਆਂ ਦੇ ਵਿਹੜੇ ਇਕ ਮੁਟਿਆਰ ਦੇ ਰੂਪ ਵਿਚ ਕਲੋਲਾਂ ਕਰਨ ਵਾਲੀ ਸੁਲੱਖਣੀ ਹੁਣ ਪਟਵਾਰੀਆਂ ਦੀ ਨੂੰਹ ਬਣ ਕੇ ਸਿਫ਼ਤਾਂ ਬਟੋਰਨ ਲੱਗੀ। ਵੇਖਣ ਆਏ ਲੋਕ ਜਿੱਥੇ ਉਸ ਦੇ ਸੁਹੱਪਣ ਦੀ ਤਾਰੀਫ਼ ਕਰਦੇ, ਉਥੇ ਉਸ ਦੇ ਮੁਹੱਬਤ ਭਰੇ ਨੇਕ ਗੁਣਾਂ ਦੀ ਚਰਚਾ ਵੀ ਚਲਦੀ।

ਜਲਦੀ ਹੀ ਸੁਲੱਖਣੀ ਸੁਲਤਾਨਪੁਰ ਪਹੁੰਚ ਕੇ ਬੀਬੀ ਨਾਨਕੀ ਦੇ ਘਰ ਰਹਿਣ ਲੱਗ ਪਈ। ਦੋਵਾਂ ਦਾ ਪਿਆਰ ਸਕੀਆਂ ਭੈਣਾਂ ਵਾਂਗ ਪ੍ਰਵਾਨ ਚੜ੍ਹਿਆ। ਬੀਬੀ ਨਾਨਕੀ ਨੇ ਗੁਰੂ ਨਾਨਕ ਦੇਵ ਨੂੰ ਭਰਾ ਵਜੋਂ ਨਹੀਂ, ਸਗੋਂ ਦਰਵੇਸ਼ ਦੇ ਰੂਪ ਵਿਚ ਵੇਖਿਆ ਤੇ ਮੰਨਿਆ ਸੀ। ਉਸ ਨੇ ਸੁਲੱਖਣੀ ਨੂੰ ਵੀ ਗੁਰੂ ਸਾਹਿਬ ਦਾ ਦਿਲ ਜਿੱਤਣ ਲਈ ਉਨ੍ਹਾਂ ਦੀ ਰਜ਼ਾ ਵਿਚ ਰਹਿਣ ਦਾ ਢੰਗ ਸਿਖਾਇਆ।

ਸੁਲੱਖਣੀ ਵਾਸਤੇ ਇਹ ਸਮਾਂ ਦਿਲ ਦੀਆਂ ਸੱਧਰਾਂ ਪੁਰੀਆਂ ਕਰਨ ਦਾ ਸੀ ਤੇ ਹਰ ਤਰ੍ਹਾਂ ਸੰਤੁਸ਼ਟ ਜੀਵਨ ਜੀਅ ਰਹੀ ਸੀ। ਪ੍ਰਮੇਸ਼ਰ ਦੀ ਕਿਰਪਾ ਸਦਕਾ ਜੇਠੀ ਸੰਤਾਨ ਦੇ ਰੂਪ ਵਿਚ 1494 ਈ: ਨੂੰ ਬਾਬਾ ਸ੍ਰੀ ਚੰਦ ਦਾ ਜਨਮ ਹੋਇਆ। 2 ਕੁ ਸਾਲ ਬਾਅਦ ਛੋਟੇ ਪੁੱਤਰ ਬਾਬਾ ਲਖਮੀ ਦਾਸ ਜੀ ਪ੍ਰਗਟ ਹੋਏ। ਅਚਾਨਕ ਇਕ ਦਿਨ ਗੁਰੂ ਜੀ ਵੇਈਂ ਨਦੀ ਵਿਚ ਇਸ਼ਨਾਨ ਕਰਨ ਗਏ ਅਲੋਪ ਹੋ ਗਏ ਤੇ ਸੁਲੱਖਣੀ ਸੋਚਾਂ ਦੇ ਸਾਗਰ ਵਿਚ ਜਾ ਡੁੱਬੀ। ਹਰ ਪਾਸੇ ਹਾਹਾਕਾਰ ਮਚ ਗਈ। ਕੋਈ ਯਕੀਨ ਨਹੀਂ ਸੀ ਕਰ ਰਿਹਾ ਕਿ ਗੁਰੂ ਜੀ ਜ਼ਿੰਦਾ ਵਾਪਸ ਆਉਣਗੇ, ਪਰ ਤੀਸਰੇ ਦਿਨ ਗੁਰੂ ਜੀ 'ਨਾ ਕੋਈ ਹਿੰਦੂ, ਨਾ ਕੋਈ ਮੁਸਲਮਾਨ' ਦਾ ਨਾਅਰਾ ਗਜਾਉਂਦੇ ਆ ਪ੍ਰਗਟ ਹੋਏ। ਇਸ ਘਟਨਾ ਤੋਂ ਤੁਰੰਤ ਬਾਅਦ ਇਨਕਲਾਬੀ ਗੁਰੂ ਨੇ ਜਗਤ ਨੂੰ ਗੁਰ ਉਪਦੇਸ਼ ਵੰਡਣ ਹਿਤ ਉਦਾਸੀਆਂ ਦਾ ਫ਼ੈਸਲਾ ਲਿਆ। ਆਪਣੇ ਪਿਆਰੇ ਸਾਥੀ ਮਰਦਾਨਾ ਜੀ ਨੂੰ ਨਾਲ ਲੈ ਕੇ ਤੁਰਨ ਲੱਗੇ ਤਾਂ ਨਾਨਕੀ ਅਤੇ ਸੁਲੱਖਣੀ ਤਾਂ ਸਬਰ ਦੀ ਮੂਰਤ ਬਣ ਕੇ ਚੁੱਪ ਹੋ ਗਈਆਂ, ਪਰ ਬਟਾਲੇ ਤੋਂ ਗਈ ਮਾਤਾ ਚੰਦੋ ਰਾਣੀ ਨੇ ਕਈ ਕੌੜੀਆਂ, ਕੁਸੈਲੀਆਂ ਗੱਲਾਂ ਕਹਿ ਦਿੱਤੀਆਂ, ਪਰ ਗੁਰੂ ਜੀ ਆਪਣੇ ਅਕੀਦੇ 'ਤੇ ਅਟੱਲ ਰਹਿ ਕੇ ਸੁਲਤਾਨਪੁਰ ਤੋਂ ਰਵਾਨਾ ਹੋ ਗਏ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਥੋੜ੍ਹੇ-ਥੋੜ੍ਹੇ ਵਕਫ਼ੇ ਤੋਂ ਬਾਅਦ ਤਿੰਨ ਹੋਰ ਉਦਾਸੀਆਂ ਕੀਤੀਆਂ। ਪਿੱਛੋਂ ਸੁਲੱਖਣੀ ਨੇ ਆਪਣੇ ਦੋਵਾਂ ਬੱਚਿਆਂ ਬਾਬਾ ਲਖਮੀ ਦਾਸ ਤੇ ਸ੍ਰੀ ਚੰਦ ਦਾ ਪਾਲਣ-ਪੋਸ਼ਣ ਕੀਤਾ ਅਤੇ ਪੂਰੇ ਪਰਿਵਾਰ ਨੂੰ ਸੁਚੱਜੇ ਢੰਗ ਨਾਲ ਸੰਭਾਲਿਆ ਤੇ ਗੁਰੂ ਨਾਨਕ ਦੇਵ ਜੀ ਦੀ ਜੁਦਾਈ ਦਾ ਦਰਦ ਵੀ ਸਹਾਰਿਆ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਾਤਾ-ਪਿਤਾ ਸਮੇਤ ਪੂਰਾ ਪਰਿਵਾਰ ਆਖਰ ਕਰਤਾਰਪੁਰ ਸਾਹਿਬ ਵਿਖੇ ਹੀ ਇਕੱਠਾ ਹੋਇਆ, ਜਿਥੇ ਗੁਰੂ ਜੀ ਨੇ ਲਗਪਗ 18 ਸਾਲ ਪਰਿਵਾਰ ਨਾਲ ਬਿਤਾਏ।

1522 ਈ: ਦੇ ਲਗਪਗ ਮਹਿਤਾ ਕਲਿਆਣ ਚੰਦ ਅਤੇ ਮਾਤਾ ਤ੍ਰਿਪਤਾ ਜੀ ਦਾ ਦਿਹਾਂਤ ਹੋ ਗਿਆ। ਇਸ ਧਰਤੀ 'ਤੇ ਕਿਰਤ ਕਰਦਿਆਂ ਗੁਰੂ ਸਾਹਿਬ ਦਾ ਮਿਲਾਪ ਭਾਈ ਲਹਿਣਾ ਜੀ ਨਾਲ ਹੋਇਆ। ਲਹਿਣਾ ਜੀ ਨੇ ਦੇਵੀ ਪੂਜਾ ਛੱਡ ਕੇ ਗੁਰੂ ਜੀ ਨੂੰ ਕਾਮਿਲ ਮੁਰਸ਼ਦ ਮੰਨ ਕੇ ਕਰੜੀ ਘਾਲਣਾ ਘਾਲੀ ਅਤੇ ਹਜ਼ੂਰ ਦੀਆਂ ਨਜ਼ਰਾਂ ਵਿਚ ਪ੍ਰਵਾਨ ਚੜ੍ਹ ਗਏ। ਹੁਣ ਕਰਤਾਰਪੁਰ ਸਾਹਿਬ ਸਿੱਖ ਧਰਮ ਦਾ ਤੀਰਥ ਸੀ, ਜਿੱਥੇ ਸਵੇਰੇ ਜਪੁਜੀ ਅਤੇ ਸ਼ਾਮ ਨੂੰ ਸੋ ਦਰ ਦੀ ਧੁੰਨੀ ਗੂੰਜਦੀ ਸੀ।

1539 ਈ: ਨੂੰ ਸਤਿਗੁਰ ਜੀ ਨੇ ਆਪਣੀ ਸਾਰੀ ਬਾਣੀ ਅਤੇ ਵੱਖ-ਵੱਖ ਦੇਸ਼ਾਂ ਤੋਂ ਭਗਤਾਂ ਅਤੇ ਸੂਫ਼ੀ-ਫ਼ਕੀਰਾਂ ਦੀ ਇਕੱਠੀ ਕੀਤੀ ਰੱਬੀ ਰਚਨਾ ਭਾਈ ਲਹਿਣਾ ਜੀ ਦੇ ਹਵਾਲੇ ਕਰ ਦਿੱਤੀ। ਦੇਹ ਰੂਪੀ ਚੋਲਾ ਤਿਆਗਣ ਤੋਂ ਪਹਿਲਾਂ ਆਪਣੀ ਜਗ੍ਹਾ ਭਾਈ ਲਹਿਣਾ ਜੀ ਨੂੰ ਬਿਠਾ ਕੇ ਗੁਰੂ ਅੰਗਦ ਦਾ ਰੂਪ ਦੇ ਕੇ ਰੱਬੀ ਜੋਤ ਉਨ੍ਹਾਂ ਦੇ ਹਿਰਦੇ ਵਿਚ ਟਿਕਾ ਕੇ ਦੂਸਰੇ ਗੁਰੂ ਥਾਪ ਦਿੱਤਾ। ਆਖਰ ਇਕ ਦਿਨ ਗੁਰੂ ਜੀ ਸਭਨਾਂ ਨੂੰ ਉਪਦੇਸ਼ ਦੇ ਕੇ ਆਪਣੇ ਤਨ 'ਤੇ ਚਾਦਰ ਲੈ ਕੇ ਲੇਟ ਗਏ ਤੇ ਫਿਰ ਉੱਠੇ ਨਾ। ਚਾਦਰ ਚੁੱਕ ਕੇ ਵੇਖਿਆ ਤਾਂ ਹੇਠਾਂ ਕੇਵਲ ਫੁੱਲ ਹੀ ਨਜ਼ਰ ਆਏ। ਸੁਲੱਖਣੀ ਦਾ ਸੰਸਾਰ ਸੁੰਨਾ ਹੋ ਗਿਆ, ਉਹ ਧਰਮਸਾਲਾ ਬੈਠਦੀ, ਪਰ ਮਨ ਨਾ ਟਿਕਦਾ। ਦਿਨ-ਰਾਤ ਵੈਰਾਗ ਦਾ ਨੀਰ ਨੈਣਾਂ 'ਚੋਂ ਵਗਦਾ ਰਹਿੰਦਾ। ਗੁਰੂ ਜੀ ਤੋਂ 15 ਦਿਨ ਬਾਅਦ ਮਾਤਾ ਸੁਲੱਖਣੀ ਵੀ ਸਰੀਰ ਤਿਆਗ ਕੇ ਆਪਣੇ ਮਾਲਕ ਦੇ ਵਤਨ ਜਾ ਵੱਸੀ। ਇਸ ਤਰ੍ਹਾਂ ਸਿਦਕ, ਹਲੀਮੀ, ਰਜ਼ਾ ਦੀ ਮੂਰਤ ਬਣ ਕੇ ਗੁਰੂ ਜੀ ਦੀ ਧਰਮ ਸੁਪਤਨੀ ਵਜੋਂ ਯਾਦਗਾਰੀ ਪੈੜਾਂ ਸਿਰਜ ਕੇ ਸੁਲੱਖਣੀ ਸਦਾ ਲਈ ਅਮਰ ਹੋ ਗਈ।

# ਹਰਿਮੰਦਰ ਸਾਹਿਬ 'ਚ ਬੰਦੀ ਛੋੜ ਦਿਵਸ ਦੌਰਾਨ ਸੰਗਤਾਂ ਵਹੀਰਾਂ ਘੱਤ ਕੇ ਪਹੁੰਚੀਆਂ

## *ਜਥੇਦਾਰ ਧਿਆਨ ਸਿੰਘ ਮੰਡ ਨੂੰ ਨਹੀਂ ਹੋਣ ਦਿੱਤਾ ਗਿਆ ਦਰਬਾਰ ਸਾਹਿਬ ਕੰਪਲੈਕਸ ਵਿਚ ਦਾਖ਼ਲ*

**ਅੰਮ੍ਰਿਤਸਰ : ਏ.ਟੀ.ਨਿਊਜ਼ :** ਹਰਿਮੰਦਰ ਸਾਹਿਬ ਵਿਖੇ ਬੰਦੀ ਛੋੜ ਦਿਵਸ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਸਬੰਧ ਵਿੱਚ ਬੀਤੇ ਤਿੰਨ ਦਿਨ ਤੋਂ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਧਾਰਮਿਕ ਦੀਵਾਨ ਸਜਾਏ ਗਏ, ਜਿਸ ਵਿੱਚ ਰਾਗੀ, ਢਾਡੀ ਜਥਿਆਂ ਤੇ ਪ੍ਰਚਾਰਕਾਂ ਨੇ ਸੰਗਤ ਨੂੰ ਗੁਰੂ-ਜਸ ਨਾਲ ਜੋੜਿਆ। ਇਸ ਤੋਂ ਇਲਾਵਾ ਬੰਦੀ ਛੋੜ ਦਿਵਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਾਂ ਹੇਠ ਦਰਬਾਰ ਸਾਹਿਬ ਵਿਖੇ ਆਤਿਸ਼ਬਾਜ਼ੀ ਚਲਾ ਕੇ ਆਲਾ-ਦੁਆਲਾ ਮਲੀਨ ਕੀਤਾ। ਇਸ ਮੌਕੇ ਸੰਗਤਾਂ ਨੇ ਲੱਖਾਂ ਦੀ ਗਿਣਤੀ ਵਿਚ ਹਰਿਮੰਦਰ ਸਾਹਿਬ, ਅਕਾਲ ਤਖ਼ਤ ਸਾਹਿਬ ਅਤੇ ਇੱਥੇ ਸਥਿਤ ਹੋਰ ਅਸਥਾਨਾਂ ਵਿਖੇ ਨਤਮਸਤਕ ਹੋ ਕੇ ਸ਼ਰਧਾ ਪ੍ਰਗਟਾਈ ਗਈ। ਬੰਦੀ ਛੋੜ ਦਿਵਸ (ਦੀਵਾਲੀ) ਮੌਕੇ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਉਢੀ ਤੋਂ ਸਿੱਖ ਕੌਮ ਦੇ ਨਾਂ ਸੰਦੇਸ਼ ਜਾਰੀ ਕੀਤਾ। ਉਨ੍ਹਾਂ ਨੇ ਸਿੱਖ ਕੌਮ ਨੂੰ ਬੇਲੋੜੇ ਟਕਰਾਅ ਛੱਡ ਕੇ ਇਕਜੁੱਟਤਾ ਨਾਲ ਸਿੱਖੀ ਦੇ ਦੁਸ਼ਮਣਾਂ ਦਾ ਮੁਕਾਬਲਾ ਕਰਨ ਦਾ ਸੱਦਾ ਦਿੱਤਾ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਸੰਗਤ ਨੂੰ ਬੰਦੀ ਛੋੜ ਦਿਵਸ ਦੀ ਵਧਾਈ ਦਿੱਤੀ। ਇਸ ਮੌਕੇ ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਰਘਬੀਰ ਸਿੰਘ, ਤਖ਼ਤ ਪਟਨਾ ਸਾਹਿਬ ਦੇ ਜਥੇਦਾਰ ਰਣਜੀਤ ਸਿੰਘ ਗੌਹਰ, ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਧੁੰਮਾ, ਨਿਹੰਗ ਜਥੇਬੰਦੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ, ਤਰਨਾ ਦਲ ਦੇ ਮੁਖੀ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਮੌਜੂਦ ਸਨ।



ਸ਼੍ਰੋਮਣੀ ਕਮੇਟੀ ਅਤੇ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਦੇ ਸਮਰਥਕਾਂ ਵਿਚਾਲੇ ਆਪਸੀ ਟਕਰਾਅ ਦੀ ਸੰਭਾਵਨਾ ਨੂੰ ਦੇਖਦਿਆਂ ਮੌਕੇ 'ਤੇ ਤਾਇਨਾਤ ਪੁਲੀਸ ਨੇ ਮੁਤਵਾਜ਼ੀ ਜਥੇਦਾਰ ਤੇ ਉਸ ਦੇ ਸਮਰਥਕਾਂ ਨੂੰ ਹਰਿਮੰਦਰ ਸਾਹਿਬ ਦੇ ਬਾਹਰ ਹੀ ਰੋਕ ਲਿਆ। ਸ਼ਾਮ ਨੂੰ ਜਿਵੇਂ ਹੀ ਭਾਈ ਮੰਡ ਸਮੇਤ ਜਰਨੈਲ ਸਿੰਘ ਸਖੀਰਾ, ਭਾਈ ਮੋਹਕਮ ਸਿੰਘ, ਸਤਨਾਮ ਸਿੰਘ ਮਨਾਵਾ ਤੇ ਉਨ੍ਹਾਂ ਦੇ ਹੋਰ ਸਾਥੀ ਹਰਿਮੰਦਰ ਸਾਹਿਬ ਪਲਾਜ਼ਾ ਕੋਲ ਪੁੱਜੇ ਤਾਂ ਪੁਲੀਸ ਨੇ ਉਨ੍ਹਾਂ ਨੂੰ ਘੇਰੇ ਵਿਚ ਲੈ ਲਿਆ। ਇਸ ਮਗਰੋਂ ਭਾਈ ਮੰਡ ਨੇ ਹਰਿਮੰਦਰ ਸਾਹਿਬ ਦੇ ਬਾਹਰੋਂ ਸਿੱਖ ਕੌਮ ਦੇ ਨਾਂ ਸੰਦੇਸ਼ ਜਾਰੀ ਕਰਦਿਆਂ ਕਿਹਾ ਕਿ ਗੁਰਬਾਣੀ ਦੇ ਪ੍ਰਕਾਸ਼ ਨੂੰ ਆਪਣੇ ਅੰਦਰ ਤੋਂ ਲੈ ਕੇ ਬਾਹਰੀ ਦੁਨੀਆਂ ਤਕ ਪ੍ਰਚਾਰ ਪ੍ਰਸਾਰ ਕਰਨ ਲਈ ਯਤਨ ਕਰਨੇ ਚਾਹੀਦੇ ਹਨ।

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ: ਸਥਾਪਤੀ ਤੇ ਸਥਿਤੀ

**ਰੂਪ ਸਿੰਘ (ਡਾ.)**

ਸਿੱਖ ਰਾਜ ਦੇ ਸੂਰਜ ਛਿਪਣ ਨਾਲ ਗੁਰਦੁਆਰਾ ਪ੍ਰਬੰਧ ਵਿੱਚ ਵੀ ਗਿਰਾਵਟ ਆਰੰਭ ਹੋ ਗਈ। ਅੰਗਰੇਜ਼ਾਂ ਨੇ ਸਭ ਤੋਂ ਪਹਿਲਾਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦਾ ਮੁੱਖ ਪ੍ਰਬੰਧਕ-ਸਰਬਰਾਹ, ਡਿਪਟੀ ਕਮਿਸ਼ਨਰ ਅੰਮ੍ਰਿਤਸਰ ਰਾਹੀਂ ਨਿਯੁਕਤ ਕੀਤਾ। ਗੁਰਦੁਆਰਾ ਪ੍ਰਬੰਧ ਦੀ ਇਸਾਈ ਮਤ ਦੇ ਸਿੱਖੀ ਅਸੂਲਾਂ ਵਿਰੁੱਧ ਵਰਤੋਂ ਅੰਗਰੇਜ਼ ਰਾਜ ਕਾਲ ਸਮੇਂ ਹੋਈ। ਸਹਿਜੇ-ਸਹਿਜੇ ਸ਼ਰਧਾਲੂ ਸਿੱਖ, ਨਾਕਸ ਗੁਰਦੁਆਰਾ ਪ੍ਰਬੰਧ ਕਾਰਨ ਗੁਰੂ ਘਰਾਂ ਤੋਂ ਟੁੱਟਣੇ ਸ਼ੁਰੂ ਹੋ ਗਏ। ਅੰਗਰੇਜ਼ ਰਾਜ ਸਮੇਂ ਹੀ ਗੁਰਦੁਆਰਿਆਂ ਦੇ ਧਾਰਮਿਕ ਮੁਖੀ ਮਹੰਤ, ਪੁਜਾਰੀ ਥਾਪਣ ਦੀ ਪਿਰਤ ਪਈ। ਇਸ ਨਾਲ ਗੁਰਦੁਆਰਾ ਪ੍ਰਬੰਧ ਸੰਗਤੀ ਪ੍ਰਬੰਧ ਦੀ ਥਾਂ ਵਿਅਕਤੀ ਵਿਸ਼ੇਸ਼ਾਂ ਦੇ ਪ੍ਰਬੰਧ ਅਧੀਨ ਆਉਣਾ ਸ਼ੁਰੂ ਹੋ ਗਿਆ। ਮਹੰਤ-ਪੁਜਾਰੀ ਦੀ ਮੌਤ ਪਿੱਛੋਂ ਉਸਦਾ ਉੱਤਰਾਧਿਕਾਰੀ ਵਿਅਕਤੀ ਵਿਸ਼ੇਸ਼ ਪ੍ਰਬੰਧਕ ਬਣ ਜਾਂਦਾ, ਭਾਵੇਂ ਉਹ ਗੁਰਮਤਿ ਦਾ ਧਾਰਨੀ ਹੋਵੇ ਜਾਂ ਨਾ। ਗੁਰੂ-ਘਰ ਦੇ ਪ੍ਰਬੰਧਕ ਚੜ੍ਹਤ-ਚੜ੍ਹਾਵੇ ਤੇ ਜਾਇਦਾਦਾਂ ਦੇ ਪ੍ਰਬੰਧਕ ਬਣ ਗਏ। ਗੁਰੂ ਘਰਾਂ ਦੇ ਨਿਵਾਸ ਅਸਥਾਨ ਐਸ਼ੋ-ਆਰਾਮ ਦੇ ਅੱਡੇ ਬਣ ਗਏ। ਸੰਸਾਰ ਦੇ ਸਾਰੇ ਕੁਕਰਮ ਇਨ੍ਹਾਂ ਧਰਮ ਮੰਦਰਾਂ 'ਚ ਮਹੰਤਾਂ-ਪੁਜਾਰੀਆਂ ਤੇ ਸਰਬਰਾਹਾਂ ਦੀ ਸਰਪਰਸਤੀ ਹੇਠ ਹੋਏ। ਇਨ੍ਹਾਂ ਗ਼ੈਰ-ਇਖ਼ਲਾਕੀ ਕੁਕਰਮਾਂ ਨੂੰ ਠੱਲ੍ਹ ਪਾਉਣ ਲਈ ਚੇਤਨ ਗੁਰਸਿੱਖਾਂ ਨੇ ਸਿੱਖ ਸ਼ਕਤੀ ਤੇ ਸਮਰੱਥਾ ਨੂੰ ਇਕੱਤਰਿਤ ਕਰਨ ਲਈ ਜਥੇਬੰਦਕ ਰੂਪ ਧਾਰਨਾ ਸ਼ੁਰੂ ਕੀਤਾ। ਸਿੰਘ ਸਭਾ ਲਹਿਰ, ਚੀਫ਼ ਖ਼ਾਲਸਾ ਦੀਵਾਨ ਸਥਾਪਿਤ ਹੋਏ, ਜਿਨ੍ਹਾਂ ਦੁਰਮਤਿ ਤੇ ਅਗਿਆਨਤਾ ਨੂੰ ਦੂਰ ਕਰਨ ਦਾ ਬੀੜਾ ਚੁੱਕਿਆ।

ਗੁਰਮਤਿ ਅਨੁਸਾਰ ਕਿਸੇ ਕਿਸਮ ਦਾ ਵਿਤਕਰਾ-ਵਖਰੇਵਾਂ ਕਿਸੇ ਵੀ ਜਾਤ, ਧਰਮ, ਨਸਲ, ਵਿਤਕਰੇ ਆਦਿ ਨੂੰ ਮੰਨ ਕੇ ਨਹੀਂ ਕੀਤਾ ਜਾਂਦਾ ਪਰ ਮਹੰਤਾਂ ਪੁਜਾਰੀਆਂ ਦੇ ਸਮੇਂ ਗੁਰਦੁਆਰਿਆਂ ਵਿੱਚ ਅਖੌਤੀ ਨੀਵੀਂ ਜਾਤ ਦੇ ਲੋਕਾਂ ਨੂੰ ਆਉਣ ਦੀ ਮਨਾਹੀ ਸੀ। 12 ਅਕਤੂਬਰ, 1920 ਨੂੰ ਖ਼ਾਲਸਾ ਬਰਾਦਰੀ ਦਾ ਸਾਲਾਨਾ ਦੀਵਾਨ ਅੰਮ੍ਰਿਤਸਰ ਵਿੱਚ ਹੋਇਆ, ਜਿਸ ਵਿੱਚ ਅਖੌਤੀ ਨੀਵੀਂ ਜਾਤ ਨਾਲ ਸਬੰਧਿਤ ਸਿੱਖ ਅੰਮ੍ਰਿਤ ਦੀ ਪਾਹੁਲ ਪ੍ਰਾਪਤ ਕਰ, ਨਾਨਕ ਨਿਰਮਲ ਪੰਥ ਦੇ ਮੈਂਬਰ ਬਣੇ। ਨਵੇਂ ਸਜੇ ਸਿੰਘ ਜਦੋਂ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਵਾਸਤੇ ਆਏ ਤਾਂ ਪੁਜਾਰੀ ਨੱਕ-ਮੂੰਹ ਵੱਟਣ ਲੱਗੇ। ਥੋੜ੍ਹੀ ਨੋਕ-ਝੋਕ ਮਗਰੋਂ ਪੁਜਾਰੀ ਅਰਦਾਸ ਕਰਨ ਤੇ ਹੁਕਮਨਾਮਾ ਲੈਣ ਲਈ ਸਹਿਮਤ ਹੋ ਗਏ।

ਜਦ ਇਨ੍ਹਾਂ ਸਿੰਘਾਂ ਦਾ ਜਥਾ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਬੇਨਤੀ ਲਈ ਹਾਜ਼ਰ ਹੋਇਆ ਤਾਂ ਅਕਾਲ ਤਖ਼ਤ ਦੇ ਪੁਜਾਰੀ ਹਰਨ ਹੋ ਗਏ। ਸਿੰਘਾਂ ਨੇ ਫ਼ੈਸਲਾ ਕੀਤਾ ਕਿ ਗੁਰੂ ਦਾ ਤਖ਼ਤ ਸੁੰਞਾ ਨਹੀਂ ਰਹਿਣਾ ਚਾਹੀਦਾ ਤੇ ਸੇਵਾ-ਸੰਭਾਲ ਵਾਸਤੇ 25 ਸਿੰਘਾਂ ਦਾ ਜਥਾ ਨਿਯਤ ਕਰ ਦਿੱਤਾ। ਦੂਜੇ ਪਾਸੇ ਜ਼ਿਲ੍ਹੇ ਦੇ ਪ੍ਰਸ਼ਾਸਨਿਕ ਅਧਿਕਾਰੀ ਨੇ ਹਾਲਤਾਂ ਨੂੰ ਦੇਖਦਿਆਂ ਨੌਂ ਮੈਂਬਰੀ ਕਮੇਟੀ ਦਾ ਗਠਨ ਕਰ ਦਿੱਤਾ। ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦੇ ਹਾਮੀ ਤੇ ਹਮਾਇਤੀਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਦੇਸ਼ ਜਾਰੀ ਕਰਵਾ ਕੇ 15 ਨਵੰਬਰ, 1920 ਨੂੰ ਸਿੱਖਾਂ ਦਾ ਪ੍ਰਤੀਨਿਧ ਇਕੱਠ ਬੁਲਾਇਆ। ਇਸ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਥਾਪਿਤ ਹੋਈ। ਪ੍ਰਤੀਨਿਧ ਇਕੱਠ ਵਿੱਚ 175 ਮੈਂਬਰਾਂ ਦੀ ਕਮੇਟੀ ਬਣਾਈ ਗਈ, ਜਿਸ ਦਾ ਨਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਰੱਖਿਆ ਗਿਆ। ਸਰਦਾਰ ਸੁੰਦਰ ਸਿੰਘ ਮਜੀਠੀਆ ਨੂੰ ਪਹਿਲਾ ਪ੍ਰਧਾਨ ਥਾਪਿਆ ਗਿਆ। ਭਾਈ ਜੋਧ ਸਿੰਘ ਨੇ ਭੁੱਲਾਂ ਬਖ਼ਸ਼ਾਉਣ ਵਾਲੇ ਸਿੱਖਾਂ ਦਾ ਜ਼ਿਕਰ ਕੀਤਾ। ਪ੍ਰਤੀਨਿਧ ਇਕੱਠ ਦੀ ਸੁਧਾਈ ਵਾਸਤੇ ਗੁਰਮਤਿ ਮਰਯਾਦਾ ਅਨੁਸਾਰ ਪੰਜ ਪਿਆਰਿਆਂ ਦੀ ਚੋਣ ਕੀਤੀ ਗਈ। ਇਸ ਕਮੇਟੀ ਦੀ ਪਲੇਠੀ ਮੀਟਿੰਗ 12 ਦਸੰਬਰ, 1920 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਈ। ਸਭ ਤੋਂ ਪਹਿਲਾਂ ਪੰਜ ਪਿਆਰੇ ਚੁਣੇ ਗਏ, ਜਿਨ੍ਹਾਂ ਨੇ ਮੈਂਬਰਾਂ ਦੀ ਸੋਧ ਕੀਤੀ ਤੇ ਅਹੁਦੇਦਾਰਾਂ ਦੀ ਚੋਣ ਕੀਤੀ। ਪਹਿਲੀ ਇਕੱਤਰਤਾ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵਿਧਾਨ ਬਣਾਉਣ ਲਈ ਸਬ-ਕਮੇਟੀ ਬਣਾਈ ਗਈ। 30 ਅਪਰੈਲ, 1921 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੀ ਰਜਿਸਟਰੇਸ਼ਨ ਕਰਵਾਈ ਗਈ। ਕਮੇਟੀ ਵੱਲੋਂ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਦਾ ਪ੍ਰਬੰਧ ਲੈਣ ਲਈ ਮਹੰਤਾਂ ਨਾਲ ਗੱਲਬਾਤ ਚੱਲ ਰਹੀ ਸੀ ਤਾਂ ਪੁਜਾਰੀਆਂ ਨੇ ਗੋਲੀ ਚਲਾ ਦਿੱਤੀ, ਜਿਸ ਵਿੱਚ ਭਾਈ ਹਜ਼ਾਰਾ ਸਿੰਘ ਸ਼ਹੀਦ ਹੋ ਗਏ। 20 ਫਰਵਰੀ, 1921 ਨੂੰ ਨਨਕਾਣਾ ਸਾਹਿਬ ਦਾ ਸਾਕਾ ਵਾਪਰ ਗਿਆ, ਜਿਸ ਵਿੱਚ ਅਨੇਕਾਂ ਸਿੰਘ, ਮਹੰਤ ਨਰੈਣ ਦਾਸ ਦੇ ਗੁੰਡਿਆਂ ਦੀਆਂ ਗੋਲੀਆਂ, ਗੰਡਾਸੀਆਂ, ਛਵੀਆਂ ਤੇ ਡਾਂਗਾਂ ਦੇ ਸ਼ਿਕਾਰ ਹੋਏ। ਕੁਝ ਸਿੱਖਾਂ ਨੂੰ ਮਹੰਤ ਦੇ ਆਦਮੀਆਂ ਨੇ ਜੰਡ ਦੇ ਦਰੱਖ਼ਤ ਨਾਲ ਬੰਨ੍ਹ ਕੇ ਜੀਉਂਦੇ ਸਾੜ ਦਿੱਤਾ। ਇਸ ਪਿਛੋਂ 21 ਫਰਵਰੀ, 1921 ਨੂੰ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਆਇਆ।

ਗੁਰਸਿੱਖਾਂ ਨੇ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਸਮੇਂ, ਅੰਗਰੇਜ਼ ਸਾਮਰਾਜ ਤੇ ਭ੍ਰਿਸ਼ਟ ਮਹੰਤਾਂ-ਪੁਜਾਰੀਆਂ ਖ਼ਿਲਾਫ਼ ਲੰਮੀ ਲੜਾਈ ਲੜਦਿਆਂ ਅਨੇਕਾਂ ਕੁਰਬਾਨੀਆਂ ਤੇ ਤਸੀਹੇ ਝੱਲ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਕੀਤੀ। ਅਖ਼ੀਰ ਅੰਗਰੇਜ਼ ਸਾਮਰਾਜ ਨੂੰ ਸੰਗਠਿਤ ਸਿੱਖ ਸ਼ਕਤੀ ਅੱਗੇ ਗੋਡੇ ਟੇਕਣੇ ਪਏ। 1925 ਵਿੱਚ ਸਿੱਖ ਗੁਰਦੁਆਰਾ ਕਾਨੂੰਨ ਬਣ ਜਾਣ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵਿਸ਼ਵ ਦੀ ਪਹਿਲੀ ਲੋਕਤੰਤਰੀ ਢੰਗ ਦੁਆਰਾ ਧਾਰਮਿਕ ਅਸਥਾਨਾਂ ਦਾ ਪ੍ਰਬੰਧ ਕਰਨ ਵਾਲੀ ਸ਼੍ਰੋਮਣੀ ਸੰਸਥਾ ਬਣੀ।

ਅਕਾਲ ਦੇ ਪੁਜਾਰੀ ਗੁਰਸਿੱਖ 'ਅਕਾਲੀ' ਸਦਵਾਏ, ਜਿਨ੍ਹਾਂ ਨੇ ਗੁਰਧਾਮਾਂ, ਗੁਰਦੁਆਰਿਆਂ ਦੀ ਅਜ਼ਮਤ ਵਾਸਤੇ ਅੰਗਰੇਜ਼ ਸਰਕਾਰ ਵਿਰੁੱਧ ਸੰਘਰਸ਼ ਲੜਿਆ ਤੇ ਸਫ਼ਲਤਾ ਹਾਸਲ ਕੀਤੀ। ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਨੂੰ ਸਫ਼ਲ ਕਰਨ ਲਈ ਇਨ੍ਹਾਂ ਮਰਜੀਵੜਿਆਂ ਉੱਤੇ ਆਧਾਰਿਤ 14 ਦਸੰਬਰ, 1920 ਨੂੰ 'ਸ਼੍ਰੋਮਣੀ ਅਕਾਲੀ ਦਲ' ਹੋਂਦ ਵਿੱਚ ਆਇਆ। ਅਕਾਲੀ ਲਹਿਰ ਨੇ ਗੁਰਦੁਆਰਾ ਚੋਣਾਂ ਵਿੱਚ ਪਹਿਲੀ ਵਾਰ ਸਿੱਖ ਬੀਬੀਆਂ ਨੂੰ ਵੋਟ ਦਾ ਅਧਿਕਾਰ ਦਿਵਾਇਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਨੂੰ ਸਿੱਖਾਂ ਦੀ ਸ਼੍ਰੋਮਣੀ ਸੰਸਥਾ ਹੋਣ ਦਾ ਮਾਣ ਹਾਸਲ ਹੈ। ਇਹ ਸਿਰਫ਼ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਹੀ ਨਹੀਂ ਕਰਦੀ, ਸਗੋਂ ਇਸ ਦਾ ਕਾਰਜ ਖੇਤਰ ਬਹੁਤ ਵਿਸ਼ਾਲ ਹੈ। ਸ਼੍ਰੋਮਣੀ ਕਮੇਟੀ ਵੱਲੋਂ ਆਪਣੇ ਕਾਰਜ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸੈਕਸ਼ਨ 85, ਸੈਕਸ਼ਨ 87, ਧਰਮ ਪ੍ਰਚਾਰ ਕਮੇਟੀ, ਸਿੱਖ ਇਤਿਹਾਸ ਰਿਸਰਚ ਬੋਰਡ, ਐਜੂਕੇਸ਼ਨ ਕਮੇਟੀ, ਟਰੱਸਟ ਵਿਭਾਗ ਆਦਿ ਵਿੰਗ ਅਤੇ ਵਿਭਾਗ ਹਨ। ਲੋਕ ਕਲਿਆਣਕਾਰੀ ਕਾਰਜਾਂ ਵਜੋਂ ਕਮੇਟੀ ਪਿੰਗਲਵਾੜਾ ਭਗਤ ਪੂਰਨ ਸਿੰਘ, ਯਤੀਮਖਾਨਾ, ਬਿਰਧ ਘਰ ਆਦਿ ਨੂੰ ਸਾਲਾਨਾ ਸਹਾਇਤਾ ਦਿੰਦੀ ਹੈ। ਇਸ ਤੋਂ ਇਲਾਵਾ ਹੜ੍ਹ, ਭੂਚਾਲ, ਸੁਨਾਮੀ, ਸਿੱਖ ਕਤਲੇਆਮ ਦੇ ਪੀੜਤਾਂ, ਜੋਧਪੁਰ ਦੇ ਕੈਦੀਆਂ, ਧਰਮੀ ਫ਼ੌਜੀਆਂ ਦੀ ਮਦਦ ਵੀ ਸ਼੍ਰੋਮਣੀ ਕਮੇਟੀ ਹੀ ਕਰਦੀ ਹੈ।

ਗੁਰਦੁਆਰਾ ਪ੍ਰਬੰਧ ਦੀ ਆਮਦਨ-ਖ਼ਰਚ ਦੇ ਹਿਸਾਬ ਨੂੰ ਪਾਰਦਰਸ਼ੀ ਕਰਨ ਲਈ 1927 ਤੋਂ ਮਾਸਿਕ ਪੱਤਰ ਗੁਰਦੁਆਰਾ ਗਜ਼ਟ ਪ੍ਰਕਾਸ਼ਿਤ ਕਰਨਾ ਸ਼ੁਰੂ ਕੀਤਾ, ਜੋ ਨਿਰੰਤਰ ਜਾਰੀ ਹੈ। ਗੁਰਦੁਆਰਿਆਂ ਦੀ ਨਵ-ਉਸਾਰੀ ਤੇ ਨਵ-ਨਿਰਮਾਣ, ਸਰਾਵਾਂ ਦਾ ਢੁੱਕਵਾਂ ਪ੍ਰਬੰਧ ਕਰਨਾ, ਸਿੱਖ ਵਿਰਸੇ ਤੇ ਵਿਰਾਸਤਾਂ ਨੂੰ ਸੰਭਾਲਣਾ ਤੇ ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਆਧੁਨਿਕ ਸਾਧਨਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਗੁਰਬਾਣੀ, ਸਿੱਖ ਰਹਿਤ ਮਰਯਾਦਾ ਤੇ ਸਿੱਖ ਸਹਿਤ ਦੇ ਪ੍ਰਚਾਰ ਪ੍ਰਸਾਰ, ਗੁਰਮਤਿ ਸਾਹਿਤ ਲਈ ਆਪਣੇ ਛਾਪੇਖਾਨੇ ਲਾਏ ਗਏ ਹਨ। ਪੰਜਾਬੀ ਭਾਸ਼ਾ ਦੇ ਵਿਕਾਸ ਵਿੱਚ ਸਲਾਹੁਣਯੋਗ ਯੋਗਦਾਨ ਇਸ ਸੰਸਥਾ ਵੱਲੋਂ ਪਾਇਆ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦਾ ਕਾਨੂੰਨੀ ਅਧਿਕਾਰ ਖੇਤਰ ਗੁਰਦੁਆਰਾ ਪ੍ਰਬੰਧ ਸਬੰਧੀ ਭਾਵੇਂ ਪੰਜਾਬ, ਹਰਿਆਣਾ, ਹਿਮਾਚਲ ਤੇ ਚੰਡੀਗੜ੍ਹ ਤਕ ਸੀਮਤ ਹੈ, ਪਰ ਵਿਸ਼ਵ ਭਰ ਵਿੱਚ ਵਸੇ ਸਿੱਖਾਂ ਦੀ ਪ੍ਰਤੀਨਿਧ ਸੰਸਥਾ ਕੇਵਲ ਸ਼੍ਰੋਮਣੀ ਕਮੇਟੀ ਹੀ ਹੈ।

# Sir Speedy Tustin Printers to the Community




**Outdoor 3'x11' Promo Flag**

**Only $29/-**

Pole & Spike $55/-




**Outdoor 3'x6' Durable Banner**

All weather, durable to sunlight, rain and wear & tear. Text only.

**Only $69/-**




**Receipt Books**

Customized with your information and design. 2 part carbonless with numbering and perforation.

**Call for Price**




**Retractable 33"x 80" Banner**

Includes stand and carry bag. Hi-res imaging, durable and Brilliant colors!

**Only $225/-**




**All Weather 18"x24" Yard Signs**

Includes H-stakes. Single sided, durable to sunlight and rain. Reusable!

**$49/- for 4**




**11" Printed Balloons**

Printed with your logo and info. One color, one location. Min. qty 1000

**19¢ each**




White T-Shirts, 1 color screen printing in 1 position. Min Qty. 100

**Your Printed T-Shirts**

**Only $4.99**




1 color in 1 position. Min Qty. 100

**Your Printed Caps**

**Only $4.99**




**Trip Envelopes** Qty 1000

**Only $199/-**

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Product
- Website design and development

1045 East Main Street, Tustin, CA 92780

**Call 562-881-7430**

Fax: 714-731-8931

E-mail: sirspeedy_tustin@yahoo.com

www.sirspeedy.com/tustin



Jagjit Singh Bains

**CUSTOMIZED SWEET BOXES**




*South Asian Wedding Cards*



CALL NOW




# ਪਾਠਕਾਂ ਦਾ ਨਜ਼ਰੀਆ

## ਕੀ ਵੀਰ ਸਾਵਰਕਰ ਭਾਰਤ ਰਤਨ ਲੈਣਦਾ ਹੱਕਦਾਰ ਹੈ ?

ਕੁਝ ਹੀ ਦਿਨਾਂ ਬਾਅਦ ਹੋ ਸਕਦਾ ਹੈ ਸਾਵਰਕਰ ਨੂੰ ਮਰਨੋ ਉਪਰੰਤ ਭਾਰਤ ਰਤਨ ਪੁਰਸਕਾਰ ਮਿਲ ਜਾਏਗਾ ਜੋ ਕਿ ਦੇਸ਼ ਦਾ ਸਭ ਤੋਂ ਉੱਚਾ ਨਾਗਰਿਕ ਸਨਮਾਨ ਹੈ। ਉਹ ਸਨਮਾਨ ਲੈਣ ਦਾ ਹੱਕਦਾਰ ਹੋਵੇ ਜਾਂ ਨਾ ਹੋਵੇ ਪਰ ਕਿਉਂਕਿ ਉਸ ਦੇ ਵਿਚਾਰਾਂ ਵਾਲੀ ਪਾਰਟੀ ਇਸ ਵੇਲੇ ਪੂਰਣ ਬਹੁਮਤ ਵਿੱਚ ਹੈ ਅਤੇ ਇਸੇ ਬਹੁਮਤ ਦੇ ਆਸਰੇ ਇਸ ਪਾਰਟੀ ਨੇ ਸੱਤਾ ਵਿੱਚ ਆਉਂਦੇ ਹੀ ਕਈ ਅਜਿਹੀਆਂ ਕਾਰਵਾਈਆਂ ਕੀਤੀਆਂ ਜੋ ਕਿ ਕਾਨੂੰਨੀ ਢੰਗ ਨਾਲ ਸਹੀ ਹੋਣ ਜਾਂ ਨਾ ਹੋਣ ਪਰ ਨੈਤਿਕ ਰੂਪ ਵਿੱਚ ਸਹੀ ਨਹੀਂ ਸਨ। ਇਸ ਲਈ ਕੋਈ ਅਚੰਭਾ ਨਹੀਂ ਹੋਵੇਗਾ ਜਦੋਂ ਸਾਵਰਕਰ ਨੂੰ ਭਾਰਤ ਰਤਨ ਦੇ ਦਿੱਤਾ ਜਾਏਗਾ।

ਵੀਰ ਸਾਵਰਕਰ ਦੇ ਭਾਰਤ ਰਤਨ ਦਾ ਹੱਕਦਾਰ ਹੋਣ ਜਾਂ ਨਾ ਹੋਣ ਦੀ ਗੱਲ ਤੋਂ ਪਹਿਲਾਂ ਇਹ ਵੀ ਵਿਚਾਰ ਲੈਣਾ ਜ਼ਰੂਰੀ ਹੈ ਕਿ ਕੀ 'ਵੀਰ ਸਾਵਰਕਰ' ਵਾਕਿਆ ਹੀ ਵੀਰ (ਬਹਾਦਰ) ਸੀ। ਕਾਲੇ ਪਾਣੀ ਦੀ ਸਜ਼ਾ ਕੇਵਲ ਉਸ ਨੂੰ ਹੀ ਨਹੀਂ ਹੋਈ ਸੀ, ਅੰਡੇਮਾਨ ਦੀ ਸੈਲੂਲਰ ਜੇਲ੍ਹ, ਜਿਸ ਨੂੰ ਕਾਲਾ ਪਾਣੀ ਵੀ ਕਹਿੰਦੇ ਹਨ, ਵਿੱਚ ਅੱਸੀ ਹਜ਼ਾਰ ਮੁਹੱਬੇ ਵਤਨ ਰਾਜਨੀਤਿਕ ਕੈਦ ਸਨ ਜਿਹਨਾਂ ਵਿੱਚੋਂ ਸਤਾਸੀਆਂ ਨੂੰ ਫ਼ਾਂਸੀ ਦੇ ਕੇ ਸ਼ਹੀਦ ਕੀਤਾ ਗਿਆ। ਕਿੰਨੇ ਹੀ ਜਿਨ੍ਹਾਂ ਉੱਥੋਂ ਭੱਜਣ ਦੀ ਕੋਸ਼ਿਸ਼ ਕੀਤੀ। ਉਹ ਗੋਲੀ ਨਾਲ ਮਾਰੇ ਗਏ ਅਤੇ ਕਿੰਨੇ ਹੀ ਅੰਤਾਂ ਦਾ ਤਸ਼ੱਦਤ ਨਾ ਸਹਿੰਦੇ ਹੋਏ ਮਾਰੇ ਗਏ। ਕੋਈ ਦੋ ਕੈਦੀ ਇਕੱਠੇ ਨਹੀਂ ਰਹਿ ਸਕਦੇ ਸਨ। ਜਿਹੜੇ ਇਕੱਠੇ ਰੱਖੇ ਵੀ ਗਏ, ਉਹ ਵੀ ਉਹ ਸਨ ਜੋ ਇੱਕ ਦੂਜੇ ਦੀ ਭਾਸ਼ਾ ਨਹੀਂ ਸਮਝ ਸਕਦੇ ਸਨ। ਫ਼ਰਾਰ ਹੋਣ ਦਾ ਮੌਕਾ ਹੀ ਨਹੀਂ ਸੀ ਅਤੇ ਜਿਸ ਕਿਸੇ ਨੇ ਨੱਠਣ ਦੀ ਕੋਸ਼ਿਸ਼ ਕੀਤੀ, ਉਸ ਨੂੰ ਗੋਲੀ ਮਾਰ ਦਿੱਤੀ ਗਈ ਜਾਂ ਫਾਂਸੀ ਦੇ ਦਿੱਤੀ ਗਈ। ਜੇ ਉਸ ਜੇਲ੍ਹ ਵਿੱਚ ਹੁੰਦੇ ਤਸ਼ੱਦਦਾਂ, ਅਣਮਨੁੱਖੀ ਹਾਲਾਤ ਅਤੇ ਦਿਲ ਕੰਬਾਊ ਤਸੀਹਿਆਂ ਦੇ ਸਾਰੇ ਵੇਰਵੇ ਦਿੱਤੇ ਜਾਣ ਤਾਂ ਇੱਕ ਅਲੱਗ ਲੇਖ ਬਣਦਾ ਹੈ ਪਰ ਸਾਵਰਕਰ, ਜਿਸ ਨੂੰ ਸੰਘ ਪਰਿਵਾਰ ਵੀਰ ਕਹਿੰਦਾ ਹੈ, ਸੱਤ ਵਾਰ ਮੁਆਫ਼ੀ ਮੰਗ ਕੇ ਜੇਲ ਵਿੱਚੋਂ ਬਾਹਰ ਆਇਆ। ਕੀ ਅਜਿਹੇ ਸ਼ਖ਼ਸ ਦੇ ਨਾਮ ਨਾਲ ਸ਼ਬਦ ਵੀਰ ਲਗਾਉਣਾ ਸ਼ੋਭਦਾ ਹੈ ?

ਜੇਕਰ ਹਿਜ਼ ਮਜੈਸਟੀ ਮੈਨੂੰ ਰਿਹਾ ਕਰ ਦੇਵੇ ਤਾਂ ਮੈਂ ਬ੍ਰਿਟਿਸ਼ ਸਰਕਾਰ ਦਾ ਵਫ਼ਾਦਾਰ ਰਹਾਂਗਾ ਅਤੇ ਜਦ ਤਕ ਸਰਕਾਰ ਚਾਹੇਗੀ ਤਦ ਤਕ ਮੈਂ ਕਿਸੇ ਵੀ ਫਿਰਕਾਦਾਰਾਨਾ ਜਾਂ ਸਿਆਸੀ ਸਰਗਰਮੀ ਤੋਂ ਦੂਰ ਰਹਾਂਗਾ। ਇਹ ਸੀ ਉਹ ਮਾਫ਼ੀਨਾਮਾ ਜੋ ਸਾਵਰਕਰ ਨੇ ਆਖਰੀ ਵਾਰ ਅੰਗ੍ਰੇਜ਼ ਸਰਕਾਰ ਨੂੰ ਦਿੱਤਾ, ਫ਼ਰਿਆਦ ਕੀਤੀ ਅਤੇ ਗਿੜਗਿੜਾਇਆ ਅਤੇ ਅੰਗਰੇਜ਼ ਸਰਕਾਰ ਨੇ ਇਸ ਨੂੰ ਰਿਹਾ ਕਰ ਦਿੱਤਾ।

ਹੁਣ ਸੰਘ ਦੇ ਕਈ ਬੁੱਧੀਮਾਨ ਮਾਫ਼ੀ ਮੰਗ ਕੇ ਬਾਹਰ ਆਉਣ ਨੂੰ ਯੁੱਧਨੀਤੀ ਕਹਿ ਰਹੇ ਹਨ। ਕੁਝ ਸੰਘ ਪਰਿਵਾਰ ਵਾਲੇ ਇਹ ਵੀ ਕਹਿ ਰਹੇ ਹਨ ਕਿ ਜੇਲ ਵਿੱਚ ਸਾਰਾ ਜੀਵਨ ਗਾਲਣ ਦੀ ਬਜਾਏ ਮਾਫ਼ੀ ਮੰਗ ਕੇ ਅਤੇ ਬਾਹਰ ਆ ਕੇ ਦੇਸ਼ ਦੀ ਆਜ਼ਾਦੀ ਲਈ ਲੜਨਾ ਸੌ ਦਰਜੇ ਚੰਗਾ ਸੀ। ਇਹ ਕਿਹੋ ਜਿਹੀ ਯੁੱਧ ਨੀਤੀ ਸੀ ਜਾਂ ਦੇਸ਼ ਦੀ ਆਜ਼ਾਦੀ ਲਈ ਕੰਮ ਸੀ ? ਜੇ ਇਹ ਇਹੋ ਮਨਸ਼ਾ ਸੀ ਤਾਂ ਬਾਹਰ ਆ ਕੇ ਸਾਵਰਕਰ ਨੂੰ ਖੁੱਲ੍ਹੇ ਰੂਪ ਵਿੱਚ ਜਾਂ ਗੁਪਤ ਰੂਪ ਵਿੱਚ ਅੰਗਰੇਜ਼ੀ ਹਕੂਮਤ ਦੇ ਵਿਰੁੱਧ ਭਾਰਤ ਦੀ ਅਜ਼ਾਦੀ ਲਈ ਸੰਘਰਸ਼ ਕਰਨਾ ਚਾਹੀਦਾ ਸੀ। ਆਜ਼ਾਦੀ ਲਈ ਸੰਘਰਸ਼ ਕਰਨ ਦੀ ਬਜਾਏ ਉਸ ਨੇ ਪਹਿਲੀ ਵਾਰ ਦੋ ਰਾਸ਼ਟਰਾਂ ਦਾ ਅਨੋਖਾ ਹੀ ਸਿਧਾਂਤ ਦੇ ਮਾਰਿਆ ਕਿ 'ਹਿੰਦੂ ਅਤੇ ਮੁਸਲਮਾਨ ਦੋ ਰਾਸ਼ਟਰ ਹਨ ਜੋ ਕਦੇ ਵੀ ਇਕੱਠੇ ਨਹੀਂ ਰਹਿ ਸਕਦੇ।' ਅੰਗ੍ਰੇਜ਼ ਤਾਂ ਪਹਿਲਾਂ ਹੀ ਜਾਣ ਸਮੇਂ ਭਾਰਤ ਦੇ ਟੋਟੇ ਕਰਨਾ ਚਾਹੁੰਦੇ ਸਨ। ਇਸ ਸਿਧਾਂਤ ਨੇ ਅੰਗ੍ਰੇਜ਼ਾਂ ਦਾ ਕੰਮ ਸੁਖਾਲਾ ਕਰ ਦਿੱਤਾ। ਸਾਵਰਕਰ ਵੱਲੋਂ ਹਿੰਦੂ ਮੁਸਲਮਾਨ ਦੋ ਰਾਸ਼ਟਰ ਐਲਾਨਣ ਤੋਂ ਤੁਰੰਤ ਬਾਅਦ ਮੁਹੰਮਦ ਅਲੀ ਜਿੰਨਾਹ ਨੇ ਕਿਹਾ ਕਿ ਉਹ ਸਾਵਰਕਰ ਦੇ ਸਿਧਾਂਤ ਨਾਲ ਪੂਰੀ ਤਰ੍ਹਾਂ ਸਹਿਮਤ ਹੈ। ਭਾਰਤ ਦੀ ਵੰਡ ਜਿਸ ਨਾਲ ਲੱਖਾਂ ਲੋਕ ਮਾਰੇ ਗਏ, ਬੇਘਰ ਹੋ ਗਏ ਪਰ ਅੰਗਰੇਜ਼ਾਂ ਦਾ ਇੱਥੋਂ ਜਾਣ ਵੇਲੇ ਵਾਲ ਵੀ ਵਿੰਗਾ ਨਾ ਹੋਇਆ ਜਦ ਕਿ ਬਜਬਜ ਘਾਟ, ਗਦਰ ਪਾਰਟੀ, ਅੰਡੇਮਾਨ ਜੇਲ, ਜਲਿਆਂਵਾਲਾ ਬਾਗ ਅਤੇ ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਿਨ ਪਾਰਟੀ ਦੇ ਕਾਰਕੁਨਾਂ ਨੂੰ ਗੋਲੀਆਂ ਮਾਰਨ ਅਤੇ ਫ਼ਾਂਸੀਆਂ ਦੇਣ ਕਾਰਣ ਭਾਰਤੀ ਭਰੇ ਪੀਤੇ ਸਨ ਅਤੇ ਫ਼ੌਜ ਨਾਲ ਮਿਲ ਕੇ ਜਨਤਾ ਇੱਥੋਂ ਅੰਗ੍ਰੇਜ਼ਾਂ ਨੂੰ ਸੁੱਕੇ ਨਾ ਜਾਣ ਦਿੰਦੀ।

ਜਿਸ ਵਿੱਚ ਇੱਕ ਵਾਰ ਗੱਦਾਰੀ ਦੇ ਜਰਾਸੀਮ ਆ ਜਾਣ ਉਹ ਕੇਵਲ ਦੇਸ਼ ਨਾਲ ਹੀ ਗੱਦਾਰੀ ਨਹੀਂ ਕਰਦਾ ਬਲਕਿ ਆਪਣੇ ਸਾਥੀਆਂ ਨਾਲ ਵੀ ਗੱਦਾਰੀ ਕਰ ਜਾਂਦਾ ਹੈ। ਗਾਂਧੀ ਦੇ ਰੋਲ ਬਾਰੇ ਮਤਭੇਦ ਹੋ ਸਕਦੇ ਹਨ ਕਿ ਉਹ ਕਿਹੜੇ ਤਰੀਕੇ ਨਾਲ ਅਤੇ ਕਿਹੋ ਜਿਹੀ ਆਜ਼ਾਦੀ ਚਾਹੁੰਦਾ ਸੀ ਪਰ ਇਸ ਤੱਥ ਉੱਤੇ ਕੋਈ ਮਤਭੇਦ ਨਹੀਂ ਕਿ ਉਸ ਨੂੰ ਉਸ ਦੇ ਆਜ਼ਾਦੀ ਬਾਰੇ ਰੋਲ ਕਾਰਣ ਗੋਲੀ ਨਹੀਂ ਮਾਰੀ ਗਈ ਬਲਕਿ ਇਸ ਕਾਰਣ ਗੋਲੀ ਮਾਰੀ ਗਈ ਕਿ ਉਹ ਹਿੰਦੂ ਅਤੇ ਮੁਸਲਮਾਨਾਂ ਦੋਹਾਂ ਨੂੰ ਭਰਾ ਭਰਾ ਸਮਝਦਾ ਸੀ ਅਤੇ ਅਜ਼ਾਦ ਭਾਰਤ ਵਿੱਚ ਦੋਹਾਂ ਨੂੰ ਬਰਾਬਰ ਦੇ ਹੱਕਦਾਰ ਸਮਝਦਾ ਸੀ। ਗਾਂਧੀ ਕਤਲ ਕੇਸ ਵਿੱਚ ਚਾਰ ਮੁਲਜ਼ਮ ਤੈਅ ਕੀਤੇ ਗਏ। 1. ਸਾਵਰਕਰ, 2. ਗੌਡਸੇ, 3. ਆਪਟੇ, 4. ਬੜਗੇ। ਕੇਸ ਦੀ ਸੁਣਵਾਈ ਵੇਲੇ ਦਿਲਚਸਪ ਗੱਲ ਇਹ ਸੀ ਕਿ ਮੁਲਜ਼ਮ ਨੰਬਰ 2, 3 ਅਤੇ 4 ਆਪਸ ਵਿੱਚ ਹੱਥ ਮਿਲਾ ਰਹੇ ਸਨ, ਇੱਕ ਦੂਜੇ ਦੀ ਅੱਖ ਨਾਲ ਅੱਖ ਮਿਲਾ ਕੇ ਗੱਲਾਂ ਕਰ ਰਹੇ ਸਨ ਜਦ ਕਿ ਸਾਵਰਕਰ ਨੇ ਆਪਣੇ ਕਿਸੇ ਸਾਥੀ ਦੀ ਅੱਖ ਨਾਲ ਅੱਖ ਨਹੀਂ ਮਿਲਾਈ ਅਤੇ ਕੇਵਲ ਆਪਣੇ ਬਚਾਅ ਲਈ ਹੀ ਸਫ਼ਾਈਆਂ ਦਿੰਦਾ ਰਿਹਾ। ਸਾਵਰਕਰ ਨੇ ਗਾਂਧੀ ਕਤਲ ਦਾ ਛੜਯੰਤਰ ਰਚਣ ਤੋਂ ਪਹਿਲਾਂ ਹੀ ਐਸੀ ਸਕੀਮ ਬਣਾਈ ਕਿ ਉਹ ਸਾਫ਼ ਬਚ ਨਿਕਲੇ ਅਤੇ ਬਾਕੀ ਤਿੰਨਾਂ ਨੂੰ ਭਾਵੇਂ ਫਾਂਸੀ ਹੋ ਜਾਵੇ। ਸਕੀਮ ਅਨੁਸਾਰ ਆਪਟੇ ਅਤੇ ਬੜਗੇ ਨੇ ਪਸਤੌਲ, ਗਰਨੇਡ, ਗੋਲੀਆਂ ਅਤੇ ਹੋਰ ਬਾਰੂਦ ਦਾ ਬੈਗ ਸਾਵਰਕਰ ਦੇ ਆਸ਼ਰਮ ਤਕ ਲੈ ਕੇ ਆਣਾ ਹੁੰਦਾ ਸੀ ਪਰ ਬੜਗੇ ਨੂੰ ਹੇਠਾਂ ਹੀ ਪੌੜੀਆਂ ਕੋਲ ਰੁਕਣ ਲਈ ਕਹਿ ਦਿੱਤਾ ਜਾਂਦਾ ਅਤੇ ਆਪਟੇ ਹੀ ਸਾਰਾ ਸਮਾਨ ਲੈ ਕੇ ਉੱਪਰ ਸਾਵਰਕਰ ਕੋਲ ਜਾਂਦਾ। ਜਦੋਂ ਸਾਵਰਕਰ ਆਪਟੇ ਨੂੰ ਵਾਪਸ ਪੌੜੀਆਂ ਤਕ ਛੱਡਣ ਆਉਂਦਾ ਤਾਂ ਸਾਵਰਕਰ ਪੌੜੀਆਂ ਵਿੱਚੋਂ ਹੀ ਆਪਟੇ ਅਤੇ ਬੜਗੇ ਨੂੰ ਪੂਰਾ ਪਲੈਨ ਸਮਝਾ ਦਿੰਦਾ। ਗਾਂਧੀ ਕਤਲ ਕੇਸ ਵਿੱਚ ਬੜਗੇ ਵਾਇਦਾ ਮਾਫ਼ ਗਵਾਹ ਬਣ ਗਿਆ। ਉਸ ਨੇ ਆਪਣੇ ਬਿਆਨਾਂ ਵਿੱਚ ਸਾਰੀ ਯੋਜਨਾ, ਗਾਂਧੀ ਤੇ ਕੀਤੇ ਪਹਿਲੇ ਛੇ ਅਸਫ਼ਲ ਹਮਲੇ ਪੂਰੀ ਤਫ਼ਸੀਲ ਨਾਲ ਦਰਜ ਕਰਵਾਏ ਅਤੇ ਇਹ ਵੀ ਕਿਹਾ ਕਿ ਮੈਨੂੰ ਪੌੜੀਆਂ ਹੇਠ ਬਿਠਾ ਕੇ ਹਥਿਆਰ ਆਪਟੇ ਉੱਪਰ ਲਿਜਾਂਦਾ ਅਤੇ ਸਲਾਹ ਮਸ਼ਵਰਾ ਕਰਦੇ ਕੁਝ ਪੌੜੀਆਂ ਸਾਵਰਕਰ ਅਤੇ ਆਪਟੇ ਇਕੱਠੇ ਉੱਤਰਦੇ। ਪਰ ਸ਼ਾਤਰ ਸਾਵਰਕਰ ਨੇ ਆਪਣੇ ਬਚਾਅ ਵਿੱਚ ਕਿਹਾ, ਜਦ ਬੜਗੇ ਆਪਣੇ ਬਿਆਨ ਵਿੱਚ ਖੁਦ ਕਹਿੰਦਾ ਹੈ ਕਿ ਉਹ ਹੇਠਾਂ ਪੌੜੀਆਂ ਥੱਲੇ ਹੀ ਇੰਤਜ਼ਾਰ ਕਰਦਾ ਸੀ ਤਾਂ ਉਸ ਨੂੰ ਕੀ ਪਤਾ ਕਿ ਮੇਰੇ ਅਤੇ ਆਪਟੇ ਵਿੱਚ ਕੀ ਕੀ ਗੱਲਾਂ ਹੁੰਦੀਆਂ।' ਬੜਗੇ ਨੇ ਆਪਣੇ ਬਿਆਨ ਵਿੱਚ ਇਹ ਵੀ ਦਰਜ ਕਰਵਾਇਆ ਕਿ ਜਦੋਂ ਆਪਟੇ ਹਥਿਆਰਾਂ ਦਾ ਬੈਗ ਲੈ ਕੇ ਹੇਠਾਂ ਆਉਂਦਾ ਤਾਂ ਸਾਵਰਕਰ ਸਾਨੂੰ ਦੋਹਾਂ ਨੂੰ ਕਹਿੰਦਾ, ਵਿਜਯੀ ਭਵ, ਮਤਲਬ ਵਿਜੈ ਪ੍ਰਾਪਤ ਹੋਵੇ।' ਇਸ ਤੇ ਸਾਵਰਕਰ ਕਹਿੰਦਾ ਕਿ ਜ਼ਰੂਰੀ ਨਹੀਂ ਕਿ ਵਿਜਯੀ ਭਵ ਗਾਂਧੀ ਨੂੰ ਕਤਲ ਕਰਨ ਦੇ ਸੰਧਰਭ ਵਿੱਚ ਕਹੇ ਹੋਣ, ਇਹ ਨਿਜ਼ਾਮ ਹੈਦਰਾਬਾਦ ਦੇ ਵਿਰੁੱਧ ਵੀ ਕਿਹਾ ਗਿਆ ਹੋ ਸਕਦਾ ਹੈ।

ਸਾਰੀ ਬਹਿਸ ਦੇ ਦੌਰਾਨ ਸਾਵਰਕਰ ਇਹੋ ਕਹਿੰਦਾ ਰਿਹਾ ਕਿ ਉਸ ਦਾ ਗਾਂਧੀ ਕਤਲ ਕੇਸ ਵਿੱਚ ਕੋਈ ਹੱਥ ਨਹੀਂ ਅਤੇ ਗੌਡਸੇ ਨੂੰ ਤਾਂ ਕਦੇ ਮਿਲਿਆ ਹੀ ਨਹੀਂ। ਸਬੂਤਾਂ ਦੀ ਘਾਟ ਕਾਰਣ ਉਹ ਸਾਫ਼ ਬਚ ਨਿਕਲਿਆ। ਨੱਥੂ ਰਾਮ ਗੌਡਸੇ ਅਤੇ ਆਪਟੇ ਨੂੰ ਫਾਂਸੀ ਹੋ ਗਈ ਅਤੇ ਨੱਥੂ ਰਾਮ ਗੌਡਸੇ ਦੇ ਭਰਾ ਗੋਪਾਲ ਗੌਡਸੇ ਸਮੇਤ ਛੇ ਮੁਲਜ਼ਮਾਂ ਨੂੰ ਉਮਰ ਕੈਦ ਹੋ ਗਈ। ਜਦੋਂ 1964 ਵਿੱਚ ਨੱਥੂ ਰਾਮ ਗੌਡਸੇ ਦਾ ਭਰਾ ਜੇਲ ਵਿੱਚੋਂ ਰਿਹਾ ਹੋ ਕੇ ਬਾਹਰ ਆਇਆ ਤਾਂ ਉਸ ਲਈ ਇੱਕ ਸਨਮਾਨ ਸਮਾਗਮ ਰੱਖਿਆ ਗਿਆ ਜਿਸ ਵਿੱਚ ਬਾਲ ਗੰਗਾਧਰ ਤਿਲਕ ਦੇ ਪੋਤੇ ਜੀ. ਵੀ. ਕੇਤਕਰ ਨੇ ਸ਼ੇਖ਼ੀ ਮਾਰੀ ਕਿ ਗਾਂਧੀ ਨੂੰ ਕਤਲ ਕਰਨ ਦੇ ਗੌਡਸੇ ਦੇ ਇਰਾਦੇ ਦਾ ਉਸ ਨੂੰ ਪਹਿਲਾਂ ਹੀ ਪਤਾ ਸੀ। ਇਸ ਨਾਲ ਇੱਕ ਕੌਮੀ ਬਹਿਸ ਛਿੜ ਗਈ ਅਤੇ ਇਸ ਲਈ ਜੀਵਨ ਲਾਲ ਕਪੂਰ ਕਮਿਸ਼ਨ 1969 ਵਿੱਚ ਬਿਠਾਇਆ ਗਿਆ ਜਿਸਨੇ ਕਿ ਪਤਾ ਕਰਨਾ ਸੀ ਕਿ ਕਿਹੜੇ ਕਿਹੜੇ ਨੂੰ ਗਾਂਧੀ ਕਤਲ ਦੀ ਸਾਜਿਸ਼ ਦਾ ਪਤਾ ਸੀ, ਕਿਸ ਅਧਿਕਾਰੀ ਨੂੰ ਉਹਨਾਂ ਇਤਲਾਹ ਦਿੱਤੀ ਅਤੇ ਅਧਿਕਾਰੀ ਨੇ ਕੀ ਕਾਰਵਾਈ ਪਾਈ।

ਸਾਵਰਕਰ ਦੇ ਦੋ ਸਹਾਇਕਾਂ ਨੇ, ਜਿਨ੍ਹਾਂ ਕਤਲ ਕੇਸ ਵਿੱਚ ਗਵਾਹੀ ਨਹੀਂ ਦਿੱਤੀ ਸੀ, ਪਰ ਹੁਣ ਕਮਿਸ਼ਨ ਅੱਗੇ ਜੋ ਬਿਆਨ ਦਿੱਤੇ, ਉਨ੍ਹਾਂ ਨਾਲ ਬੜਗੇ ਦੇ ਬਿਆਨਾਂ ਨੂੰ ਪ੍ਰੋੜ੍ਹਤਾ ਮਿਲੀ ਕਿ ਸਾਵਰਕਰ ਨੇ ਦੋ ਵਾਰ ਬੜਗੇ ਨਾਲ ਮੀਟਿੰਗ ਕੀਤੀ। ਇਹਨਾਂ ਵਿੱਚ ਇੱਕ ਮਦਨ ਲਾਲ ਪਾਹਵਾ ਵੀ ਸੀ, ਜਿਸਦਾ ਪਰਿਵਾਰ ਜਦੋਂ ਹਿੰਦ-ਪਾਕ ਵੰਡ ਵੇਲੇ ਭਾਰਤ ਆ ਰਿਹਾ ਸੀ ਤਾਂ ਰੇਲ ਗੱਡੀ ਵਿੱਚ ਉਸ ਦੇ ਪਰਿਵਾਰ ਦੇ ਵੀਹ ਮੈਂਬਰ ਕਤਲ ਹੋ ਗਏ ਸਨ, ਇਸ ਕਾਰਣ ਅਤੇ ਗਾਂਧੀ ਵੱਲੋਂ ਭਾਰਤ ਵਿੱਚ ਵਸਦੇ ਮੁਸਲਮਾਨਾਂ ਨੂੰ ਹਿੰਦੂਆਂ ਦੇ ਬਰਾਬਰ ਅਧਿਕਾਰ ਦੇਣ ਦਾ ਹਾਮੀ ਹੋਣ ਕਾਰਣ ਉਹ ਗਾਂਧੀ ਦਾ ਕੱਟੜ ਦੁਸ਼ਮਣ ਬਣ ਗਿਆ। ਪਹਿਲਾਂ ਸਾਵਰਕਰ ਨੇ ਗਾਂਧੀ ਨੂੰ ਕਤਲ ਕਰਨ ਦੀ ਜਿੰਮੇਦਾਰੀ ਪਾਹਵਾ ਨੂੰ ਦਿੱਤੀ ਸੀ। ਪਰ ਜਦੋਂ ਪਾਹਵਾ ਕਾਮਯਾਬ ਨਾ ਹੋ ਸਕਿਆ ਤਾਂ 23 ਜਾਂ 24 ਜਨਵਰੀ 1948 ਨੂੰ ਗੌਡਸੇ ਅਤੇ ਆਪਟੇ ਸਾਵਰਕਰ ਨੂੰ ਅਗਲੀ ਯੋਜਨਾ ਲਈ ਮਿਲੇ। ਅੰਤ 30 ਜਨਵਰੀ 1948 ਵਾਲੇ ਦਿਨ ਸਾਵਰਕਰ, ਆਪਟੇ, ਗੌਡਸੇ, ਬੜਗੇ ਜੁੰਡਲੀ ਆਪਣੀ ਕਾਇਰਾਨਾ ਕਰਤੂਤ ਕਰਨ ਵਿੱਚ ਸਫ਼ਲ ਹੋ ਗਏ। 30 ਜਨਵਰੀ 1948 ਤਾਂ ਭਾਰਤ ਦੇ ਇਤਿਹਾਸ ਦਾ ਕਾਲਾ ਦਿਨ ਸੀ ਹੀ ਅਤੇ ਇੱਕ ਕਾਲਾ ਦਿਨ ਹੋਰ ਜੁੜ ਜਾਵੇਗਾ ਜਿਸ ਦਿਨ ਸਾਵਰਕਰ ਨੂੰ ਭਾਰਤ ਰਤਨ ਮਿਲੇਗਾ।

**-ਵਿਸ਼ਵਾ ਮਿੱਤਰ**

## ਤੇਜਿੰਦਰ ਸਿੰਘ ਬਿੱਲੂ ਦਾ ਪੁਲੀਸ ਨੇ ਕਤਲ ਕਿਵੇਂ ਕੀਤਾ

ਦੋ ਨਿੱਕੀਆਂ ਨਿੱਕੀਆਂ ਧੀਆਂ ਅਤੇ ਇੱਕ ਨੌ ਸਾਲ ਦੇ ਪੁੱਤਰ ਦਾ ਬਾਪ..ਤਕੜੇ ਜੁੱਸੇ ਦਾ ਮਾਲਕ ਅਤੇ ਨੈਸ਼ਨਲ ਲੈਵਲ ਦਾ ਫੁੱਟਬਾਲਰ 21 ਤੇ 22 ਮਈ 1993 ਦੀ ਦਰਮਿਆਨੀ ਰਾਤ ਨੂੰ ਮਾਨਸਾ ਸ਼ਹਿਰ ਵਿਚ ਆਪਣੇ ਘਰੋਂ ਚੁੱਕ ਲਿਆ ਗਿਆ!

ਸੰਗਰੂਰ ਪੁਲਸ ਜਿਲੇ ਦੇ ਉਸ ਵੇਲੇ ਦੇ ਐੱਸ.ਪੀ ਪ੍ਰਿਤਪਾਲ ਸਿੰਘ ਵਿਰਕ ਅਤੇ ਸਬ ਇੰਸਪੈਕਟਰ ਰਜਿੰਦਰ ਸਿੰਘ ਸੋਹਲ ਦੀ ਅਗਵਾਈ ਵਾਲੀ ਟੀਮ ਨੇ ਬਹਾਦਰ ਸਿੰਘ ਵਾਲਾ ਇੰਟੈਰੋਗੇਸ਼ਨ ਸੈਂਟਰ ਵਿਚ ਭਾਰੀ ਤਸ਼ੱਦਤ ਸ਼ੁਰੂ ਕਰ ਦਿੱਤਾ!

ਭਵਾਨੀਗੜ ਠਾਣੇ ਦੇ ਉਸ ਵੇਲੇ ਦੇ ਇੰਸਪੈਕਟਰ ਸ੍ਰ ਅਵਤਾਰ ਸਿੰਘ ਜੋ ਕੇ ਕਿਸੇ ਵੇਲੇ ਤੇਜਿੰਦਰ ਸਿੰਘ ਬਿੱਲੂ ਨਾਲ ਇਕੱਠਿਆਂ ਮੈਦਾਨ ਵਿਚ ਖੇਡਿਆ ਕਰਦਾ ਸੀ ਨੇ ਪਰਿਵਾਰ ਨੂੰ ਦੱਸਿਆ ਕੇ ਜਦੋ ਤੇਜਿੰਦਰ ਸਿੰਘ ਬਿੱਲੂ ਨੂੰ ਚਰਖੜੀ ਤੇ ਚਾੜ ਚੰਗੀ ਤਰ੍ਹਾਂ ਨੂੜ ਕੇ ਪੰਜ ਪੰਜ ਬੰਦਿਆਂ ਵੱਲੋਂ ਬੁਰੀ ਕੁੱਟਿਆ ਮਾਰਿਆ ਜਾ ਰਿਹਾ ਸੀ ਤਾਂ ਇੱਕੋ ਵਾਰੀ ਵਿਚ ਪੰਜ ਪੰਜ ਸੌ ਦੰਡ ਬੈਠਕਾਂ ਮਾਰ ਜਾਣ ਵਾਲਾ ਪਹਿਲਵਾਨ ਬੇਬਸ ਅਤੇ ਮਜਬੂਰ ਸੀ..ਅਖੀਰ ਤੁਰਨ ਫਿਰਨ ਤੋਂ ਅਸਮਰਥ ਕਰ ਉਸਦੀਆਂ ਹੱਡੀਆਂ ਦਾ ਸੁਰਮਾਂ ਬਣਾ ਦਿੱਤਾ ਗਿਆ..ਬਾਹਾਂ ਲੱਤਾਂ ਤੋੜ ਸੁੱਟੀਆਂ..ਫੇਰ ਪੈਰਾਂ ਉੱਤੇ ਗਰਮ ਗਰਮ ਰੇਤਾ ਪਾਇਆ ਗਿਆ!

ਦੋਸਤੋ ਇਹ ਉਹ ਵੇਲੇ ਦੀ ਗੱਲ ਏ ਜਦੋਂ ਖਾੜਕੂ ਲਹਿਰ ਢਿੱਲੀ ਪੈ ਗਈ ਸੀ ਤੇ ਅੱਤਵਾਦ ਰੋਕਣ ਦੀ ਆੜ ਹੇਠ ਲੱਖਾਂ ਰੁਪਈਏ ਮਹੀਨਾ ਬਣਾਉਣ ਵਾਲੀ ਖਾਕੀ ਨੇ ਕਮਾਈ ਦਾ ਪ੍ਰਵਾਹ ਜਾਰੀ ਰੱਖਣ ਖਾਤਿਰ ਆਮ ਖਾਂਦੇ ਪੀਂਦੇ ਘਰਾਂ ਵਿਚੋਂ ਨਿਰਦੋਸ਼ ਜਵਾਨੀ ਫਿਰੌਤੀ ਖਾਤਿਰ ਚੁੱਕਣੀ ਸ਼ੁਰੂ ਕਰ ਦਿੱਤੀ!

ਪਰਿਵਾਰ ਨੇ ਕਿਸੇ ਤਰਾਂ ਪ੍ਰਿਤਪਾਲ ਸਿੰਘ ਵਿਰਕ ਨੂੰ ਪਹੁੰਚ ਕੀਤੀ..ਉਸਨੇ ਅੱਗੋਂ ਇੱਕ ਲੱਖ ਰੁਪਈਆ ਮੰਗ ਲਿਆ.. ਦਿੱਤੀ ਮੋਹਲਤ ਵਿਚ ਪਰਿਵਾਰ ਮੁਸ਼ਕਿਲ ਨਾਲ ਨੱਬੇ ਹਜਾਰ ਹੀ ਇਕੱਠੇ ਕਰ ਸਕਿਆ..ਜਦੋਂ ਇਕ ਲੱਖ ਇਕੱਠੇ ਕਰਕੇ ਵਿਰਕ ਨੂੰ ਮਿਲੇ ਤਾਂ ਉਸ ਵੇਲੇ ਤੱਕ ਦੇਰ ਹੋ ਚੁੱਕੀ ਸੀ ਤੇ ਭਾਣਾ ਵਰਤਾਅ ਦਿੱਤਾ ਗਿਆ ਸੀ..ਨਾ ਕੋਈ ਉੱਗ-ਸੁੱਗ ਤੇ ਨਾ ਹੀ ਲਾਸ਼ ਦਿੱਤੀ ਗਈ..

ਅਖੀਰ ਇਸ ਮੱਧਵਰਗੀ ਪਰਿਵਾਰ ਨੇ ਹਾਈਕੋਰਟ ਵਿਚ ਰਿੱਟ ਪਾ ਦਿੱਤੀ..ਫੇਰ ਧਮਕੀਆਂ ਲਾਲਚ ਡਰਾਵੇ ਅਤ ਝੂਠੇ ਪਰਚਿਆਂ ਦਾ ਹੜ ਜਿਹਾ ਆ ਗਿਆ..

ਪਰ ਪਰਿਵਾਰ ਨੇ ਤੇਜਿੰਦਰ ਦੀ ਲਾਸ਼ ਦਾ ਸੌਦਾ ਕਰਨ ਤੋਂ ਸਾਫ ਨਾਂਹ ਕਰ ਦਿੱਤੀ..

ਅਖੀਰ ਵੀਹਾਂ ਸਾਲਾਂ ਦੇ ਲੰਮੇ ਸੰਘਰਸ਼ ਮਗਰੋਂ 2013 ਵਿਚ ਅਦਾਲਤ ਨੇ ਸਾਰੇ ਦੋਸ਼ੀਆਂ ਨੂੰ ਉਮਰ ਕੈਦ ਦੀ ਸਜਾ ਦਿੱਤੀ..

ਫੇਰ ਪਰਿਵਾਰ ਤੇ ਇਸੇ ਸਾਲ ਦੋ ਮਹੀਨੇ ਪਹਿਲਾਂ ਅਚਨਚੇਤ ਇੱਕ ਹੋਰ ਬਿਜਲੀ ਆਣ ਡਿੱਗੀ..ਤੇਜਿੰਦਰ ਸਿੰਘ ਦੇ ਨਿੱਕੇ ਭਰਾ ਜਗਰੂਪ ਸਿੰਘ ਨੂੰ ਤੁਰੇ ਜਾਂਦੇ ਨੂੰ ਕਿਸੇ ਨੇ ਸੁਨੇਹਾ ਦਿੱਤਾ ਕੇ ਪ੍ਰਿਤਪਾਲ ਸਿੰਘ ਵਿਰਕ ਨੂੰ ਤੇ ਗੁਰੂ ਨਾਨਕ ਦੇ ਪੰਜ ਸੌ ਪੰਜਾਹਵੇਂ ਜਨਮ ਦਿਨ ਤੇ ਪੰਜਾਬ ਸਰਕਾਰ ਦੀ ਸਿਫਾਰਿਸ਼ 'ਤੇ ਰਿਹਾਅ ਕੀਤਾ ਜਾ ਰਿਹਾ ਹੈ। ਹੁਣ ਆਪਣਾ ਬੰਦੋਬਸਤ ਕਰ ਲਵੋ! ਪਰਿਵਾਰ ਇਸ ਵੇਲੇ ਬੁਰੀ ਤਰ੍ਹਾਂ ਸਹਿਮਿਆਂ ਅਤੇ ਟੁੱਟ ਚੁੱਕਾ ਮਹਿਸੂਸ ਕਰ ਰਿਹਾ ਹੈ।

ਸੋ ਦੋਸਤੋ ਆਓ ਰਲ ਕੇ ਇਸ ਪਰਿਵਾਰ ਦੀ ਮਦਦ ਕੀਤੀ ਜਾਵੇ ਅਤੇ ਬੋਲੀ ਹੋ ਚੁਕੀ ਸਰਕਾਰ ਨੂੰ ਇਹ ਅਹਿਸਾਸ ਕਰਵਾਇਆ ਜਾਵੇ ਕੇ ਜਿਸ ਮਹਾਨ ਹਸਤੀ ਦੇ ਜਨਮ ਦਿਨ ਦੀ ਆੜ ਵਿਚ ਐਸੇ ਆਦਮਖੋਰ ਮਗਰਮੱਛਾਂ ਨੂੰ ਰਿਹਾ ਕੀਤਾ ਜਾ ਰਿਹਾ ਏ ਉਹ ਤਾਂ ਬਾਬਰ ਨੂੰ ਸ਼ਰੇਆਮ ਜਾਬਰ ਆਖਣ ਦੀ ਜੁਰੱਅਤ ਰੱਖਦਾ ਸੀ..ਘੱਟੋ ਘੱਟ ਦਿਨ ਹੀ ਕੋਈ ਹੋਰ ਚੁਣ ਲੈਂਦੇ!

**-ਹਰਪ੍ਰੀਤ ਸਿੰਘ ਜਵੰਦਾ**

## ਸਾਡੇ ਸਮਾਜ ਨੂੰ ਜੋਕਾਂ ਬਣ ਕੇ ਚੰਬੜੇ ਹੋਏ ਹਨ ਜੋਤਸ਼ੀ ਅਤੇ ਤਾਂਤਰਿਕ

ਤਿੰਨ ਕੁ ਮਹੀਨੇ ਪਹਿਲਾਂ ਖਬਰ ਆਈ ਸੀ ਕਿ ਦਿੜ੍ਹਬਾ ਨਜ਼ਦੀਕ ਤਿੰਨ ਛੋਟੇ ਬੱਚਿਆਂ ਨੇ ਨਹਿਰ ਵਿੱਚ ਕਿਸੇ ਵਹਿਮੀ ਵੱਲੋਂ ਵਹਾਏ ਗਏ ਨਾਰੀਅਲ ਫੜਨ ਲਈ ਛਲਾਂਗ ਲਗਾਈ। ਪਿੰਡ ਵਾਲਿਆਂ ਦੀ ਹਿੰਮਤ ਕਾਰਨ ਦੋ ਬੱਚੇ ਤਾਂ ਬਚਾਅ ਲਏ ਗਏ ਪਰ ਇੱਕ ਵਿਚਾਰਾ ਮਸੂਮ ਡੁੱਬਣ ਕਾਰਨ ਆਪਣੀ ਜਾਨ ਗਵਾ ਬੈਠਾ। ਕਿਸੇ ਠੱਗ ਜੋਤਸ਼ੀ ਵੱਲੋਂ ਕਸ਼ਟ ਟਾਲਣ ਲਈ ਦੱਸਿਆ ਗਿਆ ਉਪਾਅ, ਇੱਕ ਬੇਗੁਨਾਹ ਦੀ ਮੌਤ ਦਾ ਕਾਰਨ ਬਣ ਗਿਆ। ਚਾਹੀਦਾ ਤਾਂ ਇਹ ਸੀ ਕਿ ਉਸ ਜੋਤਸ਼ੀ ਅਤੇ ਉਪਾਅ ਕਰਨ ਵਾਲੇ ਵਹਿਮੀ ਦੇ ਖਿਲਾਫ ਕਤਲ ਦਾ ਮੁਕੱਦਮਾ ਦਰਜ਼ ਕੀਤਾ ਜਾਂਦਾ।

ਲੋਕ ਹਰ ਸਾਲ ਜੋਤਸ਼ੀਆਂ-ਤਾਂਤਰਿਕਾਂ ਦੇ ਕਹਿਣ ਉੱਤੇ ਹਜ਼ਾਰਾਂ ਮਣ ਨਾਰੀਅਲ, ਹਵਨ ਦੀ ਸਵਾਹ, ਦੇਵੀ-ਦੇਵਤਿਆਂ ਦੀਆਂ ਮੂਰਤੀਆਂ, ਮਰਨ ਵਾਲਿਆਂ ਦੀਆਂ ਅਸਥੀਆਂ, ਧਾਰਮਿਕ ਸਮਾਗਮਾਂ ਦਾ ਰਹਿੰਦ ਖੂੰਹਦ, ਕੋਲੇ, ਸਿੱਕਾ ਅਤੇ ਪੈਸੇ ਨਦੀਆਂ-ਨਾਲਿਆਂ ਵਿੱਚ ਸੁੱਟਦੇ ਰਹਿੰਦੇ ਹਨ। ਹਰੇਕ ਧਾਰਮਿਕ ਚੀਜ਼ ਨੂੰ ਜਲ ਪ੍ਰਵਾਹ ਕਰਨ ਦੀ ਘਟੀਆ ਰਵਾਇਤ ਨੇ ਭਾਰਤ ਦੇ ਪਾਣੀਆਂ ਨੂੰ ਬਰਬਾਦ ਕਰ ਕੇ ਰੱਖ ਦਿੱਤਾ ਹੈ। ਇਹਨਾਂ ਜੋਤਸ਼ੀਆਂ ਨੇ ਕਿਸਾਨਾਂ ਨੂੰ ਵੀ ਬਹੁਤ ਦੁਖੀ ਕੀਤਾ ਹੋਇਆ ਹੈ। ਰੋਜ਼ ਨਹਿਰਾਂ, ਕੱਸੀਆਂ ਅਤੇ ਮੋਘਿਆਂ ਦਾ ਪਾਣੀ ਨਾਰੀਅਲ ਅਤੇ ਹੋਰ ਧਾਰਮਿਕ ਗੰਦਮੰਦ ਫਸਣ ਕਾਰਨ ਜਾਮ ਹੋ ਜਾਂਦਾ ਹੈ। ਸਾਡੇ ਜੰਮਣ ਤੋਂ ਲੈ ਕੇ ਮਰਨ ਤੱਕ ਦੇ ਬਹੁਤੇ ਕ੍ਰਿਆ ਕਰਮ ਹਵਾ ਅਤੇ ਪਾਣੀ ਨੂੰ ਬੁਰੀ ਤਰ੍ਹਾਂ ਪ੍ਰਦੂਸ਼ਿਤ ਕਰਨ ਵਾਲੇ ਹਨ। ਇੱਕ ਆਮ ਭਾਰਤੀ ਦੇ ਜੀਵਨ ਕਾਲ ਵਿੱਚ ਅਨੇਕਾਂ ਹਵਨ, ਯੱਗ, ਪਾਠ ਆਦਿ ਕੀਤੇ ਜਾਂਦੇ ਹਨ ਜਿਹਨਾਂ ਦੌਰਾਨ ਕਰੋੜਾਂ ਟਨ ਲੱਕੜਾਂ, ਘਿਉ ਅਤੇ ਹੋਰ ਖਾਣ ਯੋਗ ਸਮੱਗਰੀ ਫੂਕ ਦਿੱਤੀ ਜਾਂਦੀ ਹੈ। ਹੁਣ ਅੱਗ ਵਿੱਚ ਘਿਉ ਸਾੜਨ ਜਾਂ ਪਾਣੀ ਵਿੱਚ ਨਾਰੀਅਲ ਰੋੜ੍ਹਨ ਨਾਲ ਰੱਬ ਕਿਵੇਂ ਖੁਸ਼ ਹੋ ਸਕਦਾ ਹੈ ? ਪਿੱਛੇ ਜਿਹੇ ਲੰਘੀਆਂ ਪਾਰਲੀਮੈਂਟ ਚੋਣਾਂ ਵਿੱਚ ਮੱਧ ਪ੍ਰਦੇਸ਼ ਦੇ ਇੱਕ ਪਖੰਡੀ ਬਾਬੇ ਨੇ ਇੱਕ ਨੇਤਾ ਨੂੰ ਜਿਤਾਉਣ ਲਈ ਭੁਪਾਲ ਵਿਖੇ ਹਵਨ ਕਰ ਕੇ ਕਈ ਮਣ ਲਾਲ ਮਿਰਚਾਂ ਸਾੜ ਸੁੱਟੀਆਂ। ਨਾਲ ਹੀ ਐਲਾਨ ਕੀਤਾ ਕਿ ਜੇ ਇਹ ਨੇਤਾ ਨਾ ਜਿੱਤਿਆ ਤਾਂ ਮੈਂ ਆਤਮ ਦਾਹ ਕਰ ਲਵਾਂਗਾ। ਪਰ ਜਦੋਂ ਉਹ ਨੇਤਾ ਹਾਰ ਗਿਆ ਤਾਂ ਬਾਬਾ ਪੂਰੀ ਬੇਸ਼ਰਮੀ ਨਾਲ ਮਰਨ ਤੋਂ ਮੁੱਕਰ ਗਿਆ। ਜਦੋਂ ਵੀ ਕੋਈ ਭਾਰਤੀ ਮਰਦਾ ਹੈ ਤਾਂ ਚਿਤਾ ਦੇ ਰੂਪ ਵਿੱਚ 4-5 ਕਵਿੰਟਲ ਲੱਕੜਾਂ ਨਾਲ ਲੈ ਹੀ ਜਾਂਦਾ ਹੈ, ਦਰਖਤ ਭਾਵੇਂ ਉਸ ਨੇ ਸਾਰੀ ਉਮਰ ਕੋਈ ਨਾ ਲਗਾਇਆ ਹੋਵੇ।

ਭਾਰਤ ਵਿੱਚ ਜੋਤਸ਼ੀਆਂ-ਤਾਂਤਰਿਕਾਂ ਨੇ ਲੋਕਾਂ ਨੂੰ ਬੁਰੀ ਤਰ੍ਹਾਂ ਵਹਿਮਾਂ ਭਰਮਾਂ ਵਿੱਚ ਜਕੜਿਆ ਹੋਇਆ ਹੈ। ਭਾਰਤ ਵਿੱਚ ਜੋਤਿਸ਼, ਤਾਂਤਰਿਕ, ਵਾਸਤੂਕਲਾ, ਪੁੱਛਾਂ ਦੇਣੀਆਂ ਅਤੇ ਭੂਤ ਕੱਢਣੇ ਕਰੋੜਾਂ ਰੁਪਏ ਦਾ ਕਾਰੋਬਾਰ ਬਣ ਚੁੱਕਾ ਹੈ। ਅਸੀਂ ਸਦੀਆਂ ਤੋਂ ਪਖੰਡਵਾਦ ਵਿੱਚ ਵਰਲਡ ਚੈਂਪੀਅਨ ਹਾਂ। ਜੇ ਅੰਗਰੇਜ਼ਾਂ ਨੇ ਕੰਪਿਊਟਰ ਬਣਾਇਆ ਤਾਂ ਅਸੀਂ ਵੱਖ ਵੱਖ ਧਰਮ ਅਤੇ ਦੇਵੀ ਦੇਵਤੇ ਬਣਾਏ। ਉਹਨਾਂ ਨੇ ਧਰਤੀ ਵਿੱਚੋਂ ਡੀਜ਼ਲ ਪੈਟਰੌਲ ਲੱਭਿਆ ਤਾਂ ਅਸੀਂ ਪੀਰਾਂ ਬਾਬਿਆਂ ਦੀਆਂ ਕਬਰਾਂ ਲੱਭੀਆਂ। ਉਹਨਾਂ ਨੇ ਹਵਾਈ ਜਹਾਜ਼ ਉਡਾਏ ਤਾਂ ਅਸੀਂ ਪੂਛੋਂ ਪਕੜ ਕੇ ਹਾਥੀ ਅਸਮਾਨ ਵਿੱਚ ਉਡਾ ਦਿੱਤੇ ਜੋ ਅੱਜ ਤੱਕ ਵਾਪਸ ਨਹੀਂ ਆਏ, ਹੋ ਸਕਦਾ ਸ਼ੁੱਕਰ ਗ੍ਰਹਿ ਉੱਤੇ ਘਾਹ ਚਰਦੇ ਹੋਣ। ਉਹਨਾਂ ਦੀਆਂ ਔਰਤਾਂ ਉਲੰਪਿਕ ਵਿੱਚ ਖੇਡਦੀਆਂ ਹਨ ਤਾਂ ਭਾਰਤੀ ਔਰਤਾਂ ਬਾਬਿਆਂ, ਸਾਧਾਂ ਅਤੇ ਤਾਂਤਰਿਕਾਂ ਕੋਲ ਖੇਡਦੀਆਂ ਹਨ। ਜੇ ਅੰਗਰੇਜ਼ਾਂ ਨੇ ਸਰਚ ਕਰਨ ਲਈ ਗੂਗਲ ਬਣਾਇਆ ਤਾਂ ਸਾਡੇ ਕੋਲ ਨਿਰਮਲ ਬਾਬਾ ਹੈ, ਜੋ ਸਭ ਕੁਝ ਪਹਿਲਾਂ ਹੀ ਦੱਸ ਦਿੰਦਾ ਹੈ।

ਵਾਸਤੂਕਲਾ ਵੀ ਬਹੁਤ ਵੱਡਾ ਪਖੰਡ ਹੈ। ਮੂਰਖ ਲੋਕ ਇਹਨਾਂ ਦੇ ਕਹਿਣ ਉੱਤੇ ਚੰਗੀਆਂ ਭਲੀਆਂ ਕੋਠੀਆਂ ਅਤੇ ਦਫਤਰ ਤੋੜ ਦਿੰਦੇ ਹਨ। ਖਾਸ ਤੌਰ ਉੱਤੇ ਸਿਆਸੀ ਲੋਕ ਮੰਤਰੀ ਬਣਦੇ ਸਾਰ ਪਹਿਲਾਂ ਸਰਕਾਰੀ ਕੋਠੀ ਅਤੇ ਦਫਤਰ ਦੀ ਤੋੜ ਭੰਨ ਹੀ ਕਰਵਾਉਂਦੇ ਹਨ, ਸਰਕਾਰੀ ਪੈਸਾ ਜੋ ਲੱਗਣਾ ਹੋਇਆ। ਕੀ ਵਾਸਤੂ ਸ਼ਾਸ਼ਤਰ ਮੁਤਾਬਕ ਬਣੇ ਘਰਾਂ ਵਿੱਚ ਮੌਤ ਜਾਂ ਬਿਮਾਰੀ ਨਹੀਂ ਆਉਂਦੀ ?

ਅੱਜ ਤੱਕ ਕਦੀ ਕਿਸੇ ਜੋਤਸ਼ੀ ਨੇ ਸੁਨਾਮੀ, ਭੁਚਾਲ, ਹੜ੍ਹ ਅਤੇ ਜੰਗ ਆਦਿ ਦੀ ਭਵਿੱਖਬਾਣੀ ਨਹੀਂ ਕੀਤੀ। ਕੁਦਰਤੀ ਆਫਤਾਂ ਆਉਣ ਉੱਤੇ ਸੈਂਕੜੇ ਜੋਤਸ਼ੀ ਅਤੇ ਤਾਂਤਰਿਕ ਵੀ ਆਮ ਲੋਕਾਂ ਦੇ ਨਾਲ ਹੀ ਮਾਰੇ ਜਾਂਦੇ ਹਨ। ਜੇ ਜੋਤਿਸ਼ ਸੱਚ ਹੁੰਦਾ ਤਾਂ ਟੇਵੇ, ਲਗਨ ਅਤੇ ਕੁੰਡਲੀਆਂ ਮਿਲਾ ਕੇ ਕਰਵਾਏ ਗਏ ਸਾਰੇ ਵਿਆਹ ਸਫਲ ਹੁੰਦੇ, ਕਦੇ ਵੀ ਤਲਾਕ ਨਾ ਹੁੰਦਾ। ਜੇ ਨਜ਼ਰ ਲੱਗਣ ਨਾਲ ਨੁਕਸਾਨ ਹੋ ਸਕਦਾ ਹੁੰਦਾ ਤਾਂ ਟਾਟਾ, ਬਿਰਲਾ ਅਤੇ ਅੰਬਾਨੀ ਕਦੇ ਦਾ ਸੜਕਾਂ ਉੱਤੇ ਆ ਜਾਂਦੇ। ਜੇ ਜੋਤਸ਼ੀਆਂ-ਤਾਂਤਰਿਕਾਂ ਦੇ ਉਪਾਵਾਂ ਵਿੱਚ ਸ਼ਕਤੀ ਹੁੰਦੀ ਤਾਂ ਇਹਨਾਂ ਦੇ ਬੱਚੇ ਕਰੋੜਪਤੀ ਹੁੰਦੇ।

ਪਖੰਡੀਆਂ ਵਿੱਚੋਂ ਸਭ ਤੋਂ ਵੱਧ ਬੇਰਹਿਮ ਤਾਂਤਰਿਕ ਹੁੰਦੇ ਹਨ। ਚੰਗੇ ਭਲੇ ਘਰਾਂ ਦੀਆਂ ਔਰਤਾਂ ਉਸ ਮੁਸ਼ਟੰਡੇ ਸਾਹਮਣੇ ਸਿਰ ਮਾਰ ਮਾਰ ਕੇ ਖੇਡਦੀਆਂ ਹਨ, ਕਈ ਤਾਂ ਇੱਜ਼ਤ ਤੱਕ ਲੁਟਾ ਬੈਠਦੀਆਂ ਹਨ। ਇਹ ਤਾਂਤਰਿਕ ਭੂਤ ਕੱਢਣ ਦੇ ਨਾਮ ਉੱਤੇ ਮਾਨਸਿਕ ਤੌਰ ਉੱਤੇ ਬਿਮਾਰ ਵਿਅਕਤੀਆਂ ਨੂੰ ਬੁਰੀ ਤਰ੍ਹਾਂ ਕੁੱਟਦੇ ਹਨ। ਵਿਚਾਰਾ ਮਰੀਜ਼ ਡਰ ਦਾ ਮਾਰਾ ਹੀ ਕਹਿ ਦਿੰਦਾ ਹੈ ਕਿ ਮੈਂ ਫਲਾਣੇ ਦਾ ਭੂਤ ਹਾਂ ਤੇ ਇਸ ਨੂੰ ਛੱਡ ਕੇ ਜਾ ਰਿਹਾ ਹਾਂ। ਭੂਤ ਨੂੰ ਕਿਸੇ ਦੀ ਅਤ੍ਰਿਪਤ ਆਤਮਾ ਮੰਨਿਆ ਜਾਂਦਾ ਹੈ। ਜਦੋਂ ਆਤਮਾ ਮਰ ਹੀ ਨਹੀਂ ਸਕਦੀ ਤਾਂ ਤਾਂਤਰਿਕ ਵੱਲੋਂ ਕੀਤੀ ਕੁਟਾਈ ਦਾ ਭੂਤ ਉੱਤੇ ਕੀ ਅਸਰ ? ਨਾਲੇ ਭੂਤ ਨੇ ਜੇ ਚੰਬੜਨਾ ਹੀ ਹੈ ਤਾਂ ਅਮਰੀਕਾ ਜਾ ਕੇ ਕਿਸੇ ਗੋਰੇ ਗੋਰੀ ਨੂੰ ਚੰਬੜੇ, ਐਵੇਂ ਗਵਾਂਢ ਦੀ ਝੁੱਗੀ ਵਿੱਚ ਕਿਸੇ ਗਰੀਬ ਔਰਤ ਨੂੰ ਚੰਬੜ ਕੇ ਗਰਮੀ ਨਾਲ ਮਰਨ ਦਾ ਕੀ ਫਾਇਦਾ ?

ਤਾਂਤਰਿਕ ਲੋਕਾਂ ਨੂੰ ਕੰਮ ਸਿੱਧ ਕਰਨ, ਇਸ਼ਕ ਸਫਲ ਕਰਨ, ਦੁਸ਼ਮਣ, ਸੌਂਕਣ ਖਤਮ ਕਰਨ ਅਤੇ ਦੱਬੇ ਖਜ਼ਾਨੇ ਪੁਟਾਉਣ ਦੇ ਨਾਮ ਉੱਤੇ ਰੱਜ ਕੇ ਲੁੱਟਦੇ ਹਨ। ਕਈ ਅਖਬਾਰਾਂ ਵਿੱਚ ਲੁਧਿਆਣੇ ਦੇ ਤਾਂਤਰਿਕਾਂ ਦੇ ਇਸ਼ਤਿਹਾਰ ਆਉਂਦੇ ਹਨ ਜੋ ਸ਼ਰੇਆਮ ਦੁਸ਼ਮਣ ਨੂੰ ਖਤਮ ਕਰਨ ਦੀ ਗਰੰਟੀ ਦਿੰਦੇ ਹਨ। ਇਹਨਾਂ ਦੇ ਕਹਿਣ ਉੱਤੇ ਵਹਿਮੀ ਔਰਤਾਂ ਔਲਾਦ ਪ੍ਰਾਪਤ ਕਰਨ ਲਈ ਦੂਸਰਿਆਂ ਦੇ ਬੱਚਿਆਂ ਦੀ ਬਲੀ ਤੱਕ ਦੇ ਦਿੰਦੀਆਂ ਹਨ।

**-ਬਲਰਾਜ ਸਿੰਘ ਸਿੱਧੂ**

# ਆਜ਼ਾਦ ਹਿੰਦ ਫ਼ੌਜ ਦਾ ਜਰਨੈਲ ਮੋਹਨ ਸਿੰਘ

**ਨਵਜੀਤ ਸਿੰਘ**

ਜਨਰਲ ਮੋਹਨ ਸਿੰਘ ਨੇ ਭਾਰਤ ਦੀ ਆਜ਼ਾਦੀ ਲਈ ਅੰਗਰੇਜ਼ੀ ਸ਼ਾਸਨ ਵਿਰੁੱਧ ਆਜ਼ਾਦ ਹਿੰਦ ਫੌਜ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਮੋਹਨ ਸਿੰਘ ਪਿਤਾ ਤਾਰਾ ਸਿੰਘ ਅਤੇ ਮਾਤਾ ਹੁਕਮ ਕੌਰ ਦੇ ਇਕਲੌਤੇ ਪੁੱਤਰ ਸਨ, ਜੋ ਪਿੰਡ ਉਗੋਕੇ, ਜ਼ਿਲ੍ਹਾ ਸਿਆਲਕੋਟ (ਪਾਕਿਸਤਾਨ) ਦੇ ਰਹਿਣ ਵਾਲੇ ਸਨ। ਉਨ੍ਹਾਂ ਦੇ ਜਨਮ ਤੋਂ 2 ਮਹੀਨੇ ਪਹਿਲਾਂ ਹੀ ਉਨ੍ਹਾਂ ਦੇ ਪਿਤਾ ਦਾ ਦੇਹਾਂਤ ਹੋ ਗਿਆ। ਮਾਤਾ ਹੁਕਮ ਕੌਰ ਸਿਆਲਕੋਟ ਜ਼ਿਲ੍ਹੇ ਦੇ ਬਦੀਆਨਾਂ ਪਿੰਡ ਵਿੱਚ ਵੱਸ ਗਈ। ਇੱਥੇ ਹੀ 1909 ਵਿੱਚ ਮੋਹਨ ਸਿੰਘ ਦਾ ਜਨਮ ਹੋਇਆ ਅਤੇ ਉਨ੍ਹਾਂ ਦਾ ਬਚਪਨ ਬੀਤਿਆ। 1927 ਵਿੱਚ ਉਹ ਹਾਈ ਸਕੂਲ ਪਾਸ ਕਰਨ ਤੋਂ ਬਾਅਦ ਭਾਰਤੀ ਸੈਨਾ ਦੀ ਪੰਜਾਬ ਰੈਜਮੈਂਟ ਦੀ 14ਵੀਂ ਬਟਾਲੀਆਨ ਵਿੱਚ ਭਰਤੀ ਹੋ ਗਏ। ਫ਼ਿਰੋਜ਼ਪੁਰ ਵਿੱਚ ਆਪਣੀ ਟਰੇਨਿੰਗ ਤੋਂ ਬਾਅਦ ਰੈਜਮੈਂਟ ਦੀ ਦੂਸਰੀ ਬਟਾਲੀਆਨ ਵਿੱਚ ਰਾਜ ਦੀ ਉੱਤਰੀ-ਪੱਛਮੀ ਸੀਮਾ 'ਤੇ ਤਾਇਨਾਤ ਰਹੇ। 1931 ਵਿੱਚ ਉਨ੍ਹਾਂ ਦੀ ਸੰਭਾਵੀ ਅਫ਼ਸਰ ਵਜੋਂ ਨਿਯੁਕਤੀ ਹੋਈ ਅਤੇ 6 ਮਹੀਨਿਆਂ ਬਾਅਦ ਉਨ੍ਹਾਂ ਨੇ ਨਾਉਗੋਗ ਮੱਧ ਪ੍ਰਦੇਸ਼ ਅਤੇ ਢਾਈ ਸਾਲ ਭਾਰਤੀ ਸੈਨਾ ਅਕੈਡਮੀ ਦੇਹਰਾਦੂਨ ਵਿੱਚ ਸਿਖਲਾਈ ਪ੍ਰਾਪਤ ਕੀਤੀ। 1939 ਵਿੱਚ ਸ਼ੁਰੂ ਹੋਈ ਦੂਜੀ ਸੰਸਾਰ ਜੰਗ ਦੌਰਾਨ ਮੋਹਨ ਸਿੰਘ ਕੈਪਟਨ ਬਣ ਗਏ ਅਤੇ ਉਨ੍ਹਾਂ ਦੀ ਬਟਾਲੀਆਨ ਦੂਰ ਪੂਰਬ ਵਿੱਚ ਆਪਣੀਆਂ ਸੇਵਾਵਾਂ ਨਿਭਾਅ ਰਹੀ ਸੀ। ਦਸੰਬਰ 1940 ਵਿੱਚ ਉਨ੍ਹਾਂ ਦਾ ਵਿਆਹ ਜਸਵੰਤ ਕੌਰ ਨਾਲ ਹੋਇਆ। 7 ਦਸੰਬਰ 1941 ਨੂੰ ਜਾਪਾਨ ਨੇ ਅਮਰੀਕਾ ਦੇ ਹਵਾਈ ਕੈਂਪ ਪੀਅਰਲ ਹਰਬਰ ਉੱਪਰ ਅਚਾਨਕ ਹਮਲਾ ਕਰ ਕੇ ਜੰਗ ਵਿੱਚ ਸ਼ਾਮਿਲ ਹੋ ਗਿਆ ਅਤੇ ਇੱਕ ਹਫ਼ਤੇ ਦੇ ਅੰਦਰ ਹੀ ਜਾਪਾਨ ਨੇ ਸਾਰੇ ਦੱਖਣ ਪੱਛਮੀ ਏਸ਼ੀਆ 'ਤੇ ਆਪਣਾ ਪ੍ਰਭਾਵ ਸਥਾਪਿਤ ਕਰ ਲਿਆ। ਇਸ ਮੌਕੇ ਬ੍ਰਿਟਿਸ਼ ਫ਼ੌਜ ਮਲਾਇਆ ਪ੍ਰਾਇਦੀਪ ਦੇ ਉੱਤਰੀ ਭਾਗ ਵਿੱਚ ਸੀ। ਇਸ ਵਿੱਚ ਕੈਪਟਨ ਮੋਹਨ ਸਿੰਘ ਦੀ 1/14 ਪੰਜਾਬ ਰੈਜਮੈਂਟ ਵੀ ਸ਼ਾਮਿਲ ਸੀ, ਜੋ ਦੱਖਣ ਵੱਲ ਚਲੀ ਗਈ। ਉਸ ਸਮੇਂ ਗਿਆਨੀ ਪ੍ਰੀਤਮ ਸਿੰਘ ਦੇ ਅਧੀਨ ਭਾਰਤੀ ਫ਼ੌਜ ਨੇ 4 ਦਸੰਬਰ 1941 ਨੂੰ ਜਾਪਾਨ ਇੰਟੈਲੀਜੈਂਸੀ ਦੇ ਮੁੱਖ ਅਫ਼ਸਰ ਮੇਜਰ ਫੁਜੀਵਾੜਾ ਨਾਲ ਸੰਗਠਨ ਕਰ ਲਿਆ ਅਤੇ ਕੈਪਟਨ ਮੋਹਨ ਸਿੰਘ ਨੇ ਇਸ ਗਰੁੱਪ ਨਾਲ ਅਲੋਸਟਰ ਨੇੜੇ ਸੰਪਰਕ ਕੀਤਾ। ਯੁੱਧ ਦੇ ਸਾਰੇ ਭਾਰਤੀ ਕੈਦੀ ਉਨ੍ਹਾਂ ਦੀ ਪ੍ਰਧਾਨਗੀ ਹੇਠ ਇਕੱਠੇ ਹੋਏ। 11 ਜਨਵਰੀ 1942 ਨੂੰ ਕੁਆਲਾਲੰਪੁਰ ਵਿੱਚ 3500 ਭਰਤੀ ਕੈਦੀਆਂ ਅਤੇ ਸਿੰਗਾਪੁਰ ਵਿੱਚ 15 ਫਰਵਰੀ ਨੂੰ 85000 ਬ੍ਰਿਟਿਸ਼ ਸੈਨਿਕ, ਜਿਨ੍ਹਾਂ ਵਿੱਚ 45000 ਭਾਰਤੀ ਸਨ, ਨੇ ਆਤਮ ਸਮਰਪਣ ਕੀਤਾ। ਮੋਹਨ ਸਿੰਘ ਨੇ ਇਨ੍ਹਾਂ ਵਾਲੰਟੀਅਰਾਂ ਨੂੰ ਆਜ਼ਾਦ ਹਿੰਦ ਫ਼ੌਜ ਦੇ ਮੈਂਬਰ ਬਣ ਕੇ ਭਾਰਤ ਨੂੰ ਅੰਗਰੇਜ਼ਾਂ ਤੋਂ ਆਜ਼ਾਦ ਕਰਾਉਣ ਲਈ ਲੜਨ ਲਈ ਕਿਹਾ। ਭਾਰੀ ਗਿਣਤੀ ਵਿੱਚ ਭਾਰਤੀ ਸੈਨਿਕ ਅੱਗੇ ਆਏ ਅਤੇ ਆਜ਼ਾਦ ਹਿੰਦ ਫ਼ੌਜ ਵਿੱਚ ਸ਼ਾਮਿਲ ਹੋ ਗਏ। 1 ਸਤੰਬਰ 1942 ਤਕ ਇਸ ਦੇ ਵਾਲੰਟੀਆਰਾਂ ਦੀ ਗਿਣਤੀ 40000 ਤਕ ਪਹੁੰਚ ਗਈ ਅਤੇ ਮੋਹਨ ਸਿੰਘ ਨੂੰ ਇਸ ਦਾ ਜਨਰਲ ਥਾਪਿਆ ਗਿਆ।



ਇਸ ਸਮੇਂ ਦੌਰਾਨ ਰਾਸ ਬਿਹਾਰੀ ਬੋਸ ਦੀ ਦੇਖਰੇਖ ਹੇਠ 15-23 ਜੂਨ 1942 ਨੂੰ ਬੈਂਕਾਕ ਵਿੱਚ ਭਾਰਤੀ ਸੁਤੰਤਰਤਾ ਲੀਗ ਦੀਆਂ ਲਗਾਤਾਰ ਕਾਨਫਰੰਸਾਂ ਹੋਈਆਂ। ਰਾਸ ਬਿਹਾਰੀ ਨੇ ਹੀ ਆਜ਼ਾਦ ਹਿੰਦ ਫੌਜ ਦਾ ਉਦਘਾਟਨ ਕੀਤਾ। ਇਨ੍ਹਾਂ ਕਾਨਫਰੰਸਾਂ ਵਿੱਚ 35 ਮਤੇ ਪਾਸ ਹੋਏ ਅਤੇ ਮੋਹਨ ਸਿੰਘ ਨੂੰ ਆਜ਼ਾਦ ਹਿੰਦ ਫ਼ੌਜ ਦਾ ਚੀਫ਼ ਕਮਾਂਡਰ ਚੁਣਿਆ ਗਿਆ। ਜਨਰਲ ਮੋਹਨ ਸਿੰਘ ਨੂੰ ਜਦੋਂ ਪਤਾ ਲੱਗਾ ਕਿ ਜਾਪਾਨ ਸਰਕਾਰ ਉਨ੍ਹਾਂ ਨੂੰ ਇੱਥੇ ਹੀ ਰੋਕ ਕੇ ਰੱਖਣਾ ਚਾਹੁੰਦੀ ਹੈ ਤਾਂ ਉਨ੍ਹਾਂ ਨੂੰ ਬਹੁਤ ਨਿਰਾਸ਼ਾ ਹੋਈ। 29 ਦਸੰਬਰ 1942 ਨੂੰ ਮੋਹਨ ਸਿੰਘ ਨੂੰ ਅਹੁਦੇ ਤੋਂ ਲਾਹ ਦਿੱਤਾ ਗਿਆ ਤੇ ਜਾਪਾਨੀ ਸੈਨਾ ਨੇ ਆਜ਼ਾਦ ਹਿੰਦ ਫ਼ੌਜ ਨੂੰ ਆਪਣੇ ਅਧੀਨ ਲੈ ਲਿਆ। ਇਸ ਸਮੇਂ ਹੀ ਸੁਭਾਸ਼ ਚੰਦਰ ਬੋਸ ਜਰਮਨੀ ਤੋਂ ਜਾਪਾਨ ਆਏ। ਇਸ ਨਾਲ ਆਜ਼ਾਦ ਹਿੰਦ ਫੌਜ ਵਿੱਚ ਨਵਾਂ ਉਤਸ਼ਾਹ ਪੈਦਾ ਹੋ ਗਿਆ। ਜਨਰਲ ਮੋਹਨ ਸਿੰਘ ਨੂੰ ਆਜ਼ਾਦ ਹਿੰਦ ਫ਼ੌਜ ਦੀ ਦੁਬਾਰਾ ਕਮਾਂਡ ਸੌਂਪੀ ਗਈ ਅਤੇ ਸੁਭਾਸ਼ ਚੰਦਰ ਬੋਸ ਆਜ਼ਾਦ ਹਿੰਦ ਫ਼ੌਜ ਦੇ ਸੰਵਿਧਾਨਕ ਸਰਕਾਰ ਦੇ ਪ੍ਰਧਾਨ ਵਜੋਂ ਇਸ ਦੇ ਮੁੱਖ ਕਮਾਂਡਰ ਬਣ ਗਏ।

ਆਜ਼ਾਦ ਹਿੰਦ ਫ਼ੌਜ ਨੇ 1944 ਵਿੱਚ ਭਾਰਤੀ-ਬਰਮਾ ਬਾਰਡਰ 'ਤੇ ਹਮਲਾ ਕੀਤਾ ਅਤੇ ਸ਼ੁਰੂਆਤੀ ਦੌਰ ਵਿੱਚ ਵਿਰੋਧੀ ਸੈਨਾ 'ਤੇ ਭਾਰੂ ਰਹੀ। ਬ੍ਰਿਟਿਸ਼ ਸੈਨਾਂ ਨੇ 1944-45 ਦੀਆਂ ਸਰਦੀਆਂ ਵਿੱਚ ਇਸ ਵਿਰੁੱਧ ਜਵਾਬੀ ਹਮਲਾ ਕੀਤਾ। ਜਾਪਾਨੀ ਸੈਨਾ ਅਤੇ ਆਜ਼ਾਦ ਹਿੰਦ ਫ਼ੌਜ ਦੇ ਸੈਨਿਕ ਹਾਰ ਗਏ ਅਤੇ 14 ਅਗਸਤ 1945 ਨੂੰ ਜਾਪਾਨ ਨੇ ਆਤਮ ਸਮਰਪਣ ਕਰ ਦਿੱਤਾ। ਇਸ ਤੋਂ ਪਹਿਲਾਂ ਹੀ ਮਈ-ਜੂਨ 1945 ਵਿੱਚ ਆਜ਼ਾਦ ਹਿੰਦ ਫ਼ੌਜ ਦੇ ਲਗਪਗ 20000 ਦੇ ਕਰੀਬ ਅਫ਼ਸਰਾਂ ਅਤੇ ਸੈਨਿਕਾਂ ਨੂੰ ਕੈਦੀ ਬਣਾ ਕੇ ਭਾਰਤ ਲਿਆਂਦਾ ਗਿਆ। 1945 ਵਿੱਚ ਇਨ੍ਹਾਂ ਸਾਰਿਆਂ ਨੂੰ ਆਜ਼ਾਦ ਕਰ ਦਿੱਤਾ ਗਿਆ। ਜਨਰਲ ਮੋਹਨ ਸਿੰਘ ਅਤੇ ਉਸ ਦੇ ਸਾਥੀਆਂ ਦੀ ਪੂਰੇ ਦੇਸ਼ ਵਿੱਚ ਸ਼ਲਾਘਾ ਹੋਈ। ਜਨਰਲ ਮੋਹਨ ਸਿੰਘ ਦਾ ਆਜ਼ਾਦ ਭਾਰਤ ਦਾ ਸੁਫ਼ਨਾ 15 ਅਗਸਤ 1947 ਨੂੰ ਪੂਰਾ ਹੋਇਆ ਪਰ ਇਸ ਦੇ ਨਾਲ ਹੀ ਦੇਸ਼ ਦੀ ਵੰਡ ਹੋ ਗਈ। ਮੋਹਨ ਸਿੰਘ ਵੀ ਰਫਿਊਜੀ ਦੇ ਤੌਰ 'ਤੇ ਆਪਣਾ ਘਰ ਸਿਆਲਕੋਟ (ਪਾਕਿਸਤਾਨ) ਤੋਂ ਛੱਡ ਕੇ ਭਾਰਤ ਆ ਗਿਆ। ਇੱਥੇ ਲੁਧਿਆਣਾ ਜ਼ਿਲ੍ਹੇ ਦੇ ਜੁਗੀਆਣਾ ਪਿੰਡ ਵਿੱਚ ਉਨ੍ਹਾਂ ਨੂੰ ਕੁਝ ਜ਼ਮੀਨ ਮਿਲੀ ਤੇ ਉਹ ਆਪਣੀ ਜ਼ਿੰਦਗੀ ਦੇ ਅੰਤਿਮ ਸਮੇਂ ਤਕ ਇੱਥੇ ਹੀ ਟਿਕੇ ਰਹੇ। ਇੱਥੇ ਹੀ ਉਹ ਭਾਰਤੀ ਰਾਸ਼ਟਰੀ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋ ਗਏ। ਉਹ ਦੋ ਵਾਰ ਰਾਜ ਸਭਾ ਦੇ ਮੈਂਬਰ ਬਣੇ। ਅੰਤ 26 ਦਸੰਬਰ 1989 ਨੂੰ ਜੁਗਿਆਣਾ ਵਿੱਚ ਜਨਰਲ ਮੋਹਨ ਸਿੰਘ ਦਾ ਦੇਹਾਂਤ ਹੋ ਗਿਆ।

# ਨੌਵੇਂ ਪਾਤਸ਼ਾਹ ਨਾਲ ਸਬੰਧਿਤ ਹਰਿਆਣਾ ਦੇ ਗੁਰਦੁਆਰੇ

**ਇਕਬਾਲ ਸਿੰਘ ਹਮਜਾਪੁਰ**



ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਜਿੱਥੇ ਬਾਣੀ ਰਾਹੀਂ ਸਦਭਾਵਨਾ ਦਾ ਸੰਦੇਸ਼ ਦਿੱਤਾ, ਉੱਥੇ ਹੀ ਧਰਮ ਰੱਖਿਅਕ ਬਣ ਕੇ ਹਿੰਦੂ-ਸਿੱਖਾਂ ਲਈ ਕੁਰਬਾਨੀ ਵੀ ਦਿੱਤੀ।

1675 ਵਿੱਚ ਜਦੋਂ ਔਰਗਜ਼ੇਬ ਹਿੰਦੂ-ਸਿੱਖਾਂ ਨੂੰ ਜ਼ਬਰਦਸਤੀ ਮੁਸਲਮਾਨ ਬਣਾ ਰਿਹਾ ਸੀ ਤਾਂ ਗੁਰੂ ਤੇਗ਼ ਬਹਾਦਰ ਜੀ ਨੇ ਦਿੱਲੀ ਦੇ ਚਾਂਦਨੀ ਚੌਕ ਵਿੱਚ ਸ਼ਹਾਦਤ ਦਿੱਤੀ ਸੀ। ਸ਼ਹਾਦਤ ਵੇਲੇ ਦਿੱਲੀ ਵੱਲ ਨੂੰ ਜਾਂਦਿਆਂ ਗੁਰੂ ਜੀ ਹਰਿਆਣੇ ਵਿੱਚੋਂ ਲੰਘੇ ਸਨ। ਉਸ ਵੇਲੇ ਹਰਿਆਣੇ ਵਿੱਚ ਜਿੱਥੇ ਜਿੱਥੇ ਗੁਰੂ ਜੀ ਨੇ ਪੜਾਅ ਕੀਤਾ, ਉੱਥੇ ਹੁਣ ਆਲੀਸ਼ਾਨ ਗੁਰਦੁਆਰੇ ਸੁਸ਼ੋਭਿਤ ਹਨ। ਜੀਂਦ ਜ਼ਿਲ੍ਹੇ ਦੇ ਪਿੰਡ ਧਮਤਾਨ ਸਾਹਿਬ, ਖਰਕਭੂਰਾ ਤੇ ਖਟਕੜ ਵਿੱਚ ਗੁਰੂ ਜੀ ਦੀ ਯਾਦ ਵਿੱਚ ਗੁਰਦੁਆਰੇ ਬਣੇ ਹੋਏ ਹਨ।

ਪਿੰਡ ਧਮਤਾਨ ਸਾਹਿਬ ਵਿੱਚ ਜਦੋਂ ਗੁਰੂ ਜੀ ਰੁਕੇ ਤਾਂ ਉਨ੍ਹਾਂ ਵੇਖਿਆ ਕਿ ਰਾਮਦੇਵ ਨਾਂ ਦਾ ਇੱਕ ਵਿਅਕਤੀ ਦੂਰੋਂ ਪਾਣੀ ਲਿਆ ਕੇ ਲੋਕਾਂ ਨੂੰ ਪਿਆ ਰਿਹਾ ਹੈ। ਪਿੰਡ ਦੇ ਨਜ਼ਦੀਕ ਕਿਤੇ ਵੀ ਪਾਣੀ ਨਹੀਂ ਸੀ। ਰਾਮਦੇਵ ਕਈ ਸਾਲਾਂ ਤੋਂ ਪਾਣੀ ਦੀ ਨਿਰਸਵਾਰਥ ਸੇਵਾ ਕਰ ਰਿਹਾ ਸੀ। ਰਾਮਦੇਵ ਦੀ ਸੇਵਾ ਭਾਵਨਾ ਤੋਂ ਖ਼ੁਸ਼ ਹੋ ਕੇ ਗੁਰੂ ਤੇਗ਼ ਬਹਾਦਰ ਜੀ ਨੇ ਉਸ ਨੂੰ ਧੌਂਸਾ, ਝੰਡਾ ਤੇ ਦਸਤਾਰ ਦਿੰਦਿਆਂ ਭਾਈ ਮੀਹਾਂ ਦੀ ਉਪਾਧੀ ਦਿੱਤੀ। ਉਨ੍ਹਾਂ ਆਖਿਆ, "ਭਾਈ ਮੀਹਾਂ ਤੇਰੇ ਪਿੰਡ ਵਿੱਚ ਦੁੱਧ ਦੀ ਨਦੀ ਵਗਿਆ ਕਰੇਗੀ ਤੇ ਅਨਾਜ ਦੇ ਭੰਡਾਰ ਹੋਇਆ ਕਰਨਗੇ।" ਗੁਰੂ ਜੀ ਨਾਲ ਮਿਲਾਪ ਹੋਣ ਤੋਂ ਬਾਅਦ ਭਾਈ ਮੀਹਾਂ ਨੇ ਰੋਜ਼ਾਨਾ ਧੌਂਸਾ (ਨਗਾਰਾ) ਵਜਾ ਕੇ ਸੰਗਤ ਨੂੰ ਲੰਗਰ ਛਕਾਉਣਾ ਸ਼ੁਰੂ ਕਰ ਦਿੱਤਾ। ਇਹ ਪਰੰਪਰਾ ਅੱਜ ਵੀ ਜਾਰੀ ਹੈ। ਗੁਰੂ ਤੇਗ਼ ਬਹਾਦਰ ਜੀ ਦੀ ਯਾਦ ਵਿੱਚ ਇੱਥੇ ਆਲੀਸ਼ਾਨ ਗੁਰਦੁਆਰਾ ਸੁਸ਼ੋਭਿਤ ਹੈ। ਧਮਤਾਨ ਪਹਿਲਾਂ ਰਿਆਸਤ ਪਟਿਆਲਾ ਤੇ ਤਹਿਸੀਲ ਸੁਨਾਮ ਦਾ ਪਿੰਡ ਸੀ। ਰਿਆਸਤਾਂ ਸਮੇਂ ਇੱਥੇ ਮਹਾਰਾਜਾ ਕਰਮ ਸਿੰਘ ਨੇ ਗੁਰਦੁਆਰੇ ਦੀ ਉਸਾਰੀ ਕਰਵਾਈ ਸੀ ਤੇ ਰਿਆਸਤਾਂ ਦੀ ਸਮਾਪਤੀ ਤੋਂ ਬਾਅਦ ਇਹ ਅਸਥਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਆ ਗਿਆ। ਧਮਤਾਨ ਸਾਹਿਬ ਵਿੱਚ ਗੁਰੂ ਤੇਗ਼ ਬਹਾਦਰ ਜੀ ਤੇ ਭਾਈ ਮੀਹਾਂ ਦੀ ਯਾਦ ਵਿੱਚ ਹਰ ਮਹੀਨੇ ਮੱਸਿਆ ਵਾਲੇ ਦਿਨ ਜੋੜ ਮੇਲਾ ਹੁੰਦਾ ਹੈ।

ਸੰਗਤ ਦੀ ਬੇਨਤੀ 'ਤੇ ਗੁਰੂ ਤੇਗ਼ ਬਹਾਦਰ ਜੀ ਦਿੱਲੀ ਨੂੰ ਜਾਂਦਿਆਂ ਇੱਕ ਦਿਨ ਪਿੰਡ ਖਰਕਭੂਰਾ ਵਿੱਚ ਰੁਕੇ ਸਨ। ਗੁਰੂ ਜੀ ਨੇ ਪਿੰਡ ਦੇ ਉੱਤਰੀ-ਪੂਰਬੀ ਪਾਸੇ ਸਥਿਤ ਛੱਪੜ ਦੇ ਕੰਢੇ 'ਤੇ ਪੜਾਅ ਕੀਤਾ ਸੀ। ਗੁਰੂ ਜੀ ਨੇ ਪਿੰਡ ਵਾਸੀਆਂ ਨੂੰ ਸੰਪਰਦਾਇਕ ਸਦਭਾਵਨਾ ਦੀ ਰਾਹ ਉੱਤੇ ਚੱਲਣ ਦੀ ਪ੍ਰੇਰਨਾ ਦਿੱਤੀ ਤੇ ਧਰਮ ਹਿੱਤ ਸੀਸ ਦੇਣ ਦਾ ਪਾਠ ਪੜ੍ਹਾਇਆ ਸੀ। ਗੁਰੂ ਤੇਗ਼ ਬਹਾਦਰ ਜੀ ਦੀਆਂ ਸਿੱਖਿਆਵਾਂ ਤੋਂ ਪ੍ਰਭਾਵਿਤ ਹੋ ਕੇ ਭੂਰਾ ਵਾਸੀਆਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਗੁਰੂ ਤੇਗ਼ ਬਹਾਦਰ ਜੀ ਦੀ ਯਾਦ ਵਿੱਚ ਗੁਰਦੁਆਰੇ ਦਾ ਨਿਰਮਾਣ ਕਰਵਾਇਆ ਸੀ। ਇਸ ਗੁਰਦੁਆਰੇ ਵਿੱਚ ਆਪਸੀ ਭਾਈਚਾਰੇ ਦੀ ਵੰਨਗੀ ਵੇਖਣ ਨੂੰ ਮਿਲਦੀ ਹੈ। ਪਿੰਡ ਵਿੱਚ ਸਿੱਖਾਂ ਦਾ ਇੱਕ ਵੀ ਘਰ ਨਾ ਹੋਣ ਦੇ ਬਾਵਜੂਦ ਪਿੰਡ ਵਾਸੀ ਵਰ੍ਹਿਆਂ ਤੋਂ ਗੁਰਦੁਆਰੇ ਦੀ ਸਾਂਭ-ਸੰਭਾਲ ਕਰ ਰਹੇ ਹਨ।

ਗੁਰੂ ਤੇਗ਼ ਬਹਾਦਰ ਜੀ ਨਰਵਾਣਾ-ਜੀਂਦ ਸੜਕ 'ਤੇ ਵੱਸਦੇ ਪਿੰਡ ਖਟਕੜ ਵਿੱਚ ਵੀ ਪਧਾਰੇ ਸਨ। ਗੁਰੂ ਜੀ ਨੇ ਖਟਕੜ ਦੇ ਦੱਖਣ-ਪੂਰਬ ਵਿੱਚ ਛੱਪੜ ਕਿਨਾਰੇ ਪੜਾਅ ਕੀਤਾ ਸੀ, ਜਿੱਥੇ ਸੁੰਦਰ ਗੁਰਦੁਆਰਾ ਸੁਸ਼ੋਭਿਤ ਹੈ। ਖਟਕੜ ਵਿੱਚ ਵੀ ਸਿੱਖਾਂ ਦਾ ਕੋਈ ਘਰ ਨਹੀਂ ਹੈ, ਫਿਰ ਵੀ ਸਵੇਰੇ-ਸ਼ਾਮ ਸੰਗਤ ਗੁਰਦੁਆਰੇ ਵਿੱਚ ਜੁੜਦੀ ਹੈ। ਗੁਰੂ ਜੀ ਨੇ ਲੋਕਾਈ ਦੇ ਭਲੇ ਲਈ ਥਾਂ-ਥਾਂ ਅਨੇਕ ਖੂਹਾਂ ਤੇ ਬਾਉਲੀਆਂ ਦਾ ਨਿਰਮਾਣ ਕਰਵਾਇਆ ਸੀ। ਪਿੰਡ ਖਟਕੜ ਵਿੱਚ ਵੀ ਗੁਰੂ ਜੀ ਨੇ ਸੰਗਤ ਨੂੰ ਕੁਝ ਵਿਸ਼ੇਸ਼ ਥਾਵਾਂ 'ਤੇ ਖੂਹ ਪੁੱਟਣ ਲਈ ਕਿਹਾ ਸੀ ਤੇ ਸੰਗਤ ਨੂੰ ਮਿੱਠਾ ਪਾਣੀ ਮਿਲਿਆ ਸੀ। ਇਨ੍ਹਾਂ ਖੂਹਾਂ ਵਿੱਚੋਂ ਜਿਸ ਖੂਹ ਦਾ ਪਾਣੀ ਲੋਕਾਈ ਪੀਣ ਲਈ ਵਰਤਦੀ ਰਹੀ, ਬਾਅਦ ਵਿੱਚ ਉਹ ਚਿੱਟੇ ਖੂਹ ਦੇ ਨਾਂ ਨਾਲ ਪ੍ਰਸਿੱਧ ਹੋਇਆ। ਜੀਂਦ ਜ਼ਿਲ੍ਹੇ ਦੇ ਉਚਾਨਾ ਕਸਬੇ ਤੋਂ ਦਸ ਕਿਲੋਮੀਟਰ ਦੂਰ ਬਾਬਾ ਹਰਬੰਸ ਸਿੰਘ ਦਿੱਲੀ ਵਾਲਿਆਂ ਦੀ ਦੇਖਰੇਖ ਵਿੱਚ ਤੇ ਖਟਕੜ ਵਾਸੀਆਂ ਦੇ ਸਹਿਯੋਗ ਨਾਲ ਬਣੇ ਗੁਰਦੁਆਰਾ ਗੁਰੂ ਤੇਗ਼ ਬਹਾਦਰ ਦੀ ਸ਼ੋਭਾ ਲਾਮਿਸਾਲ ਹੈ। ਗੁਰਦੁਆਰੇ ਕੋਲ ਉਹ ਬੋਹੜ ਅੱਜ ਵੀ ਸੁਰੱਖਿਅਤ ਹੈ, ਜਿਸ ਥੱਲੇ ਗੁਰੂ ਜੀ ਨੇ ਵਿਸ਼ਰਾਮ ਕੀਤਾ ਸੀ ਤੇ ਘੋੜੇ ਬੰਨ੍ਹੇ ਸਨ। ਇੱਥੇ ਹੀ ਮੂਲਾ ਨਾਮਕ ਚੋਰ ਗੁਰੂ ਜੀ ਦੇ ਚਰਨੀਂ ਆ ਪਿਆ ਸੀ ਤੇ ਉਸ ਨੇ ਆਪਣੀਆਂ ਭੁੱਲਾਂ ਬਖ਼ਸ਼ਾਈਆਂ ਸਨ। ਮੂਲਾ ਚੋਰੀ ਕਰਨੀ ਛੱਡ ਕੇ ਗੁਰੂ ਜੀ ਦਾ ਸਿੱਖ ਬਣ ਗਿਆ ਸੀ। ਗੁਰਦੁਆਰਾ ਗੁਰੂ ਤੇਗ਼ ਬਹਾਦਰ ਵਿੱਚ ਹਰ ਮਹੀਨੇ ਸ਼ੁਕਲ ਪੱਖ ਦੀ ਪੰਚਮੀ ਤੇ ਦਸਮੀ ਨੂੰ ਸੰਗਤ ਜੁੜਦੀ ਹੈ।

# ਸੁਲਤਾਨਪੁਰ ਲੋਧੀ ਦੀ ਇਤਿਹਾਸਕ ਇਮਾਰਤ

**ਡਾਕਟਰ ਆਸਾ ਸਿੰਘ ਘੁੰਮਣ**



ਸੁਲਤਾਨਪੁਰ ਲੋਧੀ ਪ੍ਰਾਚੀਨ ਸਮਿਆਂ ਤੋਂ ਪੰਜਾਬ ਦਾ ਬਹੁਤ ਮਹੱਤਵਪੂਰਨ ਸ਼ਹਿਰ ਰਿਹਾ ਹੈ। ਹਿਊਨ ਸਾਂਗ ਦੇ ਦੱਸਣ ਅਨੁਸਾਰ ਉਹ ਜਦੋਂ 634 ਈ: ਦੇ ਕਰੀਬ ਇੱਥੇ ਆਇਆ ਤਾਂ ਉਸ ਵੇਲੇ ਇਹ ਤਮਸਵਨ ਦੇ ਨਾਂਅ ਨਾਲ ਘੁੱਗ ਵਸਦਾ ਸ਼ਹਿਰ ਸੀ। ਹਿਊਨ ਸਾਂਗ ਕਿਉਂਕਿ ਆਪ ਇਕ ਵੱਡਾ ਬੋਧੀ ਸ਼ਰਧਾਲੂ ਸੀ, ਇਸ ਲਈ ਉਸ ਦੀ ਦਿਲਚਸਪੀ ਉਨ੍ਹਾਂ ਸ਼ਹਿਰਾਂ ਵਿਚ ਸੀ, ਜਿੱਥੇ ਬੋਧੀ ਕੇਂਦਰ ਸਨ। ਉਸ ਦੇ ਦੱਸਣ ਮੁਤਾਬਕ ਉਸ ਸਮੇਂ ਇੱਥੇ ਕਾਫੀ ਵੱਡਾ ਬੋਧੀ ਕੇਂਦਰ ਸੀ, ਜਿੱਥੇ 300 ਦੇ ਕਰੀਬ ਬੋਧੀ ਭਿਕਸ਼ੂ ਬੁੱਧ ਧਰਮ ਦੇ ਅਧਿਐਨ ਅਤੇ ਪ੍ਰਸਾਰ ਦੇ ਕਾਰਜ ਵਿਚ ਲੱਗੇ ਹੋਏ ਸਨ। ਇੱਥੇ ਸਮਰਾਟ ਅਸ਼ੋਕ ਨੇ ਇਕ ਸਤੂਪਾ ਵੀ ਬਣਵਾਇਆ ਸੀ। ਮਹਿਮੂਦ ਗਜ਼ਨਵੀ ਦੇ ਹੱਲਿਆਂ ਨੇ ਤਮਸਵਨ ਨੂੰ ਤਹਿਸ-ਨਹਿਸ ਕਰ ਦਿੱਤਾ। ਲੋਧੀ ਸਲਤਨਤ ਦੇ ਅਧੀਨ ਜਲੰਧਰ-ਦੁਆਬ ਦੀ ਰਾਜਧਾਨੀ ਹੁੰਦਿਆਂ ਨਵਾਬ ਦੌਲਤ ਖਾਨ ਲੋਧੀ ਨੇ ਇਸ ਨੂੰ ਆਪਣਾ ਸਦਰੇ ਮੁਕਾਮ ਬਣਾਇਆ ਅਤੇ ਇਕ ਵਾਰੀ ਫਿਰ ਇਸ ਦਾ ਬਹੁ-ਪੱਖੀ ਵਿਕਾਸ ਕਰਕੇ ਇਸ ਨੂੰ ਪ੍ਰਸਿੱਧੀ ਦੀ ਬੁਲੰਦੀ 'ਤੇ ਲੈ ਆਂਦਾ। ਮੁਗਲ ਕਾਲ ਦੇ ਦਰਮਿਆਨ ਵੀ ਇਸ ਦਾ ਜਾਹੋ-ਜਲਾਲ ਕਾਇਮ ਰਿਹਾ। ਲਾਹੌਰ-ਦਿੱਲੀ ਸ਼ਾਹ ਮਾਰਗ 'ਤੇ ਵੱਡਾ ਅਤੇ ਮਹੱਤਵਪੂਰਨ ਸ਼ਹਿਰ ਹੋਣ ਕਰਕੇ ਇੱਥੇ ਰਾਜਿਆਂ-ਰਾਣਿਆਂ ਦਾ ਆਉਣਾ-ਜਾਣਾ ਬਣਿਆ ਰਹਿੰਦਾ ਸੀ। ਦਾਰਾ ਸ਼ਿਕੋਹ ਵਰਗੇ ਸ਼ਾਹਜ਼ਾਦੇ ਇੱਥੇ ਮੌਲਾਨਾ ਅਬਦੁੱਲਾ ਸੁਲਤਾਨਪੁਰੀ ਵਰਗੇ ਉਸਤਾਦਾਂ ਕੋਲੋਂ ਵਿੱਦਿਆ-ਪ੍ਰਾਪਤੀ ਲਈ ਆਉਂਦੇ ਸਨ।

ਮੌਜੂਦਾ ਸੁਲਤਾਨਪੁਰ ਲੋਧੀ ਨਾ ਬੋਧੀਆਂ ਕਰਕੇ ਜਾਣਿਆ ਜਾਂਦਾ ਹੈ, ਨਾ ਹੀ ਲੋਧੀਆਂ ਕਰਕੇ ਅਤੇ ਨਾ ਹੀ ਮੁਗ਼ਲਾਂ ਕਰਕੇ। ਅੱਜ ਇਹ ਸਾਰੇ ਵਿਸ਼ਵ 'ਤੇ ਗੁਰੂ ਨਾਨਕ ਦੇਵ ਜੀ ਕਰਕੇ ਮਸ਼ਹੂਰ ਹੈ। ਗੁਰੂ ਜੀ ਦੇ ਇੱਥੇ ਭੈਣ ਨਾਨਕੀ ਕੋਲ ਠਹਿਰਾਅ ਸਮੇਂ ਦੀਆਂ ਅਹਿਮ ਘਟਨਾਵਾਂ ਨੂੰ ਚਿਰੰਜੀਵ ਕਰਨ ਲਈ ਥਾਂ-ਥਾਂ 'ਤੇ ਗੁਰਦੁਆਰੇ ਤਾਮੀਰ ਕਰ ਦਿੱਤੇ ਗਏ ਹਨ। ਇਨ੍ਹਾਂ ਵਿੱਚੋਂ ਸਭ ਤੋਂ ਮਹੱਤਵਪੂਰਨ ਹੈ ਗੁਰਦੁਆਰਾ ਬੇਰ ਸਾਹਿਬ, ਜਿੱਥੇ ਗੁਰੂ ਜੀ ਨਿਤਾਪ੍ਰਤੀ ਇਸ਼ਨਾਨ, ਚਿੰਤਨ ਤੇ ਨਾਮ-ਚਰਚਾ ਕਰਦੇ ਸਨ। ਬੇਰ ਸਾਹਿਬ ਨੂੰ ਜਾਂਦਿਆਂ ਕੁਝ ਸਾਲ ਪਹਿਲਾਂ ਤੱਕ ਸ਼ਰਧਾਲੂਆਂ ਦੀ ਨਜ਼ਰੇ ਖੇਤਾਂ ਵਿਚ ਸਥਿਤ ਇਕ ਅਸ਼ਟ-ਭੁਜਾ ਪੁਰਤਾਨ ਇਮਾਰਤ ਕੱਲ-ਮ-ਕੱਲੀ ਮਯੂਸ ਖੜ੍ਹੀ ਨਜ਼ਰ ਆਉਂਦੀ ਹੁੰਦੀ ਸੀ। ਪੁਰਾਤਨ ਪੁਲ ਦੇ ਸਾਹਮਣੇ ਵੇਈਂ ਤੋਂ ਕੁਝ ਹਟਵੀਂ ਜਗ੍ਹਾ 'ਤੇ ਇਹ ਅੱਜ ਵੀ ਉਂਜ ਹੀ ਕਾਇਮ ਹੈ, ਭਾਵੇਂ ਕਿ ਸੜਕ 'ਤੇ ਬਹੁਤ ਸਾਰੀਆਂ ਇਮਾਰਤਾਂ ਦਾ ਘੜਮੱਸ ਖੜ੍ਹਾ ਹੋ ਜਾਣ ਕਾਰਨ ਹੁਣ ਇਹ ਵੇਈਂ ਦੇ ਦੂਜੇ ਪਾਸੇ ਗਿਆਂ ਹੀ ਨਜ਼ਰੇ ਪੈਂਦੀ ਹੈ। ਪੁਰਾਤਨ ਪੁਲ ਨੂੰ ਸਥਾਨਕ ਲੋਕ ਜਹਾਂਗੀਰੀ ਪੁਲ, ਪੁਰਾਤਨ ਪੁਲ ਜਾਂ ਕੰਜਰੀ ਪੁਲ ਕਹਿੰਦੇ ਰਹੇ ਹਨ ਤੇ ਇਸ ਸਮਾਰਕ-ਨੁਮਾ ਇਮਾਰਤ ਨੂੰ ਹਦੀਰਾ ਜਾਂ ਹਜ਼ੀਰਾ। ਉਂਜ ਸਾਡੀ ਜਾਚੇ ਇਹ ਹਜ਼ੀਰਾ ਨਹੀਂ ਹੈ।

ਲਗਪਗ 25 ਫੁੱਟ ਉੱਚੀ, 220 ਫੁੱਟ ਦੇ ਕਰੀਬ ਘੇਰੇ ਵਾਲੀ ਇਸ ਇਮਾਰਤ ਉੱਪਰ 10 ਕੁ ਫੁੱਟ ਉੱਚਾ ਅੰਡਾਕਾਰ ਸ਼ਕਲ ਦਾ ਗੁੰਬਦ ਹੈ, ਜੋ ਬਿਨਾਂ ਕਿਸੇ ਮਮਟੀ ਤੋਂ ਹੈ। ਇਸ ਦੀਆਂ 8 ਭੁਜਾਵਾਂ ਵਿੱਚੋਂ 4 ਭੁਜਾਵਾਂ ਵਿਚੋਂ ਹਰੇਕ ਤਕਰੀਬਨ 18 ਫੁੱਟ ਹੈ ਅਤੇ ਦੂਜੀਆਂ ਚਾਰ 36-36 ਫੁੱਟ ਦੀਆਂ ਹਨ। ਚਾਰੇ ਦਿਸ਼ਾਵਾਂ ਵਿਚ ਵੱਡੇ ਦੁਆਰ ਅਤੇ ਦਰੀਚੇ ਹਨ। ਭਾਵੇਂ ਕਿ ਇਹ ਇਮਾਰਤ ਕਈ ਸਾਲਾਂ ਤੋਂ ਪੰਜਾਬ ਸਰਕਾਰ ਦੇ ਪੁਰਾਤਤਵ ਵਿਭਾਗ ਅਧੀਨ ਹੈ ਪਰ ਇਸ ਬਾਰੇ ਨਾ ਤਾਂ ਕੋਈ ਖੋਜ ਕੀਤੀ ਗਈ ਹੈ ਤੇ ਨਾ ਹੀ ਕੋਈ ਪ੍ਰਮਾਣਕ ਦਸਤਾਵੇਜ਼ ਤਿਆਰ ਕੀਤਾ ਗਿਆ ਹੈ। ਵਿਭਾਗ ਵਲੋਂ ਕਈ ਸਾਲਾਂ ਤੋਂ ਲੱਗਾ ਇਕ ਨਿੱਕਜੂ ਜਿਹਾ ਬੋਰਡ ਇਹ ਸੂਚਨਾ ਦੇਣ ਦਾ ਆਪਣਾ ਬੌਣਾ ਜਿਹਾ ਫਰਜ਼ ਨਿਭਾਈ ਜਾਂਦਾ ਹੈ ਕਿ ਇਹ ਸਮਾਰਕ ਪੰਜਾਬ ਸਰਕਾਰ ਦੇ ਪ੍ਰਾਚੀਨ ਅਤੇ ਇਤਿਹਾਸਕ ਸਮਾਰਕਾਂ ਦੇ ਐਕਟ 1964 ਅਧੀਨ ਸੁਰੱਖਿਅਤ ਹੈ। ਸੰਨ 2015 ਵਿਚ ਪਰਮਾਨੈਂਟ ਡੈਲੀਗੇਸ਼ਨ ਆਫ ਇੰਡੀਆ ਵਲੋਂ ਇਸ ਨੂੰ ਵਰਲਡ ਹੈਰੀਟੇਜ ਦੀ ਮਾਨਤਾ ਪ੍ਰਾਪਤੀ ਲਈ ਯੂਨੈਸਕੋ ਨੂੰ ਵੀ ਬੇਨਤੀ ਕੀਤੀ ਗਈ ਸੀ।

ਕੁਝ ਵਿਦਵਾਨਾਂ ਦਾ ਮੰਨਣਾ ਹੈ ਕਿ ਹਦੀਰਾ ਸ਼ਬਦ

ਬਾਕੀ ਸਫ਼ਾ 32 'ਤੇ




22

GET FLAT 22 CENTS
DISCOUNT AT




TA TravelCenters of America

PETRO Stopping Centers®

We also offer Line of Credit for Fuel Card

*Additional Services with our Fuel Card*

✓ National Tire Program ✓ PM & Light Mechanical

✓ 24 Hour Dedicated Repair Service

TRANS-ALLIANCE
TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com

# ਪੰਜਾਬੀ ਅਤੇ ਸੰਸਕ੍ਰਿਤ-2

**ਨਾਜਰ ਸਿੰਘ**
0161-2632136



ਸੰਸਕ੍ਰਿਤ ਇੱਕ ਆਰੀਆ ਭਾਸ਼ਾ ਹੈ:-ਭਾਰਤ ਵਿੱਚ ਪ੍ਰਵੇਸ਼ ਕਰਨ ਤੋਂ ਪਹਿਲਾਂ ਆਰੀਆ ਭਾਸ਼ੀ ਲੋਕਾਂ ਦੇ ਕਈ ਗਰੁੱਪ ਸਨ। ਯੂਰਪੀਅਨ ਆਰੀਆ ਭਾਸ਼ਾ ਦੇ ਵੀ ਕਈ ਗਰੁੱਪ ਸਨ। ਏਸ਼ੀਅਨ ਆਰੀਆ ਭਾਸ਼ੀ ਲੋਕਾਂ ਦੇ ਕਈ ਗਰੁੱਪ ਸਨ। ਇਕ ਪਾਰਸੀ ਭਾਸ਼ੀ (ਈਰਾਨੀ ਭਾਸ਼ੀ) ਅਤੇ ਦੂਜਾ ਗਰੁੱਪ Indian Sub-continent ਵਿੱਚ ਆਇਆ, ਜਿਨ੍ਹਾਂ ਦੀ ਭਾਸ਼ਾ ਵੈਦਿਕ ਕਹੀ ਜਾਂਦੀ ਹੈ। ਈਰਾਨੀ ਭਾਸ਼ਾ ਦਾ ਸ੍ਰੋਤ ਜ਼ੰਦਅਵੇਸਦਾ ਹੈ। ਉਪਰੋਕਤ ਆਰੀਆ ਭਾਸ਼ਾਵਾਂ ਦੇ ਗਰੈਮਰ ਅੱਡੋ-ਅੱਡ ਹਨ। ਜੇਕਰ ਅਸੀਂ ਇਨ੍ਹਾਂ ਭਾਸ਼ਾਵਾਂ ਨੂੰ ਦੇਖੀਏ ਤਾਂ ਇਨ੍ਹਾਂ ਦਾ ਆਪਸ ਵਿੱਚ ਕੁੱਝ ਵੀ ਸਾਂਝਾ ਨਹੀਂ ਹੈ। ਇਸ ਤੋਂ ਸਾਬਤ ਹੁੰਦਾ ਹੈ ਕਿ ਆਰੀਆ ਦੇ ਬਹੁਤ ਸਾਰੇ ਕਬੀਲੇ ਸਨ ਅਤੇ ਬਹੁਤ ਸਾਰੀਆਂ ਭਾਸ਼ਾਵਾਂ ਸਨ। ਆਰੀਆ ਦੇ ਮੂਲ਼ ਸਥਾਨਾਂ ਬਾਰੇ ਵੱਖੋ-ਵੱਖਰੀਆਂ ਰਾਵਾਂ ਹਨ। ਕੋਈ ਇਸ ਨੂੰ Central Asia ਤੋਂ ਮੰਨਦਾ ਹੈ। ਕੋਈ ਇਸ ਨੂੰ ਈਰਾਨ ਤੋਂ ਮੰਨਦਾ ਹੈ। ਸਾਡੇ ਕਈ ਵਿਦਵਾਨਾਂ ਨੇ Indo-European ਗਰੁੱਪ ਮੰਨਿਆ ਅਤੇ ਦੱਸਿਆ ਕਿ ਭਾਰਤੀ ਸੰਸਕ੍ਰਿਤ ਵਿੱਚ ਬਹੁਤ ਸਾਂਝ ਹੈ। ਇਸ ਨੂੰ ਅਪਵਾਦ ਮੰਨਦੇ ਹੋਏ ਸੰਸਕ੍ਰਿਤ-ਇੰਗਲਿਸ਼ ਡਿਕਸ਼ਨਰੀ ਦੇ ਕਰਤਾ ਵਿਲ਼ੀਅਮ ਮੋਨੀਅਰ ਨੇ ਇਸ ਦੀ ਭੂਮਿਕਾ ਵਿੱਚ ਲਿਖਿਆ ਹੈ ਕਿ ਭਾਰਤ ਦੀ ਸੰਸਕ੍ਰਿਤ ਦਾ ਯੂਰਪੀ ਭਾਸ਼ਾਵਾਂ ਨਾਲ ਕੋਈ ਵੀ ਸਰੋਕਾਰ ਨਹੀ ਹੈ। ਜਦਕਿ ਇਹ ਈਰਾਨੀ ਬੋਲੀ ਦੇ ਨੇੜੇ ਹੈ। ਈਰਾਨੀ ਬੋਲੀ ਵਿੱਚ 22 consonant ਅਤੇ 14 vowels ਹਨ। ਪਾਣਨੀ ਦੇ ਸੰਸਕ੍ਰਿਤ ਗਰੈਮਰ 'ਅਸ਼ਟਅਧਿਆਇਉ' ਵਿੱਚ 43 ਧੁਨੀਆਂ ਮੰਨੀਆਂ ਗਈਆਂ ਹਨ। ਜਦ ਕਿ ਰਿਗਵੇਦ ਵਿੱਚ 64 ਧੁਨੀਆਂ ਮੰਨੀਆ ਜਾਂਦੀਆਂ ਹਨ। ਇਸ ਵਿੱਚ 44 Consonant ਅਤੇ 20 vowels ਮੰਨੇ ਜਾਂਦੇ ਹਨ। ਜਦਕਿ ਯਜੁਰਵੇਦ ਵਿੱਚ 63 ਧੁਨੀਆ ਮੰਨੀਆ, ਜਿਨ੍ਹਾਂ ਵਿੱਚ 43 consonant ਅਤੇ 20 vowels ਹਨ। ਆਰੀਆ ਭਾਸ਼ਾ ਨੂੰ ਸ਼ੁੱਧ ਰੱਖਣ ਦੇ ਵਿੱਚਾਰ ਨਾਲ ਆਰੀਆ ਲੋਕਾਂ ਵਿੱਚ ਇਕ ਤੋਖਲ਼ਾ ਪੈਦਾ ਹੋ ਗਿਆ ਕਿ ਭਾਸ਼ਾ ਨੂੰ ਸ਼ੁੱਧ ਕਿਵੇਂ ਰੱਖਿਆ ਜਾਵੇ ਅਤੇ ਮਿਲਾਵਟ ਤੋਂ ਕਿਵੇ ਬਚਾਇਆ ਜਾ ਸਕੇ। ਇਸ ਕਰਕੇ ਉਨ੍ਹਾਂ ਨੇ ਕਵਾਇਦ (campaign) ਸ਼ੁਰੂ ਕੀਤੀ ਕਿ ਇਸ ਭਾਸ਼ਾ ਦੇ ਨਿਯਮ ਬਣਾਏ ਜਾਣ। ਜਿਨ੍ਹਾਂ ਨੇ ਇਸ ਨੂੰ ਵਿਆਕਰਨ ਦਾ ਨਾਮ ਦਿੱਤਾ। ਅਸ਼ਟਅਧਿਆਇ ਦੀ ਭੁਮਿਕਾ 'ਚ ਲਿਖਿਆ ਗਿਆ ਹੈ ਕਿ ਪਣਨੀ ਤੋਂ ਪਹਿਲਾਂ 60 ਹੋਰ ਵਿਆਕਰਨੀ ਹੋਏ ਹਨ। ਜਿਨ੍ਹਾਂ ਨੇ ਭਾਸ਼ਾ ਦੇ ਵੱਖੋ-ਵੱਖ aspects ਤੇ ਕੰਮ ਕੀਤਾ। ਪਣਨੀ ਤੋਂ ਪਿੱਛੋਂ ਕਈਆ ਨੇ ਇਸ ਤੇ commentary ਵੀ ਲਿਖੀ।

ਸੰਸਕ੍ਰਿਤ ਅਤੇ ਇਸ ਦਾ ਸਾਹਿਤ:- ਸੰਸਕ੍ਰਿਤ 'ਚ ਸੱਭ ਤੋਂ ਪਹਿਲਾ ਰਿਗਵੇਦ ਮੰਨਿਆ ਜਾਂਦਾ ਹੈ। ਇਸ ਤੋਂ ਪਿੱਛੋਂ ਤਿੰਨ ਹੋਰ ਵੇਦਾਂ ਦੀ ਰਚਨਾਂ ਹੋਈ ਅਤੇ ਇਸ ਪਿੱਛੋਂ ਬਹੁਤ ਸਾਰੇ ਉਪਨਿਸ਼ਦ ਵੀ ਲਿਖੇ ਗਏ। ਜਿਨ੍ਹਾਂ ਵਿੱਚੋਂ ਬਹੁਤ ਸਾਰੇ ਉਪਲੱਬਧ ਨਹੀਂ ਹਨ। ਹਿੰਦੂ ਮਿਥਿਹਾਸ ਕੋਸ਼ ਅਨੁਸਾਰ ਉਪਨਿਸ਼ਦਾਂ ਦੀ ਗਿਣਤੀ 200 ਸੀ। ਅੱਜ ਉਨ੍ਹਾਂ ਵਿੱਚੋਂ ਬਹੁਤ ਘੱਟ ਮਿਲਦੇ ਹਨ। ਇਨ੍ਹਾਂ ਪਿੱਛੋਂ 6 ਦਰਸ਼ਨਾਂ ਦੀ ਰਚਨਾ ਹੋਈ। ਇਤਿਹਾਸਕ ਕਿਤਾਬਾਂ ਵੀ ਲਿਖੀਆਂ ਗਈਆਂ ਹਨ। ਜਿਨ੍ਹਾਂ ਨੂੰ ਪੁਰਾਣ ਵੀ ਕਿਹਾ ਜਾਂਦਾ ਹੈ। ਇਨ੍ਹਾਂ ਦੀ ਗਿਣਤੀ 18 ਮੰਨੀ ਜਾਂਦੀ ਹੈ। ਕੁੱਝ ਮਰਿਆਦਾ ਤੇ ਵੀ ਕਿਤਾਬਾਂ ਲਿਖੀਆਂ ਗਈਆਂ ਹਨ। ਜਿਨ੍ਹਾਂ ਨੂੰ ਸਿਮਰਤੀ ਕਿਹਾ ਜਾਂਦਾ ਹੈ। ਇਸ ਦੀ ਗਿਣਤੀ 27 ਮੰਨੀ ਜਾਂਦੀ ਹੈ। ਇਸ ਪਿੱਛੋਂ ਨਾਇਕਵਾਦੀ (epic) ਕਿਤਾਬਾਂ ਲਿਖੀਆਂ ਗਈਆਂ ਹਨ ਜਿਵੇਂ ਰਮਾਇਣ ਅਤੇ ਮਹਾਂਭਾਰਤ। ਭਾਰਤ ਦੇ 6 ਦਰਸ਼ਨਾਂ ਤੋਂ ਅਲੱਗ ਨਾਸਤਕ ਫਿਲਾਸਫੀਆਂ ਦੇ ਵੀ ਗ੍ਰੰਥ ਲਿਖੇ ਗਏ ਹਨ। ਇਸ ਵਿੱਚ ਸੱਭ ਤੋਂ ਪਹਿਲਾ ਚਾਰਵਾਕ ਮੰਨਿਆ ਜਾਂਦਾ ਹੈ। ਇਸ ਦਾ ਮੋਢੀ ਬ੍ਰਹਿਸਪਤੀ ਮੰਨਿਆ ਜਾਂਦਾ ਹੈ। ਇਸ ਦੇ ਪਿੱਛੋਂ ਜੈਨ ਦਰਸ਼ਨ ਲਿਖਿਆ ਗਿਆ। ਜਿਸ ਨੂੰ ਸਯਾਦਵਾਦ ਵੀ ਕਹਿੰਦੇ ਹਨ। ਜੈਨੀਆਂ ਦੇ ਆਖਰੀ ਤੀਰਥਾਂਕਰ ਮਹਾਂਵੀਰ ਦਾ ਸਮਕਾਲੀ ਨਟਪਾਲ ਦੇ ਰਾਜੇ ਦਾ ਪੁੱਤਰ ਸਿਦਾਰਥ ਸੀ। ਉਨ੍ਹਾਂ ਦੇ ਨਿਰਵਾਣ ਮਗਰੋਂ ਉਨ੍ਹਾਂ ਦੇ ਚੇਲਿਆ ਨੇ ਬੁੱਧ ਦੇ ਉਪਦੇਸ਼ਾਂ ਨਾਲ ਸਬੰਧਤ ਪੋਥੀਆਂ ਲਿਖੀਆਂ ਜਿਨ੍ਹਾਂ ਨੂੰ ਪਿਟਕ (ਪਟਾਰੀ) ਕਿਹਾ ਜਾਂਦਾ ਹੈ। ਉਨ੍ਹਾਂ ਦੇ ਧਾਰਮਿਕ ਗ੍ਰੰਥ ਨੂੰ ਧਮਪਦ ਕਿਹਾ ਜਾਂਦਾ ਹੈ। ਜਿਸ ਦੇ ਚਾਰ ਸਿਧਾਂਤ ਹਨ। ਇਸ ਪਿੱਛੋਂ ਭਰਥਰੀ ਨੇ ਸੰਸਕ੍ਰਿਤ 'ਚ ਕਈ ਗ੍ਰੰਥਾਂ ਦੀ ਰਚਨਾ ਕੀਤੀ। ਜਿਨ੍ਹਾਂ ਦਾ ਉਦੇਸ਼ ਵੈਰਾਗ ਦੀ ਪ੍ਰਾਪਤੀ ਸੀ। ਸੰਸਕ੍ਰਿਤ 'ਚ ਕੋਸ਼ਕਾਰੀ ਦਾ ਆਰੰਭ ਅਮਰਕੋਸ਼ ਤੋਂ ਸ਼ੁਰੂ ਹੁੰਦਾ ਹੈ ਅਤੇ ਵਿਸ਼ਨੂੰ ਗੁਪਤ ਦਾ ਗ੍ਰੰਥ ਅਰਥ ਸ਼ਾਸ਼ਤਰ ਵੀ ਸੰਸਕ੍ਰਿਤ ਵਿੱਚ ਮਿਲਦਾ ਹੈ। ਇਸ ਤੋਂ ਇਲਾਵਾ ਨਾਟਕ ਅਤੇ ਉਪਨਿਆਸ ਵੀ ਲਿਖੇ ਗਏ। ਸੰਗੀਤ ਅਤੇ ਜਿਉਗਰਾਫੀਆਂ ਬਾਰੇ ਵੀ ਸੰਸਕ੍ਰਿਤ ਵਿੱਚ ਲਿਖਿਆ ਗਿਆ ਹੈ। ਆਰੀਆ ਭੱਟ ਨੇ ਵੀ ਸੰਸਕ੍ਰਿਤ 'ਚ ਜੋਤਿਸ਼ (astrology) ਬਾਰੇ ਲਿਖਿਆ ਹੈ। ਸੰਸਕ੍ਰਿਤ ਵਿੱਚ ਇਤਿਹਾਸ ਦੀ ਰਾਜ ਤਿਰੰਗਣੀ ਜਿਹੜੀ ਕਿ ਪੰਡਤ ਕਲ਼ਹਣ ਦੀ ਰਚਨਾ ਹੈ, ਵੀ ਮਿਲਦੀ ਹੈ। ਇਸ ਤੋਂ ਇਲਾਵਾ ਪੁਰਾਣੇ ਸ਼ਾਸ਼ਕਾ ਦੇ archaeology ਦੁਆਰਾ ਇਕੱਠੇ ਕੀਤੇ ਗਏ ਸ਼ਿਲਾਲੇਖ ਵੀ ਮਿਲਦੇ ਹਨ। ਸੰਸਕ੍ਰਿਤ ਕਈ ਲਿੱਪੀਆ ਵਿੱਚ ਲਿਖੀ ਜਾਂਦੀ ਰਹੀ ਹੈ। ਜਿਵੇਂ ਪਾਲੀ ਲਿੱਪੀ ਵਿੱਚ, ਗੁਪਤਾ ਲਿਪੀ, ਮਾਗਧੀ ਲਿਪੀ, ਟਾਕਰੀ ਲਿੱਪੀ, ਮੋੜੀ ਲਿਪੀ ਅਤੇ ਹੁਣ ਦੇਵਨਾਗਰੀ ਵਿੱਚ ਲਿਖੀ ਜਾਂਦੀ ਹੈ।

ਆਰੀਆ ਰਾਜਿਆਂ ਨੇ ਸੰਸਕ੍ਰਿਤ ਨੂੰ ਰਾਜ ਦੀ ਸਰਕਾਰੀ ਬੋਲੀ ਬਣਾਇਆ:-ਉਸ ਵੇਲੇ ਕਈ ਸਰਕਾਰੀ ਬੋਲੀਆਂ ਵੀ ਚਲਦੀਆਂ ਰਹੀਆਂ। ਜਿਨ੍ਹਾਂ ਨੂੰ ਪ੍ਰਾਕ੍ਰਿਤ ਵੀ ਕਿਹਾ ਜਾਂਦਾ ਹੈ। ਜਿਵੇ ਮਾਗਧੀ, ਅਰਧ ਮਾਗਧੀ, ਮਹਾਰਾਸ਼ਟਰੀ, ਸ਼ੂਰਸੈਨੀ, ਪਸ਼ਾਚੀ ਆਦਿ। ਜਦਕਿ ਪ੍ਰਾਕ੍ਰਿਤਕ ਗਰੈਮੇਰੀਅਨ ਡਾ. ਪਿੱਛਲ਼ ਨੇ ਆਪਣੇ ਪ੍ਰਕ੍ਰਿਤ ਵਿਆਕਰਨ ਵਿੱਚ 70 ਪ੍ਰਕਿਤਾਂ ਦਾ ਜ਼ਿਕਰ ਕੀਤਾ ਹੈ। ਉਨ੍ਹਾਂ ਦੀਆਂ ਪਛਾਣਾਂ ਕਰਨੀਆਂ ਬਹੁਤ ਔਖੀਆਂ ਹਨ।

ਬੋਧੀਆਂ ਦੀ 'ਲਲਿਤ ਵਿਸਥਾਰ' ਪੋਥੀ ਜਿਹਦੇ ਵਿੱਚ 60 ਲਿੱਪੀਆਂ ਦਾ ਜ਼ਿਕਰ ਆਉਂਦਾ ਹੈ, ਜਿਨ੍ਹਾਂ 'ਚੋਂ ਥੋੜੀਆਂ ਲਿੱਪੀਆਂ ਦੀ ਹੀ ਪਛਾਣ ਹੋ ਸਕਦੀ ਹੈ ਜਾਂ ਹੋਈ ਹੈ।

ਸੰਸਕ੍ਰਿਤ ਵਿੱਚ ਮਿਲਾਵਟ:-ਪ੍ਰਾਕ੍ਰਿਤ ਬੋਲੀਆਂ ਦੇ ਚਲਦਿਆਂ ਹੋਇਆਂ ਸੰਸਕ੍ਰਿਤ ਉਨ੍ਹਾਂ ਦੇ ਪ੍ਰਭਾਵ ਤੋਂ ਅਛੋਹ ਨਹੀਂ ਰਹਿ ਸਕੀ ਅਤੇ ਅਨੇਕਾਂ ਸ਼ਬਦ ਇਹਨਾਂ ਨੇ ਪ੍ਰਾਕ੍ਰਿਤਾਂ ਵਿੱਚੋਂ ਉਧਾਰੇ ਲਏ। ਇਸ ਤਰਾਂ ਪ੍ਰਾਕ੍ਰਿਤਾਂ ਨੇ ਵੀ ਸੰਸਕ੍ਰਿਤ ਚੋਂ ਸ਼ਬਦ ਉਧਾਰੇ ਲਏ। ਇਸ ਤਰਾਂ ਸਿੱਟਾਂ ਇਹ ਨਿਕਲਦਾ ਹੈ ਕਿ ਸੰਸਕ੍ਰਿਤ ਵਿੱਚ ਵੀ ਕਾਫੀ ਮਿਲਾਵਟ ਹੈ। ਸੰਸਕ੍ਰਿਤ ਦੇ ਪ੍ਰਾਯਾਵਾਚੀ ਸ਼ਬਦਾਂ ਤੋਂ ਵੀ ਪਤਾ ਚਲਦਾ ਹੈ ਕਿ ਸੰਸਕ੍ਰਿਤ ਵਿੱਚ ਕਾਫੀ ਮਿਲਾਵਟ ਹੋਈ ਹੈ ਅਤੇ ਪ੍ਰਾਕ੍ਰਿਤ ਦੇ ਸ਼ਬਦ ਅਪਣਾ ਲਏ ਹਨ। ਇਸ ਦੇ ਸਬੂਤ ਵਜੋਂ T.Burru ਦੀ ਕਿਤਾਬ The Sanskrit Litterature ਵਿੱਚ ਚੰਗੀ ਤਰਾਂ ਦੇਖਿਆਂ ਜਾ ਸਕਦਾ ਹੈ ਕਿ ਜਿਵੇਂ ਪਾਣੀ ਦੇ ਕਈ ਨਾਮ, ਸੂਰਜ ਦੇ ਕਈ ਨਾਮ, ਜੜੀਆਂ ਬੂਟੀਆ ਦੇ ਕਈ ਨਾਮ, ਡੰਗਰਾਂ ਦੇ ਨਾਮ, ਭਾਂਡਿਆ ਦੇ ਨਾਮ, ਜਾਤਾ ਦੇ ਨਾਮ, ਕਬੀਲਿਆ ਦੇ ਨਾਮ, ਜਿਉਗਰਾਫੀਆ ਅਤੇ ਸਥਾਨਾਂ ਦੇ ਨਾਮ ਆਦਿ। ਡਾ. ਪਿਛਲ਼ ਦੇ ਅਨੁਸਾਰ ਸੰਸਕ੍ਰਿਤ ਨੇ ਕਈ Suffix ਪ੍ਰਾਕ੍ਰਿਤ ਤੋਂ ਉਧਾਰੇ ਲਏ ਹਨ। ਜਿਵੇ ਆਲਿਆ,ਵਲੀ ਅਤੇ ਇਸ ਤੋਂ ਇਲਾਵਾ ਕਈ ਕਬੀਲਿਆਂ ਦੇ ਨਾਂ ਵੀ ਮਿਲਦੇ ਹਨ। ਜੋ ਪ੍ਰਾਕ੍ਰਿਤ ਵਿੱਚ ਵੀ ਮਿਲਦੇ ਹਨ। ਇਸ ਤੋਂ ਇਲਾਵਾ ਦ੍ਰਾਵਿੜੀਅਨ ਬੋਲੀਆਂ ਵੀ ਬੋਲੀਆਂ ਜਾਂਦੀਆਂ ਸਨ। ਸੰਸਕ੍ਰਿਤ ਨੇ ਇਹਨਾਂ 'ਚੋਂ ਵੀ ਸ਼ਬਦ ਲਏ ਹਨ। ਦ੍ਰਾਵਿੜ ਬੋਲੀਆਂ ਨੇ ਵੀ ਸੰਸਕ੍ਰਿਤ 'ਚੋਂ ਸ਼ਬਦ ਲਏ ਹਨ। ਦ੍ਰਾਵਿੜ ਦਾ ਪ੍ਰਤੱਖ ਸ਼ਬਦ ਦ੍ਰਾਵਿੜਾ ਜੋਕਿ ਸੰਸਕ੍ਰਿਤ ਵਿੱਚੋਂ ਲਿਆ ਗਿਆ ਹੈ। ਦ੍ਰਾਵਿੜਾਂ ਦਾ ਆਪਣਾ ਸ਼ਬਦ ਕੁਲਾਰੀ ਹੈ। ਜਦਕਿ ਸੰਸਕ੍ਰਿਤ ਦਾ ਸ਼ਬਦ ਦ੍ਰਾਵਿੜ ਪ੍ਰਸਿੱਧ ਹੋ ਗਿਆ। ਸੰਸਕ੍ਰਿਤ ਦਾ ਅਰਥ ਹੈ ਸੋਧੀ ਹੋਈ ਬੋਲੀ ਜਿਸ ਵਿੱਚ ਬਹੁਤ ਸਾਰੇ ਸੰਸਕ੍ਰਿਤ ਵਿਦਵਾਨਾਂ ਦਾ ਯੋਗਦਾਨ ਹੈ।




ਸੰਸਕ੍ਰਿਤ ਦਾ ਵਿਆਕਰਨਿਕ ਢਾਂਚਾ:-ਸੰਸਕ੍ਰਿਤ ਵਿੱਚ ਧੁਨੀਆਂ ਤੋਂ ਸ਼ਬਦ ਬਣਿਆ ਮੰਨਿਆ ਜਾਂਦਾ ਹੈ। ਜਿਸ ਨੂੰ ਯੋਜਕਾਂ ਨਾਲ ਜੋੜ ਕੇ ਵਾਕ ਬਣਾਇਆ ਜਾਂਦਾ ਹੈ।ਵਾਕ ਵਿੱਚ ਕਈ ਪੱਖ ਕੰਮ ਕਰਦੇ ਹਨ।ਜਿਵੇਂ ਕਿਰਿਆ, ਨਾਂਵ, ਪੜਨਾਂਵ, ਕਿਰਿਆ ਵਿਸ਼ੇਸ਼ਣ,ਅਤੇ ਵਿਸ਼ੇਸ਼ਣ ਆਦਿ। ਸੰਸਕ੍ਰਿਤ ਵਿੱਚ ਕਿਰਿਆ ਦੇ ਚਿੰਨ੍ਹ ਨੂੰ ਤਿਙੰਤ ਕਿਹਾ ਜਾਂਦਾ ਹੈ ਅਤੇ ਵਿਭਕਤਿ (case) ਜਿਸ ਦਾ ਚਿੰਨ੍ਹ ਸੁਬੰਤ ਹੈ। ਧਾਤੂ ਨੂੰ suffix ਲਗਾ ਕੇ ਸਮੇਂ ਨੂੰ ਪ੍ਰਗਟ ਕੀਤਾ ਜਾਂਦਾ ਹੈ।ਜਿਵੇਂ ਸਮਾਂ ਤਿੰਨ ਕਾਲ਼ਾ ਵਿੱਚ ਵੰਡਿਆ ਜਾਂਦਾ ਹੈ। ਪ੍ਰਤਯ (suffix)-ਧਾਤੂ ਨਾਲੋਂ ਵਖਰੇ, ਲਗਾਂ ਅਤੇ ਅੱਖਰਾਂ ਨੂੰ ਲਗਾ ਕੇ ਸ਼ਬਦ ਬਣਾਇਆ ਜਾਂਦਾ ਹੈ।

ਯੋਜਕ:-ਜਿਹੜਾ ਘੱਟੋ-ਘੱਟ ਦੋ ਸ਼ਬਦਾ ਨੂੰ ਆਪਸ ਵਿੱਚ ਜੋੜਦਾ ਹੈ, ਉਸ ਨੂੰ ਯੋਜਕ ਕਿਹਾ ਜਾਂਦਾ ਹੈ।

ਸੰਧੀ:- ਦੋ ਜਾਂ ਦੋ ਤੋਂ ਵੱਧ ਸ਼ਬਦਾ ਦੀ ਕਰਿੰਗੜੀ ਪੈਣਾ, ਨੂੰ ਸੰਧੀ ਕਹਿੰਦੇ ਹਨ।

ਸਮਾਸ:- ਦੋ ਜਾਂ ਦੋ ਤੋਂ ਵੱਧ ਸ਼ਬਦਾ ਨੇ ਨੇੜ ਨੂੰ ਸਮਾਸ ਕਿਹਾ ਜਾਂਦਾ ਹੈ।

ਵੇਰਵਾ:- ਸੰਸਕ੍ਰਿਤ ਵਿੱਚ ਦੋ ਤਰਾਂ ਦੀਆਂ ਕਿਰਿਆਵਾਂ ਮੰਨੀਆ ਜਾਂਦੀਆ ਹਨ ਜਿਹਨਾਂ ਨੂੰ ਲਕਾਰ (Tense ) ਮੰਨਿਆ ਜਾਂਦਾ ਹੈ। ਜਿਵੇਂ ਕਿ ਪਰਸਮੈਪਦੀ ਅਤੇ ਆਤਮਨੇਪਦੀ। ਪਰਸਮੈਪਦੀ ਦੇ ਅਲੱਗ suffix ਹਨ ਅਤੇ ਆਤਮਨੇਪਦੀ ਦੇ ਅਲੱਗ suffix ਹਨ। ਇਹਨਾਂ ਦੋਹਾਂ ਨੂੰ ਮਿਲਾ ਕੇ ਕਿਰਿਆ ਦੇ 18 ਰੂਪ ਬਣਦੇ ਹਨ।

ਸੁਬੰਤ:-ਜਿਹੜਾ ਕਿ ਕਾਰਕਾਂ ਦੀਆਂ ਵਿਭਕਤੀਆਂ ਦੇ ਚਿੰਨ੍ਹ ਹਨ।ਇਹ ਕੁੱਲ ਮਿਲਾ ਕੇ 21 ਰੂਪ ਮੰਨੇ ਗਏ ਹਨ। ਜਿਵੇਂ ਕਿ ਇੱਕ ਬਚਨ, ਦੋ ਬਚਨ ਅਤੇ ਬਹੁ-ਬਚਨ ਆਦਿ।

Gender :- ਸੰਸਕ੍ਰਿਤ ਵਿੱਚ ਤਿੰਨ Gender ਮੰਨੇ ਗਏ ਹਨ ਜਿਵੇ ਕਿ ਇਸਤਰੀ ਲਿੰਗ, ਪੁਰਸ਼ ਲਿੰਗ ਅਤੇ ਨਿਪੁੰਸਕ ਲਿੰਗ।

ਬਚਨ:-ਸੰਸਕ੍ਰਿਤ ਵਿੱਚ ਤਿੰਨ ਬਚਨ ਮੰਨੇ ਗਏ ਹਨ।ਜਿਵੇਂ ਕਿ ਇਕ ਬਚਨ, ਦੋ ਬਚਨ ਅਤੇ ਬਹੁ-ਬਚਨ।

ਕ੍ਰਿਦੰਤ (Mood):-ਇਹ ਸੰਸਕ੍ਰਿਤ ਵਿੱਚ 6 ਮੰਨੇ ਗਏ ਹਨ।

ਸੰਸਕ੍ਰਿਤ ਦਾ ਸੁੰਗੜਆ ਹੋਣਾ:-ਜਿੱਥੇ ਸੰਸਕ੍ਰਿਤ ਗਰੈਮੇਰੀਅਨਾਂ ਨੇ ਸੰਸਕ੍ਰਿਤ ਨੂੰ ਬੁਲੰਦੀਆਂ ਤੇ ਪਹੁੰਚਾਇਆ ਉੱਥੇ ਸਿੱਟਾ ਇਹ ਨਿਕਲਿਆ ਕਿ ਵਿਆਕਰਿਤ ਭਾਸ਼ਾ ਅਤੇ ਲੋਕ ਭਾਸ਼ਾ ਨਾਲੋਂ ਅਡਰੇਂਵਾ ਸ਼ੁਰੂ ਹੋ ਗਿਆ।ਕਿਉਂਕਿ ਲੋਕ ਰਾਜ ਦੇ ਦਬਾਅ ਕਾਰਣ ਆਪਣੀਆਂ ਲੋੜਾਂ ਖਾਤਰ ਸੰਸਕ੍ਰਿਤ ਪੜਦੇ ਅਤੇ ਸਿੱਖਦੇ ਸਨ ਜੋ ਉਹਨਾਂ ਨੂੰ ਰਾਜ ਦੁਆਰਾ ਸੁਵਿਧਾ ਮਿਲੀ ਅਤੇ ਉਸ ਨਾਲ ਉਹਨਾਂ ਦਾ ਮਾਣ ਵੱਧਦਾ ਸੀ। ਭਾਰਤ ਦੇ ਰਾਜਨਿਤਿਕ ਇਤਿਹਾਸ ਤੋਂ ਪਤਾ ਚਲਦਾ ਹੈ ਕਿ ਵੱਖੋ ਵੱਖਰੇ ਸਮਿਆਂ ਤੇ ਆਪੋ ਆਪਣੇ ਕਬੀਲਿਆਂ ਦੀ ਸ਼ਕਤੀ ਵਧਾਉਣ ਲਈ ਲੜਦੇ ਰਹੇ ਅਤੇ ਦੂਜਿਆ ਰਾਜਿਆ ਤੋਂ ਸੱਤਾ ਖੋ ਕੇ ਆਪਣਾ ਰਾਜ ਸਥਾਪਤ ਕਰਦੇ ਰਹੇ ਕਬੀਲਿਆਂ ਦੀਆਂ ਵੱਖਰੋ-ਵੱਖਰੀ ਭਾਸ਼ਾ ਹੋਣ ਕਰਕੇ ਸਥਾਪਤ ਭਾਸ਼ਾ ਦੇ ਖਿਲਾਫ ਵੀ ਅਵਾਜ਼ ਬੁਲੰਦ ਕਰਦੇ ਰਹੇ ਹਨ ਅਤੇ ਪਹਿਲੀ ਭਾਸ਼ਾ ਨੂੰ ਹਟਾ ਕੇ ਆਪਣੀ ਭਾਸ਼ਾ ਨੂੰ ਸਥਾਪਤ ਕਰਦੇ ਰਹੇ। ਜੇਕਰ ਕਿਸੇ ਕਬੀਲੇ ਦੇ ਰਾਜੇ ਕੋਲ ਆਪਣੀ ਵਿਕਸਿਤ ਭਾਸ਼ਾ ਨਹੀ ਹੁੰਦੀ ਤਾਂ ਉਹ ਆਪਣੀ ਲਿੱਪੀ ਵਿਕਸਿਤ ਕਰਕੇ ਆਪਣਾ ਬੁੱਤਾ ਸਾਰ ਲੈਂਦੇ ਸਨ। ਇਸ ਤਰਾਂ ਜਿੱਥੇ ਸਥਾਨਕ ਭਾਸ਼ਾ ਨੂੰ ਉੱਭਰਨ ਦਾ ਮੌਕਾ ਮਿਲਿਆ ਉੱਥੇ ਵੱਖੋ-ਵਖਰੀਆਂ ਲਿੱਪੀਆਂ ਨੂੰ ਵੀ ਉੱਭਰਨ ਦਾ ਮੌਕਾ ਮਿਲਿਆ।ਅਜਿਹਾ ਅਸੀਂ Archaeology ਦੁਆਰਾ ਇਕੱਠੇ ਕੀਤੇ ਗਏ ਲੇਖਾਂ ਅਤੇ ਹੋਰ ਸ਼ੀਲਾ ਲੇਖਾ ਤੋਂ ਮਿਲੀ ਸਮੱਗਰੀ ਤੋਂ ਅੰਦਾਜ਼ਾ ਲਗਾ ਸਕਦੇ ਹਾਂ। ਜਿਵੇ ਅਸ਼ੋਕ ਨੇ ਸੰਸਕ੍ਰਿਤ ਹਟਾ ਕੇ ਮਾਗਧੀ ਨੂੰ ਲਾਗੂ ਕਰਕੇ ਇਸ ਨੂੰ ਰਾਜ ਭਾਸ਼ਾ ਬਣਾਇਆ ਅਤੇ ਲਿੱਪੀ ਪਾਲੀ ਰੱਖੀ ਗਈ। ਇਸ ਦੇ ਨਮੂਨੇ ਅਸੀਂ Essyas on an Indian Antiquity 'ਚ ਦੇਖ ਸਕਦੇ ਹਾਂ। ਅਸ਼ੋਕ ਦੇ ਪਿੱਛੋਂ ਵਿਰੋਧੀਆਂ ਨੇ ਫਿਰ ਸੰਸਕ੍ਰਿਤ ਵੱਲ ਮੋੜਾ ਕੱਟਿਆ। ਉਹਦੀ ਪਾਲੀ ਲਿੱਪੀ ਵਿੱਚ ਦੋ ਹੋਰ ਧੁਨੀਆ ਸ਼ਾਮਿਲ ਕਰਕੇ ਸੰਸਕ੍ਰਿਤ ਲਿਖਣ ਦੇ ਕਾਬਲ਼ ਬਣਾਇਆ।ਕਈ ਪਾਲੀ ਲਿੱਪੀ ਦੇ ਨਮੂਨੇ ਵੀ ਬਦਲੇ। ਇਹ ਅਸੀਂ Archaeology ਦੀਆਂ ਹੋਰ ਲੱਭਤਾਂ ਜਿਹੜੀਆ ਕਿ ਅਲਾਹਾਬਾਦ ਦੇ ਸ਼ਿਲਾਲੇਖ ਨਾਲ ਸਬੰਧਤ ਹੈ ਜੋਕਿ ਦੂਜੀ ਸਦੀ 2.3 ਦੀ ਹੈ, ਵਿੱਚ ਦੇਖ ਸਕਦੇ ਹਾਂ। ਜਿਸ ਵਿੱਚ ਕਈ ਧੁਨੀਆ ਪਰਵਰਤਿਤ ਕੀਤੀਆ ਗਈਆ ਹਨ ਜੋਕਿ ਪੰਜਾਬ ਦੀ ਪੁਰਾਣੀ ਲਿੱਪੀ ਟਾਕਰੀ ਦੇ ਨਾਲ ਸਾਮੇਂ ਹੀ ਹਨ।

ਕਾਲੰਤਰ ਦੇ ਨਾਲ ਉੱਤਰੀ ਭਾਰਤ 'ਚ ਕਈ ਲਿੱਪੀਆ ਵਿਕਸਿਤ ਹੋਈਆ। ਜਿਹਨਾਂ ਸ਼ਿਲਾਲੇਖਾਂ ਦਾ ਮੀਡੀਅਮ ਭਾਵੇ ਸੰਸਕ੍ਰਿਤ ਸੀ, ਰਾਜਿਆਂ ਨੇ ਆਪਣੀ ਹੋਂਦ ਦੱਸਣ ਲਈ ਵੱਖੋ-ਵੱਖਰੀਆਂ ਲਿੱਪੀਆ ਨੂੰ ਵਿਕਸਿਤ ਕਰਵਾਇਆ। ਉਹਨਾਂ ਲਿੱਪੀਆ ਨੂੰ ਰਾਜ ਲਿੱਪੀ ਅਤੇ ਸੰਸਕ੍ਰਿਤ ਨੂੰ ਰਾਜ ਭਾਸ਼ਾ ਬਣਾਇਆ। ਸੰਸਕ੍ਰਿਤ ਨੂੰ ਸਥਾਪਤ ਕਰਨ ਲਈ ਰਾਜੇ ਆਪਣੇ ਖਜ਼ਾਨੇ ਵਿਚੋਂ ਧੰਨ ਖਰਚਦੇ ਰਹੇ ਤਾਂ ਕਿ ਸੰਸਕ੍ਰਿਤ, ਜਿਸ ਨੂੰ ਦੇਵਤਿਆਂ ਦੀ ਭਾਸ਼ਾ ਕਿਹਾ ਜਾਂਦਾ ਹੈ, ਉਹ ਪ੍ਰਗਤੀ ਦੇ ਰਾਂਹ ਤੇ ਪੈ ਜਾਵੇ। ਸੱਤਵੀ ਸਦੀ ਦੇ ਸਿੰਧ ਹਮਲੇ ਤੇ ਮੀਰ ਕਾਸਿਮ ਨੇ ਇਲਾਕੇ ਨੂੰ ਜਿੱਤਿਆ ਅਤੇ ਇੱਕ ਕਸਬਾ ਵਸਾਇਆਂ ਜਿਸ ਦਾ ਨਾਂ ਅਲ ਮਨਸੂਰਾਂ ਰੱਖਿਆ। ਸਿੰਧ ਦੇ ਰਾਜੇ ਸਾਹਸੀ ਰਾਜੇ ਅਖਵਾਉਦੇ ਸਨ। ਜਿਹਨਾਂ ਦੀ ਰਾਜ ਭਾਸ਼ਾ ਸੰਸਕ੍ਰਿਤ ਸੀ ਅਤੇ ਲਿੱਪੀ ਅਸ਼ੋਕ ਦੀ ਪਰਵਰਤਿਤ ਲਿੱਪੀ ਸੀ। ਇੰਜ ਇਵੇਂ ਬਾਹਰੋਂ ਸ਼ਾਸ਼ਕ ਜਿਹਦਾ ਭਾਰਤੀ ਧਰਮਾਂ ਵਿੱਚ ਵਿਸ਼ਵਾਸ ਨਹੀ ਸੀ, ਉਸ ਨੇ ਹੌਲੀ-ਹੌਲੀ ਆਪਣੇ ਧਰਮ, ਭਾਸ਼ਾ ਅਤੇ ਲਿੱਪੀ ਦਾ ਪ੍ਰਚਾਰ ਕੀਤਾ। ਸਾਹਸੀ ਰਾਜੇ ਹਿੰਦੂ ਧਰਮ ਅਤੇ ਸੰਸਕ੍ਰਿਤ ਭਾਸ਼ਾ ਨੂੰ ਮੰਨਣ ਵਾਲੇ ਸਨ। ਕੁੱਛ- ਕੁੱਛ ਪਾਲੀ ਦਾ ਵੀ ਪ੍ਰਚਾਰ ਰਿਹਾ। ਜਦਕਿ ਬਾਹਰਲੇ ਹਾਕਮਾਂ ਦਾ ਸਬੰਧ ਨਾ ਤਾਂ ਪਾਲੀ ਨਾਲ ਸੀ ਅਤੇ ਨਾ ਤਾਂ ਸੰਸਕ੍ਰਿਤ ਨਾਲ ਸੀ ਅਤੇ ਨਾ ਹੀ ਪਰਜਾ ਦੇ ਬੋਲੀ ਨਾਲ ਸੀ।ਸਿੱਟਾ ਇਹ ਨਿਕਲਿਆ ਹਾਕਮਾਂ ਦੇ ਬਦਲਣ ਨਾਲ ਨਵੇਂ ਹਾਕਮਾਂ ਦੀ ਭਾਸ਼ਾ ਅਤੇ ਲਿੱਪੀ ਅਨੁਸਾਰ ਰਾਜ ਦੀ ਭਾਸਾਂ ਅਤੇ ਲਿੱਪੀ ਬਦਲ ਗਈ। ਉਸ ਪਿੱਛੋਂ ਸਿੰਧ ਵਿੱਚ ਕਈ ਲਿੱਪੀਆਂ ਵਿਕਸਿਤ ਹੋਈਆ। ਲੋਕ ਆਪਣੀ ਭਾਸ਼ਾ ਨੂੰ ਉਭਾਰਨ ਵਿੱਚ ਕਾਮਯਾਬ ਹੋ ਗਏ। ਉਹਨਾਂ ਨੇ ਸਿੰਧੀ ਬੋਲੀ ਨੂੰ ਮਾਣ ਬਖਸ਼ਿਆ। ਪੰਜਾਬ ਦੇ ਪਹਾੜੀ ਰਾਜਿਆ ਨੇ ਅਤੇ ਚੰਬੇ ਦੇ ਰਾਜੇ, ਕੁੱਲੂ ਦੇ ਰਾਜੇ ਆਦਿ ਨੇ ਸੰਸਕ੍ਰਿਤ ਟਾਕਰੀ ਲਿੱਪੀ ਵਿੱਚ ਰਾਜ ਭਾਸ਼ਾ ਬਣਾਈ। ਸੰਸਕ੍ਰਿਤ ਦੇ ਮਸ਼ਹੂਰ ਵਿਦਵਾਨ ਕਲ਼ਹਣ ਪੰਡਿਤ ਨੇ ਬਾਰਵੀ ਸਦੀ ਵਿੱਚ ਰਾਜ ਤਿਰੰਗਣੀ ਨਾਮ ਦੀ ਕਿਤਾਬ ਸੰਸਕ੍ਰਿਤ ਵਿੱਚ ਲਿਖੀ ਅਤੇ ਇਸ ਦੀ ਲਿੱਪੀ ਟਾਕਰੀ ਸੀ। ਸਿੰਧ ਦੇ ਪਿੱਛੋ ਲਗਭਗ ਤਿੰਨ ਜਾਂ ਚਾਰ ਸੌ ਸਾਲ ਬਾਅਦ ਇਸਲਾਮੀ ਹਕੂਮਤ ਆਈ। ਇਸ ਦੇ ਹਾਕਮਾਂ ਦੀ ਬੋਲੀ ਨਾਂ ਤਾਂ ਸੰਸਕ੍ਰਿਤ ਸੀ ਅਤੇ ਨਾ ਤਾਂ ਪਾਲੀ ਸੀ ਅਤੇ ਨਾ ਹੀ ਪੰਜਾਬੀ। ਉਹ ਤੁਰਕੀ ਨਸਲ ਨਾਲ ਸਬੰਧ ਰੱਖਦੇ ਸਨ। ਉਹਨਾਂ ਦਾ ਧਰਮ ਇਸਲਾਮ ਸੀ। ਉਹਨਾਂ ਨੇ ਅਰਬੀ ਲਿੱਪੀ ਅਤੇ ਬੋਲੀ ਨੂੰ ਹੀ ਅੱਗੇ ਵਧਾਇਆ। ਇੱਥੇ ਦੀ ਬੋਲੀ ਪੰਜਾਬੀ ਸੀ ਜਿਸ ਨਾਲ ਹਾਕਮਾਂ ਦਾ ਕੋਈ ਲਗਾਅ ਨਹੀ ਸੀ। ਕਈ ਲੋਕ ਇਸਲਾਮ ਵਿੱਚ ਆਉਣੇ ਸ਼ੁਰੂ ਹੋ ਗਏ। ਇੱਥੋ ਇਲਾਕਾਈ ਬੋਲੀਆਂ ਦਾ ਦਬ ਦਬਾਅ ਹੋਣਾ ਸ਼ੁਰੂ ਹੋ ਗਿਆ।ਲੋਕਾਂ ਨੇ ਆਪੋ ਆਪਣੀਆ ਬੋਲੀਆ ਵਿੱਚ ਲਿਖਣਾ ਸ਼ੁਰੂ ਕੀਤਾ। ਪੰਜਾਬੀ ਦੇ ਸਾਹਿਤ ਦੇ ਇਤਿਹਾਸ ਵਿੱਚ ਲਿਖਿਆ ਹੈ ਜੋ ਕਿ ਭਾਸ਼ਾ ਵਿਭਾਗ ਪੰਜਾਬ ਨੇ ਛਾਪਿਆ ਹੈ, ਜਿਸ ਵਿੱਚ ਲਿਖਿਆਂ ਹੈ ਕਿ ਪੰਜਾਬੀ ਦਾ ਪਹਿਲਾ ਲਿਖਾਰੀ ਅਬਦੁੱਲ ਰਹਿਮਾਨ ਹੋਇਆ ਹੈ। ਇਹ ਘਟਨਾ ਮਹਿਮੂਦ ਗਜ਼ਨਵੀ ਦੇ ਵੇਲੇ ਦੀ ਹੈ। ਕਿਉਕਿ ਲੋਕ ਆਰੀਆ ਜਾਤੀ ਦੇ ਨਹੀ ਸਨ ਅਤੇ ਨਾ ਹੀ ਬ੍ਰਾਹਮਣੀਕਲ ਸਿਸਟਮ ਨਾਲ ਸਬੰਧਤ ਸਨ। ਇਸ ਕਰਕੇ ਸਥਾਨਕ ਬੋਲੀ ਬੋਲਦੇ ਸਨ। ਇਸ ਕਰਕੇ ਉਹਨਾਂ ਦੀ ਆਪਣੀ ਬੋਲੀ ਨੂੰ ਪਣਪਨੇ ਦਾ ਮੌਕਾ ਮਿਲਿਆ। ਸਿੰਧੂ ਸੂਬੇ ਵਿੱਚ ਭਗਤ ਸਧਨਾ ਜੀ ਹੋਏ ਹਨ, ਜਿਸ ਦੀ ਬਾਣੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ। ਉਹ ਸਥਾਨਕ ਬੋਲੀ ਸਿੰਧ ਦੀ ਹੀ ਹੈ ਅਤੇ ਪੰਜਾਬੀ ਬੋਲੀ ਦਾ ਮਿਸ਼ਰਨ ਹੈ। ਬਾਬਾ ਫਰੀਦ ਇੱਕ ਸੂਫੀ ਫਕੀਰ ਹੋਏ ਹਨ, ਉਹਨਾਂ ਦੀ ਵੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ਼ ਹੈ। ਉਹਨਾਂ ਦੀ ਬੋਲੀ ਨੂੰ ਲਹਿੰਦੀ ਬੋਲੀ ਕਿਹਾ ਜਾਂਦਾ ਹੈ। ਇਸੇ ਤਰਾਂ ਕਸ਼ਮੀਰ ਵਿੱਚ ਵੀ ਪਰਿਵਰਤਨ ਹੋਇਆ ਹੈ। ਉੱਥੇ ਇਕ ਸੰਤਨੀ ਹੋਈ ਜਿਸ ਨੂੰ ਲੱਲ ਮਾਤਾ ਕਿਹਾ ਜਾਂਦਾ ਹੈ। ਕਸ਼ਮੀਰੀ ਵਿੱਚ ਇਹਨਾਂ ਦਾ ਪਹਿਲਾ ਸਥਾਨ ਅਉਂਦਾ ਹੈ ਅਤੇ ਦੂਜਾ ਸਥਾਨ ਨੂਰਦੀਨ ਪੀਰ ਦਾ ਆਉਂਦਾ ਹੈ। ਇਸ ਦਾ ਇਹ ਸਿੱਟਾ ਨਿਕਲਦਾ ਹੈ ਕਿ ਸੰਸਕ੍ਰਿਤਵਾਦੀਆ ਨੇ ਲੋਕਲ ਬੋਲੀਆ ਨੂੰ ਦਬਾਇਆ ਹੈ। ਆਰੀਆ ਭਾਸ਼ਾ ਸੰਸਕ੍ਰਿਤ ਨੂੰ ਸਥਾਪਤ ਕੀਤਾ ਗਿਆ ਹੈ। ਜਦਕਿ ਪ੍ਰਚਾਰ ਇਹ ਕੀਤਾ ਜਾ ਰਿਹਾ ਹੈ ਕਿ ਹੋਰ ਕੋਈ ਬੋਲੀਆਂ ਨਹੀ ਹਨ ਕਿ ਜਿਸ ਵਿੱਚ ਸਾਹਿਤ ਲਿਖਿਆ ਜਾਵੇ। ਸਿਰਫ ਸੰਸਕ੍ਰਿਤ ਹੀ ਦੇਵ ਭਾਸ਼ਾ ਹੈ। ਦਸਯੂ ਲੋਕ ਘਿਚੂ ਮਿਚੂ ਬੋਲੀ ਬੋਲਦੇ ਹਨ, ਇਹਨਾਂ ਦੀ ਕੋਈ ਗੱਲ ਸਮਝ ਨਹੀ ਲਗਦੀ। ਇਸਲਾਮ ਸਰਕਾਰ ਦੂਰ-ਦੂਰ ਤੱਕ ਫੈਲਣ ਨਾਲ ਇਸਲਾਮ ਧਰਮ ਦੀ ਬੋਲੀ ਅਤੇ ਲਿੱਪੀ ਜਿਹੜੇ ਪਹਿਲਾ ਈਰਾਨ ਨੂੰ ਦਬਾਅ ਕੇ ਪਾਰਸੀ ਤੋਂ ਫਾਰਸੀ ਬਣਾ ਚੁੱਕੇ ਸਨ, ਉਹਨਾਂ ਦੇ ਨਾਲ ਕੁੱਛ ਗੈਰ ਅਰਬੀ ਕਬੀਲੇ ਵੀ ਆਏ। ਤੁਰਕੀ ਅਤੇ ਅਫਗਾਨਾਂ ਨੇ ਰਾਜ ਭਾਸ਼ਾ ਫਾਰਸੀ ਨੂੰ ਅਪਣਾਇਆ ਜਿਹੜੀ ਕਿ ਈਰਾਨ ਦੀ ਬੋਲੀ ਸੀ ਅਤੇ ਧਰਮ ਇਸਲਾਮ ਅਪਣਾਇਆ। ਫਾਰਸੀ ਲਈ ਖਜ਼ਾਨੇ 'ਚੋ ਧੰਨ ਵੀ ਖਰਚ ਕੀਤਾ। ਇਸ ਮਜ਼ਬੂਰੀ ਕਰਕੇ ਲੋਕਾਂ ਨੂੰ ਅਰਬੀ ਅਤੇ ਫਾਰਸੀ ਪੜ੍ਹਨੀ ਪਈ ਅਤੇ ਨਾਲ ਹੀ ਆਪਣੀ ਸਥਾਨਕ ਭਾਸ਼ਾ ਨੂੰ ਵੀ ਵਿਕਸਿਤ ਕੀਤਾ। ਇਸਲਾਮ ਰਾਜਿਆਂ ਨੇ ਜਿੱਥੇ ਧਰਮ ਦੀ ਪ੍ਰਗਤੀ ਤੇ ਕੰਮ ਕੀਤਾ, ਉੱਥੇ ਅਰਬੀ ਅਤੇ ਫਾਰਸੀ ਤੇ ਵੀ ਕੰਮ ਕੀਤਾ ਅਤੇ ਇਸ ਤੇ ਧੰਨ ਵੀ ਖਰਚ ਕੀਤਾ।ਲੋਕਾਂ ਨੂੰ ਮਜ਼ਬੂਰੀ ਨਾਮ ਇਹ ਬੋਲੀਆਂ ਪੜ੍ਹਨੀਆ ਪਈਆਂ। ਜਿਵੇਂ ਅੰਗਰੇਜ਼ਾ ਦੇ ਆਉਣ ਨਾਲ ਅੰਗਰੇਜ਼ੀ ਪੜਨੀ ਸ਼ੁਰੂ ਕੀਤੀ। ਜਿਵੇਂ-ਜਿਵੇਂ ਅੰਗਰੇਜ਼ਾ ਦੇ ਕਬਜ਼ੇ ਵਾਲਾ ਇਲਾਕਾ ਵੱਧਦਾ ਗਿਆ ਤਿਵੇਂ-ਤਿਵੇਂ ਅੰਗਰੇਜ਼ੀ ਬੋਲੀ ਦਾ ਰੁੱਤਬਾ ਵੱਧਦਾ ਗਿਆ।ਲੋਕ ਈਸਾਈ ਧਰਮ ਵੱਲ ਅਕਰਸ਼ਤ ਹੋਏ। ਅੰਗਰੇਜ਼ਾਂ ਦੇ ਧਾਰਮਿਕ ਆਗੂਆਂ ਨੇ ਲੋਕ ਬੋਲੀਆਂ ਵਿੱਚ ਬਾਈਬਲ ਛਪਾਉਣਾ ਸ਼ੁਰੂ ਕੀਤਾ। ਕਿਉਕਿ ਬਾਈਬਲ ਦਾ ਉਦੇਸ਼ ਸੀ ਕਿ ਲੋਕ ਬਾਈਬਲ ਆਪਣੀ ਬੋਲੀ ਵਿੱਚ ਸਮਝ ਸਕਣ ਅਤੇ ਈਸਾਈ ਧਰਮ ਵੱਲ ਪ੍ਰੇਰਤ ਹੋਣ। ਅੰਗਰੇਜ਼ਾ ਦੀ ਬੋਲੀ ਨਾ ਤਾਂ ਸੰਸਕ੍ਰਿਤ ਸੀ, ਨਾ ਤਾਂ ਅਰਬੀ ਅਤੇ ਨਾ ਹੀ ਸਥਾਨਕ ਬੋਲੀ ਸੀ। ਅੰਗਰੇਜ਼ਾਂ ਦਾ ਮੁੱਖ ਉਦੇਸ਼ ਧਾਰਮਿਕ ਸਮੱਗਰੀ ਜਾਂ ਲੋਕ ਬੋਲੀ ਵਿੱਚ ਪ੍ਰਚਾਰ ਕਰਨਾ ਤਾਂ ਕਿ ਸਥਾਨਕ ਲੋਕਾਂ ਨੂੰ ਧਰਮ ਵਿੱਚ ਸ਼ਾਮਿਲ ਕੀਤਾ ਜਾਵੇ ਅਤੇ ਰਾਜ ਦੀ ਸਹਾਇਤਾ ਕਰਵਾਈ ਜਾਵੇ। ਪੰਜਾਬ ਦਾ ਪਹਿਲਾ ਗੁਰਮੁੱਖੀ ਪ੍ਰੈੱਸ ਈਸਾਈ ਮਿਸ਼ਨਰੀਆਂ ਨੇ ਹੀ 1808 ਈ. ਵਿੱਚ ਮੌਜੂਦਾ ਲੁਧਿਆਣੇ 'ਚ C.M.C ਹਸਪਤਾਲ ਦੇ ਨੇੜੇ ਲਗਾਇਆ ਸੀ।ਇਸ ਤਰਾਂ ਧਾਰਮਿਕ ਅਤੇ ਪੰਜਾਬੀ ਸਾਹਿਤ ਛਾਪਣਾ ਸ਼ੁਰੂ ਕੀਤਾ। ਪੰਜਾਬੀ ਵਿਆਕਰਨ ਦਾ ਪਹਿਲਾ ਕਰਤਾ ਪ੍ਰੋ. ਕੈਰੀ ਨੂੰ ਮੰਨਿਆਂ ਜਾਂਦਾ ਹੈ। ਈਸਾਈ ਧਾਰਮਿਕ ਸਾਹਿਤ ਬਾਈਬਲ ਵੀ ਗੁਰਮੁੱਖੀ ਵਿੱਚ ਛਾਪਿਆ ਤਾਂ ਕਿ ਲੋਕ ਬੋਲੀ ਵਿੱਚ ਧਰਮ ਅਤੇ ਬੋਲੀ ਦਾ ਪ੍ਰਚਾਰ ਕੀਤਾ ਜਾ ਸਕੇ।

ਸਿੱਖ ਰਾਜਿਆ ਨੇ ਬੰਦਾ ਬਹਾਦਰ ਤੋਂ ਲੈ ਕੇ, ਫੂਲਕੀਆਂ ਰਾਜੇ, ਮਹਾਰਾਜਾ ਰਣਜੀਤ ਸਿੰਘ ਅਤੇ ਹੋਰ ਸਿੱਖ ਰਾਜਿਆ ਨੇ ਅਜਿਹਾ ਕੰਮ ਨਹੀ ਕੀਤਾ ਅਤੇ ਨਾ ਹੀ ਧਰਮ ਪ੍ਰਚਾਰ ਕਰ ਸਕੇ। ਜਿਸ ਦਾ ਸਿੱਟਾ ਇਹ ਨਿਕਲਿਆ ਕਿ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਖਤਮ ਹੋਣ ਪਿੱਛੋਂ ਅੰਗਰੇਜ਼ਾ ਦਾ ਰਾਜ ਤੇ ਕਬਜ਼ਾ ਹੋ ਗਿਆ। ਮਹਾਰਾਜਾ ਰਣਜੀਤ ਸਿੰਘ ਦੀ ਰਾਜ ਭਾਸ਼ਾ ਫਾਰਸੀ ਸੀ। ਸਿੱਟਾ ਇਹ ਨਿਕਲਿਆ ਕਿ ਅੰਗਰੇਜ਼ਾਂ ਦੇ ਆਉਣ ਨਾਲ ਫਾਰਸੀ ਰੱਦ ਹੋ ਗਈ ਅਤੇ ਅੰਗਰੇਜ਼ੀ ਨੂੰ medium of instruction ਬਣਾਇਆ। ਇਸ ਇਲਾਕੇ ਵਿੱਚ ਬਹੁ ਗਿਣਤੀ ਮੁਸਲ਼ਮਾਨਾਂ ਦੀ ਸੀ।ਉਹਨਾਂ ਨੇ ਅੰਗਰੇਜ਼ਾ ਨਾਲ ਮਿਲ ਕੇ ਉਰਦੂ ਨੂੰ ਰਾਜ ਭਾਸ਼ਾ ਬਣਾਇਆ ਅਤੇ ਪੰਜਾਬੀ ਨਾਲ ਗਦਾਰੀ ਕੀਤੀ। ਇਸ ਨੂੰ ਅਸੀ ਹੁਣ ਵੀ ਪਾਕਿਸਤਾਨ ਪੰਜਾਬ ਵਿੱਚ ਦੇਖ ਸਕਦੇ ਹਾਂ ਕਿ ਰਾਜ ਭਾਸ਼ਾ ਉਰਦੂ ਓਤੇ ਅੰਗਰੇਜ਼ੀ ਹੈ, ਪੰਜਾਬੀ ਨਹੀ। ਸੋ ਇਸ ਤੋ ਹੁਣ ਤੱਕ ਦਾ ਇਹ ਸਿੱਟਾਂ ਨਿਕਲਦਾ ਹੈ ਕਿ ਬਾਬੇ ਨਾਨਕ ਕਰਕੇ ਹੀ ਗੁਰਮੁੱਖੀ ਲਿੱਪੀ ਅਤੇ ਪੰਜਾਬੀ ਬੋਲੀ ਬਚ ਸਕੀ ਹੈ।

## ਭਾਰਤ 'ਚ ਦਲਿਤਾਂ 'ਤੇ ਹੋ ਰਹੇ ਨੇ ਜ਼ੁਲਮ

ਦਰਜ ਹੋਏ ਅਤੇ ਉਸ ਤੋਂ ਬਾਅਦ ਉੱਤਰ ਪ੍ਰਦੇਸ਼ ਤੇ ਬਿਹਾਰ ਵਿਚ। ਦਲਿਤਾਂ ਤੋਂ ਜ਼ਮੀਨ ਖੋਹਣ ਦੇ 47 ਮਾਮਲੇ ਦਰਜ ਕੀਤੇ ਗਏ। ਦਲਿਤਾਂ ਵਿਰੁੱਧ ਅਪਰਾਧਾਂ ਵਿਚ ਵਾਧਾ ਸਭ ਤੋਂ ਜ਼ਿਆਦਾ ਹਰਿਆਣਾ ਤੇ ਮੱਧ ਪ੍ਰਦੇਸ਼ ਵਿਚ ਹੋਇਆ।

ਸਾਡੇ ਸਿਆਸੀ ਆਗੂ ਹਮੇਸ਼ਾ ਦਲਿਤਾਂ ਤੇ ਦਮਿਤਾਂ ਦੀ ਬਾਂਹ ਫੜਨ ਦੀ ਗੱਲ ਕਰਦੇ ਹਨ ਪਰ ਅਜੇ ਵੀ ਦੇਸ਼ ਵਿਚ ਜਾਤੀਵਾਦੀ ਪ੍ਰਥਾ ਤੇ ਮਨੂਵਾਦ ਕਾਰਨ ਦਲਿਤਾਂ ਦਾ ਦਮਨ ਜਾਰੀ ਹੈ। ਕੁਝ ਅਜਿਹੇ ਮਾਮਲੇ ਵੀ ਸਾਹਮਣੇ ਆਏ ਜਿਨ੍ਹਾਂ ਵਿਚ ਤਾਕਤਵਰ ਲੋਕਾਂ ਨੇ ਵੱਡੀ ਪੱਧਰ 'ਤੇ ਹਿੰਸਾ ਵਰਤੀ। ਜਾਤੀਵਾਦ ਲੋਕਾਂ ਦੇ ਮਨਾਂ ਵਿਚ ਏਨੀ ਡੂੰਘੀ ਤਰ੍ਹਾਂ ਨਾਲ ਘਰ ਕਰ ਚੁੱਕਾ ਹੈ ਕਿ ਤਥਾਕਥਿਤ ਉੱਚੀਆਂ ਜਾਤਾਂ ਦੇ ਲੋਕ ਆਪਣਾ ਸਮਾਜਿਕ ਦਾਬਾ ਹਰ ਹੀਲੇ ਕਾਇਮ ਰੱਖਣਾ ਚਾਹੁੰਦੇ ਹਨ। ਰਾਜਸੀ ਆਗੂ ਇਨ੍ਹਾਂ ਸਮਾਜਿਕ ਵੰਡੀਆਂ ਦਾ ਸਿਆਸੀ ਲਾਹਾ ਉਠਾਉਂਦੇ ਹੋਏ ਜ਼ਿਆਦਾ ਵਾਰ ਤਥਾਕਥਿਤ ਉੱਚੀਆਂ ਜਾਤਾਂ ਦੇ ਲੋਕਾਂ ਦੇ ਹੱਕ ਵਿਚ ਭੁਗਤਦੇ ਹਨ ਕਿਉਂਕਿ ਅਜੇ ਵੀ ਜ਼ਿਆਦਾ ਤਾਕਤ ਤੇ ਸਰਮਾਇਆ ਇਨ੍ਹਾਂ ਜਾਤਾਂ ਦੇ ਲੋਕਾਂ ਦੇ ਹੱਥਾਂ ਵਿਚ ਕੇਂਦਰਿਤ ਹੈ।

## ਕੈਨੇਡਾ ਦੀ ਸਰਕਾਰ ਵਿੱਚ ਪੰਜਾਬੀਆਂ ਦਾ ਫਿਰ ਬੋਲਬਾਲਾ

ਕਿ ਅਸੀਂ ਸਰਕਾਰ ਨੂੰ ਚੱਲਣ ਦਿਆਂਗੇ, ਕਿਉਂਕਿ ਲੋਕਾਂ ਨੇ ਸਾਨੂੰ ਜਲਦੀ ਦੁਬਾਰਾ ਚੋਣਾਂ ਕਰਾਉਣ ਲਈ ਨਹੀਂ ਚੁਣਿਆ ਵੀ ਕਿਹਾ ਕਿ ਨਵੀਂ ਸਰਕਾਰ ਨੂੰ ਕਿਊਬਿਕ ਦੇ ਹਿੱਤਾਂ ਅਤੇ ਸਾਡੀ ਵਾਤਾਵਰਨ ਸਬੰਧੀ ਫ਼ਿਕਰਮੰਦੀ ਦਾ ਸਤਿਕਾਰ ਕਰਨਾ ਪਵੇਗਾ। ਸ੍ਰੀ ਟਰੂਡੋ ਖ਼ੁਦ ਕਿਊਬਿਕ ਤੋਂ ਹਨ, ਜਿਸ ਕਰਕੇ ਉਥੇ ਦੀਆਂ ਕਦਰਾਂ-ਕੀਮਤਾਂ ਦਾ ਫ਼ਿਕਰ ਆਪਣੀ ਸੋਚ ਮੁਤਾਬਿਕ ਕਰ ਸਕਦੇ ਹਨ। ਦੋਵਾਂ ਦੀ ਸੋਚ ਵਿਚ ਫ਼ਰਕ ਇਹ ਹੈ ਕਿ ਬਲਾਂਸ਼ੇ ਕਿਊਬਿਕ ਵਾਸੀਆਂ ਦੇ ਸੱਭਿਆਚਾਰ ਅਤੇ ਫਰਾਂਸੀਸੀ ਬੋਲੀ ਨੂੰ ਅੱਗੇ ਕਰਨ ਲਈ ਹੋਰ ਸੱਭਿਆਚਾਰਾਂ, ਦਿੱਖ ਅਤੇ ਬੋਲੀਆਂ ਦੇ ਆਧਾਰ 'ਤੇ ਗੈਰ-ਕਿਊਬਿਕ ਲੋਕਾਂ ਨਾਲ ਵਿਤਕਰਾ ਕਰਨ ਨੂੰ ਗ਼ਲਤ ਨਹੀਂ ਮੰਨਦੇ ਅਤੇ ਟਰੂਡੋ ਸਾਰੇ ਕੈਨੇਡਾ ਵਾਸੀਆਂ ਦੇ ਮੁਢਲੇ ਅਧਿਕਾਰ ਬਰਾਬਰ ਮੰਨਦੇ ਹਨ। ਕਿਊਬਿਕ ਵਿਧਾਨ ਸਭਾ ਵਲੋਂ ਜੂਨ 2019 ਵਿਚ ਸਰਕਾਰੀ ਮੁਲਾਜ਼ਮਾਂ 'ਤੇ ਧਾਰਮਿਕ ਚਿੰਨ੍ਹ ਪਹਿਨਣ ਸਬੰਧੀ ਲਗਾਈ ਗਈ ਪਾਬੰਦੀ ਬਾਰੇ ਕਾਨੂੰਨ ਦੇ ਮੁੱਦੇ ਉਪਰ ਟਰੂਡੋ ਅਤੇ ਜਗਮੀਤ ਸਿੰਘ ਦਾ ਬਲਾਂਸ਼ੇ ਨਾਲ ਟਕਰਾਅ ਰਹੇਗਾ। ਚੋਣ ਪ੍ਰਚਾਰ ਦੌਰਾਨ ਵਾਤਾਵਰਨ ਦੀ ਰਾਖੀ ਦਾ ਮੁੱਦਾ ਬਹੁਤ ਭਖਿਆ ਰਿਹਾ ਸੀ। ਸਾਰੀਆਂ ਪਾਰਟੀਆਂ ਨੇ ਸ਼ੁੱਧ ਹਵਾ ਅਤੇ ਪਾਣੀ ਦੇ ਰਾਖੇ ਹੋਣ ਦੇ ਦਾਅਵੇ ਵੀ ਕੀਤੇ ਸਨ। ਜਿਸ ਤੋਂ ਜਾਪਦਾ ਹੈ ਕਿ ਕੈਨੇਡਾ ਦਾ ਹਰੇਕ ਰਾਜਨੀਤਕ ਆਗੂ ਪ੍ਰਦੂਸ਼ਣ ਪ੍ਰਤੀ ਫ਼ਿਕਰਮੰਦ ਹੈ ਅਤੇ ਇਸ ਮੁੱਦੇ ਉਪਰ ਲਿਬਰਲ, ਐਨ.ਡੀ.ਪੀ. ਅਤੇ ਬਲਾਕ ਕਿਊਬਿਕ ਵਿਚ ਟਕਰਾਅ ਨਹੀਂ ਹੋਵੇਗਾ। ਪਰ ਅਲਬਰਟਾ ਤੋਂ ਤੇਲ ਪਾਈਪ ਲਾਈਨ ਬ੍ਰਿਟਿਸ਼ ਕੋਲੰਬੀਆ ਵੱਲ ਵਧਾਉਣ ਅਤੇ ਕਿਊਬਿਕ ਵਿਚੋਂ ਪਾਈਪ ਲਾਈਨ ਕੱਢਣ ਦੇ ਮੁੱਦੇ 'ਤੇ ਨਾ ਤਾਂ ਐਨ.ਡੀ.ਪੀ. ਦੇ ਜਗਮੀਤ ਸਿੰਘ ਅਤੇ ਨਾ ਬਲਾਕ ਕਿਊਬਿਕ ਦੇ ਆਗੂ ਬਲਾਂਸ਼ੇ ਸਹਿਜੇ ਕਿਤੇ ਟਰੂਡੋ ਨਾਲ ਸਹਿਮਤ ਹੋਣਗੇ। ਇਸੇ ਤਰ੍ਹਾਂ ਹੀ ਕੰਜ਼ਰਵੇਟਿਵ ਪਾਰਟੀ ਦੇ ਆਗੂ ਲਿਬਰਲ ਪਾਰਟੀ ਦੇ ਕਾਰਬਨ ਟੈਕਸ ਨੂੰ ਭੰਡਦੇ ਰਹਿਣਗੇ।

ਇਸੇ ਦੌਰਾਨ ਕੈਨੇਡਾ ਦੀ ਸੰਸਦ ਵਿਚ ਇਕ ਵਾਰ ਫਿਰ ਡੇਢ ਦਰਜਨ ਪੰਜਾਬੀ ਮੂਲ ਦੇ ਮੈਂਬਰਾਂ ਦੀ ਹਾਜ਼ਰੀ ਬਣੀ ਰਹੇਗੀ, ਜਿਨ੍ਹਾਂ ਵਿਚ (ਸਭ ਤੋਂ ਵੱਧ) ਲਿਬਰਲ ਪਾਰਟੀ ਦੇ ਨਵਦੀਪ ਸਿੰਘ ਬੈਂਸ, ਹਰਜੀਤ ਸਿੰਘ ਸੱਜਣ, ਬਰਦੀਸ਼ ਚੱਗਰ, ਸੁੱਖ ਧਾਲੀਵਾਲ, ਰਣਦੀਪ ਸਿੰਘ ਸਰਾਏ, ਅੰਜੂ ਢਿੱਲੋਂ, ਰੂਬੀ ਸਹੋਤਾ, ਸੋਨੀਆ ਸਿੱਧੂ, ਕਮਲ ਖਹਿਰਾ, ਗਗਨ ਸਿਕੰਦ, ਰਾਜ ਸੈਣੀ, ਮਨਿੰਦਰ ਸਿੱਧੂ ਤੇ ਅਨੀਤਾ ਆਨੰਦ ਆਦਿ ਸ਼ਾਮਿਲ ਹਨ। ਕੰਜ਼ਰਵੇਟਿਵ ਪਾਰਟੀ ਤੋਂ ਟਿਮ ਉੱਪਲ, ਜਸਰਾਜ ਹੱਲਣ, ਜੈਗ ਸਹੋਤਾ ਅਤੇ ਬੌਬ ਸਰੋਆ ਕਾਮਯਾਬ ਰਹੇ ਹਨ ਅਤੇ ਐਨ.ਡੀ.ਪੀ. ਦੇ ਆਗੂ ਜਗਮੀਤ ਸਿੰਘ ਜਿੱਤੇ ਹਨ।

ਯਕੀਨਨ ਅੰਗਰੇਜ਼ਾਂ ਦੇ ਕਿਸੇ ਦੇਸ਼ ਵਿੱਚ ਜਿਸ ਪ੍ਰਕਾਰ ਪੰਜਾਬੀਆਂ ਨੇ ਆਪਣੀ ਵੱਡੀ ਜਿੱਤ ਦਰਜ ਕਰ ਕੇ ਵਿਖਾਈ ਹੈ ਉਸ ਨੇ ਦੁਨੀਆਂ ਦੇ ਹਰ ਕੋਨੇ ਵਿੱਚ ਬੈਠੇ ਪੰਜਾਬੀਆਂ ਦਾ ਸਿਰ ਫ਼ਖਰ ਨਾਲ ਉੱਚਾ ਕਰ ਦਿੱਤਾ ਹੈ। ਇਸ ਨਾਲ ਪੂਰੀ ਦੁਨੀਆ ਵਿੱਚ ਇਹ ਵੀ ਸੰਦੇਸ਼ ਗਿਆ ਹੈ ਕਿ ਪੰਜਾਬੀ ਅਜਿਹੇ ਮਿਹਨਤੀ ਲੋਕ ਹਨ ਜੋ ਆਪਣੇ ਖੁੱਲ੍ਹੇ ਡੁੱਲ੍ਹੇ ਸੁਭਾਅ ਅਤੇ ਮਿਹਨਤੀ ਰਵੱਈਏ ਸਦਕਾ ਦੁਨੀਆ ਦੇ ਕਿਸੇ ਵੀ ਦੇਸ਼ ਜਾ ਕੇ ਆਪਣੀ ਪਹਿਚਾਣ ਬਣਾਉਣ ਦੀ ਸਮਰੱਥਾ ਰੱਖਦੇ ਹਨ।

## ਭਾਜਪਾ ਦਾ ਜੇਤੂ ਰੱਥ ਰੁਕਿਆ ਮੋਦੀ-ਸ਼ਾਹ ਵਿਰੁੱਧ ਫ਼ਤਵਾ

ਕੇ ਸਸਪੈਂਸ ਦੇ ਵਿਚਕਾਰ, ਦੇਵੇਂਦਰ ਫੜਨਵੀਸ ਤੇ ਸ਼ਿਵ ਸੈਨਾ ਦੇ ਨੇਤਾ ਦੀਵਾਕਰ ਰਾਉਤੇ ਨੇ ਵੱਖਰੇ ਤੌਰ 'ਤੇ ਰਾਜ ਦੇ ਰਾਜਪਾਲ ਨਾਲ ਮੁਲਾਕਾਤ ਕੀਤੀ।

**ਆਰ ਐਸ ਐਸ ਨਿਰਾਸ਼**

ਆਰ.ਐਸ.ਐਸ. ਦੇ ਤਰਜਮਾਨ 'ਪਾਂਚਜਨਯ' ਨੇ ਹਰਿਆਣਾ ਦੇ ਨਤੀਜਿਆਂ ਨੂੰ ਭਾਜਪਾ ਲਈ ਜਨਤਾ ਦੀ ਚਿਤਾਵਨੀ ਕਰਾਰ ਦਿੱਤਾ ਹੈ। ਮੁੱਖ ਪੱਤਰ ਦੇ ਵੈੱਬਸਾਈਟ 'ਤੇ ਬੀਤੇ ਦਿਨ 'ਹਰਿਆਣਾ ਵਿਚ ਭਾਜਪਾ ਨੂੰ ਜਨਤਾ ਦੀ ਚਿਤਾਵਨੀ' ਸਿਰਲੇਖ ਹੇਠ ਪ੍ਰਕਾਸ਼ਿਤ ਇਕ ਲੇਖ ਵਿਚ ਕਿਹਾ ਗਿਆ ਹੈ ਕਿ ਅਜਿਹੇ ਨਤੀਜਿਆਂ ਦਾ ਸਾਧਾਰਨ ਅਰਥ ਇਹ ਹੁੰਦਾ ਹੈ ਕਿ ਜਨਤਾ ਸਰਕਾਰ ਤੋਂ ਬਹੁਤਾ ਖ਼ੁਸ਼ ਨਹੀਂ ਹੈ, ਪਰ ਸਰਕਾਰ ਦੇ ਖ਼ਿਲਾਫ਼ ਵੀ ਨਹੀਂ। ਇਸ ਫਤਵੇ ਨੂੰ ਇਕ ਤਰ੍ਹਾਂ ਜਨਤਾ ਦੀ ਚਿਤਾਵਨੀ ਕਿਹਾ ਜਾ ਸਕਦਾ ਹੈ। ਸੰਘ ਦੇ ਮੁੱਖ ਪੱਤਰ ਵਿਚ ਸਵਾਲ ਉਠਾਇਆ ਗਿਆ ਹੈ ਕਿ 2019 ਦੀਆਂ ਚੋਣਾਂ ਵਿਚ ਵਧੀ ਵੋਟ ਫ਼ੀਸਦੀ ਆਖਰ ਵਧੀਆਂ ਹੋਈਆਂ ਸੀਟਾਂ ਵਿਚ ਕਿਉਂ ਤਬਦੀਲ ਨਹੀਂ ਹੋ ਸਕੀ। ਲੇਖ ਵਿਚ ਭਾਜਪਾ ਦੀਆਂ ਕੁਝ ਕਮਜ਼ੋਰੀਆਂ ਵੱਲ ਇਸ਼ਾਰਾ ਕਰਦੇ ਹੋਏ ਬਹੁਮਤ ਤੋਂ ਦੂਰ ਰਹਿਣ ਦੇ ਕਾਰਨ ਦੱਸੇ ਗਏ ਹਨ। ਮੁੱਖ ਪੱਤਰ ਵਿਚ ਲਿਖਿਆ ਗਿਆ ਕਿ ਖੱਟਰ ਸਰਕਾਰ ਦੇ 7 ਮੰਤਰੀਆਂ ਦਾ ਚੋਣਾਂ ਹਾਰ ਜਾਣਾ ਦੱਸਦਾ ਹੈ ਕਿ ਪਹਿਲੀ ਵਾਰ ਸਰਕਾਰ ਚਲਾਉਣ ਵਿਚ ਅਨੁਭਵਹੀਣਤਾ ਰੁਕਾਵਟ ਬਣੀ।

**ਅਕਾਲੀਆਂ ਦੇ ਹੌਸਲੇ ਵਧੇ**

ਹਰਿਆਣਾ ਦੇ ਚੋਣ ਨਤੀਜਿਆਂ ਤੇ ਪੰਜਾਬ ਜ਼ਿਮਨੀ ਚੋਣਾਂ ਦੌਰਾਨ ਫਗਵਾੜਾ ਤੇ ਮੁਕੇਰੀਆਂ ਵਿਚ ਭਾਜਪਾ ਦੀ ਹੋਈ ਹਾਰ ਨੇ ਅਕਾਲੀ ਦਲ ਦੇ ਆਗੂਆਂ ਦੇ ਹੌਸਲੇ ਵਧਾਏ ਹਨ ਕਿਉਂਕਿ ਇਨ੍ਹਾਂ ਨਤੀਜਿਆਂ ਅਨੁਸਾਰ ਪੰਜਾਬ ਵਿਚ ਭਾਜਪਾ ਨੂੰ ਅਕਾਲੀ ਦਲ 'ਤੇ ਨਿਰਭਰ ਰਹਿਣਾ ਪਵੇਗਾ। ਪੰਜਾਬ ਦੀ ਜ਼ਿਮਨੀ ਚੋਣਾਂ ਵਿਚ ਕਾਂਗਰਸ ਨੇ ਤਿੰਨ ਸੀਟਾਂ ਜਿੱਤੀਆਂ ਹਨ ਪਰ ਦਾਖਾ ਵਿਚ ਉਸ ਦੇ ਉਮੀਦਵਾਰ ਦੀ ਹਾਰ ਉਸ ਲਈ ਵੱਡੀ ਨਮੋਸ਼ੀ ਦਾ ਕਾਰਨ ਬਣੀ ਹੈ। ਜਲਾਲਾਬਾਦ ਦੇ ਚੋਣ ਨਤੀਜੇ ਇਹ ਦੱਸਦੇ ਹਨ ਕਿ ਪੰਜਾਬ ਦੇ ਲੋਕ ਅਕਾਲੀ ਦਲ ਤੋਂ ਵੀ ਕਾਫ਼ੀ ਨਾਰਾਜ਼ ਹਨ।

## ਭਲਾ ਰਬਾਬ ਵਜਾਇੰਦਾ: ਗੁਰੂ ਨਾਨਕ ਦੇਵ ਦੇ ਭਾਈ ਮਰਦਾਨਾ

ਨਾਨਕ ਦੇਵ ਦੇ ਸੰਪਰਕ ਵਿਚ ਆਉਣ ਤੋਂ ਪਹਿਲਾਂ ਆਪਣੇ ਮੁਸਲਮਾਨੀ ਦੀਨ ਅਨੁਸਾਰ ਆਪਣਾ ਨਿੱਤਨੇਮ ਦੇ ਪੱਕੇ ਧਾਰਨੀ ਸਨ। ਪੰਜ ਵਕਤ ਦੀ ਨਮਾਜ਼ ਕਰਨੀ ਤੇ ਰੋਜ਼ੇ ਰੱਖਣੇ ਪਰ ਜਦੋਂ ਗੁਰੂ ਨਾਨਕ ਦੇਵ ਦੇ ਸੰਪਰਕ ਵਿਚ ਆਏ ਤਾਂ ਉਨ੍ਹਾਂ ਨੇ ਤਿੰਨ ਗੱਲਾਂ ਭਾਈ ਮਰਦਾਨਾ ਨੂੰ ਦ੍ਰਿੜ ਕਰਵਾਈਆਂ- ਪਿਛਲੀ ਰਾਤੀਂ ਵਾਹਿਗੁਰੂ ਦਾ ਜਾਪ ਕਰਨਾ, ਕੇਸ ਨਹੀਂ ਕਟਵਾਉਣੇ ਤੇ ਆਏ-ਗਏ ਗਰੀਬ ਲੋੜਵੰਦ ਦੀ ਮਦਦ ਕਰਨੀ। ਇਨ੍ਹਾਂ ਗੱਲਾਂ ਨੂੰ ਭਾਈ ਮਰਦਾਨੇ ਨੇ ਆਪਣੇ ਲੜ ਬੰਨ੍ਹ ਲਿਆ। ਲਗਪਗ 47 ਸਾਲ ਤਕ ਉਨ੍ਹਾਂ ਨੇ ਗੁਰੂ ਜੀ ਦੀ ਸੰਗਤ ਕੀਤੀ। ਗੁਰੂ ਨਾਨਕ ਦੇਵ ਜੀ ਬਾਣੀ ਉਚਾਰਦੇ ਤੇ ਮਰਦਾਨਾ ਜੀ ਉਸ ਬਾਣੀ ਨੂੰ ਰਾਗਬੱਧ ਕਰ ਕੇ ਗਾਉਂਦੇ।

ਇਕ ਦਿਨ ਗੁਰੂ ਨਾਨਕ ਸਾਹਿਬ ਨੇ ਭਾਈ ਮਰਦਾਨਾ ਨੂੰ ਕਿਹਾ 'ਬ੍ਰਾਹਮਣ ਦੀ ਮ੍ਰਿਤਕ ਦੇਹ ਨੂੰ ਜਲ ਪ੍ਰਵਾਹ ਕੀਤਾ ਜਾਂਦਾ ਹੈ, ਖੱਤਰੀ ਦੀ ਨੂੰ ਜਲਾਇਆ ਜਾਂਦਾ ਹੈ, ਵੈਸ਼ ਨੂੰ ਖੁੱਲ੍ਹਾ ਸੁੱਟ ਦਿੱਤਾ ਜਾਂਦਾ ਹੈ, ਸ਼ੂਦਰਾਂ ਦੀ ਮ੍ਰਿਤਕ ਦੇਹ ਨੂੰ ਦੱਬ ਦਿੱਤਾ ਜਾਂਦਾ ਹੈ। ਹੁਣ ਤੂੰ ਦੱਸ, ਤੇਰੀ ਮ੍ਰਿਤਕ ਦੇਹ ਨੂੰ ਕਿਹੜੀ ਰੀਤੀ ਨਾਲ ਸੰਸਕਾਰਿਆ ਜਾਏ।' ਗੁਰਬਾਣੀ ਵਿਚ ਗੁਰੂ ਨਾਨਕ ਸਾਹਿਬ ਨੇ ਫਰਮਾਇਆ :

ਇਕਿ ਦਝਹਿ ਇਕ ਦਬੀਅਹਿ ਇਕਨਾ ਕੁਤੇ ਖਾਹਿ॥
ਇਕਿ ਪਾਣੀ ਵਿਚਿ ਉਸਟੀਅਹਿ ਇਕਿ ਭੀ ਫਿਰਿ ਹਸਣਿ ਪਾਹਿ ॥
ਨਾਨਕ ਏਵ ਨਾ ਜਾਪਈ ਕਿਥੈ ਜਾਇ ਸਮਾਹਿ॥
(ਗੁਰੂ ਗ੍ਰੰਥ ਸਾਹਿਬ, ਅੰਗ: 648)

ਗੁਰੂ ਸਾਹਿਬ ਨੇ ਭਾਈ ਮਰਦਾਨਾ ਨੂੰ ਫਿਰ ਕਿਹਾ, 'ਜੇ ਤੂੰ ਕਹੇਂ ਤਾਂ ਤੇਰੀ ਦੇਹ ਨੂੰ ਧਰਤੀ ਵਿਚ ਦੱਬ ਕੇ ਇੱਟਾਂ ਦੀ ਮਟੀ ਬਣਾ ਦੇਈਏ?' ਭਾਈ ਮਰਦਾਨਾ ਨੇ ਕਿਹਾ 'ਗੁਰੂ ਜੀ, ਮੈਨੂੰ ਮਾਸ ਦੀ ਮਟੀ ਵਿਚੋਂ ਕੱਢ ਕੇ ਕਿਉਂ ਇੱਟਾਂ ਦੀ ਮਟੀ ਵਿਚ ਕੈਦ ਕਰਦੇ ਹੋ?' ਗੁਰੂ ਜੀ ਨੇ ਕਿਹਾ, 'ਭਾਈ ਜੀ, ਤੁਸੀਂ ਅਸਲ ਬ੍ਰਹਮ ਨੂੰ ਪਛਾਣ ਲਿਆ ਹੈ।' ਭਾਈ ਮਰਦਾਨਾ ਨੇ ਕਿਹਾ,'ਤੁਸੀ ਬ੍ਰਾਹਮ ਨੂੰ ਪਛਾਣਿਆ ਹੈ, ਮੈਂ ਤਾਂ ਤੁਹਾਨੂੰ ਪਛਾਣਿਆ ਹੈ। ਹੁਣ ਆਪ ਵਿਚ ਅਤੇ ਮੇਰੇ ਵਿਚ ਬਹੁਤਾ ਫਰਕ ਨਹੀਂ।' ਗੁਰੂ ਨਾਨਕ ਸਾਹਿਬ ਨੇ ਕਿਹਾ, 'ਇਸ ਵਾਕ ਵਿਚੋਂ 'ਬਹੁਤਾ' ਸ਼ਬਦ ਹਟਾ ਦੇਵੋ।' ਭਾਈ ਮਰਦਾਨਾ ਨੇ ਕਿਹਾ, 'ਜੋ ਤੁਹਾਡੇ ਚਿੱਤ ਆਇਆ ਤੁਸੀਂ ਆਖ ਦਿੱਤਾ, ਜੋ ਮੇਰਾ ਚਿੱਤ ਆਇਆ ਮੈਂ ਆਖ ਦਿੱਤਾ।'

ਭਾਈ ਕਾਹਨ ਸਿੰਘ ਨਾਭਾ ਨੇ ਮਹਾਨ ਕੋਸ਼ ਵਿਚ ਵਾਰ ਬਿਹਾਗੜਾ ਵਿਚ ਭਾਈ ਮਰਦਾਨਾ ਦੇ ਤਿੰਨ ਸਲੋਕਾਂ ਬਾਰੇ ਵੇਰਵਾ ਦਿੱਤਾ ਹੈ।

ਭਾਈ ਮਰਦਾਨਾ ਗੁਰੂ ਨਾਨਕ ਦੇ ਨਗਰ ਦੇ ਮੀਰ-ਆਲਮਾਂ ਦਾ ਲੜਕਾ ਸੀ। ਭਾਈ ਮਰਦਾਨੇ ਦੇ ਵੱਡੇ ਵਡੇਰੇ ਗੁਰੂ ਨਾਨਕ ਦੇ ਖ਼ਾਨਦਾਨੀ ਮੀਰ ਸਨ। ਜਿਸ ਕਾਰਨ ਭਾਈ ਮਰਦਾਨੇ ਦਾ ਗੁਰੂ ਨਾਨਕ ਦੇ ਘਰ ਆਉਣ-ਜਾਣ ਦੇ ਕਾਰਨ ਸਾਥ-ਸੰਗ ਤੇ ਪ੍ਰੇਮ-ਸਨੇਹ ਹੋ ਗਿਆ। ਵੇਰਵਿਆਂ ਅਨੁਸਾਰ ਭਾਈ ਮਰਦਾਨਾ ਬਚਪਨ ਵਿੱਚ ਆਪਣੀ ਮਾਸੀ ਮਾਈ ਦੌਲਤਾਂ ਨਾਲ ਵੀ ਗੁਰੂ ਨਾਨਕ ਦੇ ਘਰ ਜਾਂਦੇ ਸਨ। ਗੁਰੂ ਨਾਨਕ ਨੇ ਇਸ ਸਾਜ਼ਿੰਦੇ ਦੇ ਇਮਾਨ, ਸਹਿਜ ਤੇ ਧੀਰਜ ਨੂੰ ਪਛਾਣ ਕੇ ਉਸ ਨੂੰ ਮਰਦਾਨੇ ਮੀਰ ਤੋਂ ਭਾਈ ਮਰਦਾਨੇ ਦੀ ਪਛਾਣ ਦਿੱਤੀ। ਸਿੱਟੇ ਵਜੋਂ ਉਨ੍ਹਾਂ ਨੂੰ ਸਿੱਖ ਧਰਮ ਅੰਦਰ 'ਭਾਈ' ਦਾ ਪਹਿਲਾ ਸਨਮਾਨਯੋਗ ਰੁਤਬਾ ਪ੍ਰਾਪਤ ਹੈ। ਗੁਰੂ ਨਾਨਕ ਤੇ ਰਬਾਬੀ ਭਾਈ ਮਰਦਾਨੇ ਦੀ ਸਾਂਝ ਇਲਾਹੀ ਸੱਚ ਦੀ ਭਾਲ ਸੀ। ਇਲਾਹੀ ਸੰਗੀਤ ਦੇ ਵਡਮੁੱਲੇ ਮਨੁੱਖ ਭਾਈ ਮਰਦਾਨੇ ਨੂੰ ਗੁਰੂ ਨਾਨਕ ਨੇ ਰੱਬੀ ਸੰਗੀਤਕਾਰ ਬਣਾ ਦਿੱਤਾ। ਭਾਈ ਮਰਦਾਨਾ ਦੇ ਦੋ ਪੁੱਤਰਾਂ ਰਜਾਦਾ ਤੇ ਸਜਾਦਾ ਦਾ ਇਤਿਹਾਸ ਵਿਚ ਨਾਂ ਆਉਂਦਾ ਹੈ। ਸਜਾਦਾ ਤਲਵੰਡੀ ਵਿਚ ਹੀ ਰਹੇ ਤੇ ਰਜਾਦਾ ਕਰਤਾਰਪੁਰ ਆ ਕੇ ਵੱਸ ਗਏ। ਪ੍ਰਿੰ. ਸਤਿਬੀਰ ਸਿੰਘ ਲਿੱਖਦੇ ਹਨ ਕਿ ਭਾਈ ਮਰਦਾਨਾ ਦਾ ਦੇਹਾਂਤ 28 ਨਵੰਬਰ 1534 ਨੂੰ ਕਰਤਾਰਪੁਰ 'ਚ ਹੋਇਆ। ਗੁਰੂ ਨਾਨਕ ਸਾਹਿਬ ਨੇ ਆਪਣੇ ਹੱਥੀਂ ਉਨ੍ਹਾਂ ਦਾ ਸਸਕਾਰ ਕੀਤਾ।ਇਸੇ ਖ਼ਾਨਦਾਨੀ ਪਰੰਪਰਾ ਤੇ ਚੱਲਦਿਆਂ ਬਾਕੀ ਦੇ ਮਰਦਾਨੇ ਕਿਆਂ ਨੇ ਵੀ ਗੁਰੂਆਂ ਦੀ ਇਲਾਹੀ ਬਾਣੀ ਤੇ ਉਪਦੇਸ਼ਾਂ ਨੂੰ ਆਮ ਲੋਕਾਈ ਤੱਕ ਪਹੁੰਚਾਇਆ। ਭਾਈ ਮਰਦਾਨੇ ਤੋਂ ਬਾਅਦ ਉਨ੍ਹਾਂ ਦੇ ਪੁੱਤਰ ਭਾਈ ਰਜਾਦਾ ਤੇ ਭਾਈ ਸਜਾਦਾ ਤੇ ਇਸੇ ਸ਼ਰਧਾਲੂ ਪਰਿਵਾਰ ਦੀ ਪਰੰਪਰਾ ਵਿੱਚੋਂ ਭਾਈ ਸੱਤਾ ਤੇ ਬਲਵੰਡ, ਭਾਈ ਮੁਸ਼ਕੀ, ਭਾਈ ਛਬੀਲਾ, ਭਾਈ ਨੱਥ ਮੱਲ ਆਦਿ ਗੁਰੂ ਘਰ ਦੇ ਕੀਰਤਨੀਏ ਤੇ ਢਾਡੀ ਕਲਾ ਵਿੱਚ ਨਿਪੁੰਨ ਇਨ੍ਹਾਂ ਮਰਦਾਨੇ ਕਿਆਂ ਨੇ ਸਿੱਖ ਧਰਮ ਲਈ ਵਿਸ਼ੇਸ਼ ਭੂਮਿਕਾ ਨਿਭਾਈ।

ਹੁਣ ਵੀ ਉਨ੍ਹਾਂ ਦਾ ਪਰਿਵਾਰ ਕੀਰਤਨ ਪਰੰਪਰਾ ਨਾਲ ਜੁੜਿਆ ਹੋਇਆ ਹੈ। ਅਜੋਕੇ ਸਮੇਂ ਭਾਈ ਮਰਦਾਨੇ ਦੇ ਪਰਿਵਾਰ ਵਿੱਚੋਂ ਮਰਹੂਮ ਭਾਈ ਲਾਲ ਤੋਂ ਬਾਅਦ ਉਨ੍ਹਾਂ ਦੀਆਂ ਅਗਲੀਆਂ ਪੀੜ੍ਹੀਆਂ ਵੀ ਕੀਰਤਨ ਪਰੰਪਰਾ ਨਾਲ ਜੁੜੀਆਂ ਹੋਈਆਂ ਹਨ।

## ਬਾਬਾ ਤੇ ਮਰਦਾਨਾ

**-ਸ਼ਿਵ ਕੁਮਾਰ ਬਟਾਲਵੀ**

ਨਿੱਤ ਫਿਰਦੇ ਦੇਸ ਬਦੇਸ
ਕਦੇ ਤਾਂ ਵਿਚ ਬਨਾਰਸ ਕਾਸ਼ੀ
ਕਰਨ ਗੁਣੀ ਸੰਗ ਭੇਟ
ਕੱਛ ਮੁਸੱਲਾ ਹੱਥ ਵਿਚ ਗੀਤਾ
ਅਜਬ ਫ਼ਕੀਰੀ ਵੇਸ
ਆ ਆ ਬੈਠਣ ਗੋਸ਼ਟ ਕਰਦੇ
ਪੀਰ, ਬ੍ਰਾਹਮਣ, ਸ਼ੇਖ
ਨਾ ਕੋਈ ਹਿੰਦੂ ਨਾ ਕੋਈ ਮੁਸਲਿਮ
ਕਰਦਾ ਅਜਬ ਆਦੇਸ਼
ਗੰਗਾ ਉਲਟਾ ਅਰਘ ਚੜ੍ਹਾਵੇ
ਸਿੰਜੇ ਆਪਣੇ ਖੇਤ
ਹਉਂ ਵਿਚ ਆਏ ਹਉਂ ਵਿਚ ਮੋਏ
ਡਰਦੇ ਉਸ ਨੂੰ ਵੇਖ
ਰੱਬ ਨੂੰ ਨਾ ਉਹ ਅਲਾਹ ਆਖੇ
ਤੇ ਨਾ ਰਾਮ ਮਹੇਸ਼
ਕਹਵੇ ਅਜੂਨੀ ਕਹਵੇ ਅਮੂਰਤ
ਨਿਰਭਾਉ, ਅਭੇਖ
ਜੰਗਲ ਨਦੀਆਂ ਚੀਰ ਕੇ ਬੇਲੇ
ਗਾਂਹਦੇ ਥਲ ਦੀ ਰੇਤ
ਇਕ ਦਿਨ ਪਹੁੰਚੇ ਤੁਰਦੇ ਤੁਰਦੇ
ਕਾਮ-ਰੂਪ ਦੇ ਦੇਸ਼
ਬਾਗ਼ੀਂ ਬੈਠਾ ਚੇਤ
ਵਣ-ਤ੍ਰਿਣ ਸਾਰਾ ਮਹਿਕੀਂ ਭਰਿਆ
ਲੈਹ ਲੈਹ ਕਰਦੇ ਖੇਤ
ਰਾਜ ਤ੍ਰੀਆ ਇਸ ਨਗਰੀ ਵਿਚ
ਅਰਧ ਨਗਨ ਜਿਹੇ ਵੇਸ
ਨੂਰ ਸ਼ਾਹ ਰਾਣੀ ਦਾ ਨਾਉਂ
ਗਜ਼ ਗਜ਼ ਲੰਮੇ ਕੇਸ
ਮਰਦਾਨੇ ਨੂੰ ਭੁੱਖ ਆ ਲੱਗੀ
ਵਲ ਮਹਿਲਾ ਵੇਖ
ਝੱਟ ਬਾਬੇ ਨੇ ਮਰਦਾਨੇ ਨੂੰ
ਕੀਤਾ ਇਹ ਆਦੇਸ਼
ਜਾ ਮਰਦਾਨਿਆ ਭਿਖਿਆ ਲੈ ਆ
ਭੁੱਖ ਜੇ ਤੇਰੇ ਪੇਟ

## ਨੂਰਾਨੀ ਜੋਤ, ਗਿਆਨ ਦੀ ਜਗਮਗ ਮਸ਼ਾਲ ਗੁਰੂ ਨਾਨਕ ਦੇਵ

ਦਰਮਿਆਨ ਝਗੜਾ ਰਿਹਾ ਹੈ ਲੇਕਿਨ ਗੁਰੂ ਨਾਨਕ ਪਾਤਸ਼ਾਹ ਦੁਆਰਾ ਚਲਾਏ ਧਰਮ ਪੰਥ ਦੇ ਸਿਧਾਂਤਾਂ ਨੂੰ ਅੱਜ ਸਮੁੱਚੇ ਵਿਸ਼ਵ ਦੇ ਵਿਗਿਆਨੀ ਕਬੂਲ ਰਹੇ ਹਨ। ਧਰਤੀ, ਸੂਰਜ, ਸੌਰ ਮੰਡਲ, ਹਵਾ-ਪਾਣੀ ਦੀ ਉਤਪਤੀ ਬਾਰੇ ਜੋ ਕੁਝ ਗੁਰੂ ਨਾਨਕ ਸਾਹਿਬ ਨੇ ਅੱਜ ਤੋਂ 500 ਸਾਲ ਪਹਿਲਾਂ ਉਚਾਰੀ ਬਾਣੀ ਵਿੱਚ ਸਪਸ਼ਟ ਕਰ ਦਿੱਤਾ, ਉਹ ਅੱਜ ਵੀ ਵਿਗਿਆਨ ਝੁਠਲਾ ਨਹੀਂ ਸਕਿਆ, ਹਾਲਾਂਕਿ ਉਸ ਵੇਲੇ ਤਾਂ ਵਿਗਿਆਨ ਯੁੱਗ ਕਿਧਰੇ ਸ਼ੁਰੂ ਵੀ ਨਹੀ ਸੀ ਹੋਇਆ।

ਆਪਣੀ ਪਹਿਚਾਣ ਦੱਸਦਿਆਂ ਗੁਰੂ ਨਾਨਕ ਪਾਤਸ਼ਾਹ ਨੇ ਕਿਧਰੇ ਵੀ ਗੁਰੂ ਹੋਣ ਦਾ ਦਾਅਵਾ ਨਹੀਂ ਕੀਤਾ ਜਿਸ ਤਰ੍ਹਾਂ ਅੱਜਕੱਲ੍ਹ ਥਾਂ ਥਾਂ ਉਸਰ ਰਹੇ ਡੇਰਿਆਂ ਦੇ ਆਪੇ ਬਣੇ ਡੇਰੇਦਾਰ ਕਰਦੇ ਹਨ,ਉਨ੍ਹਾਂ ਆਪਣੀ ਪਹਿਚਾਣ 'ਮੂਲ ਖ਼ਰੀਦੀ ਲਾਲਾ ਗੋਲਾ ਮੇਰਾ ਨਾਉ ਸੁਭਾਗਾ' 'ਹਉ ਦੀਵਾਨਾ ਸ਼ਾਹ ਕਾ ਨਾਨਕ ਬਉਰਾਨਾ,' 'ਹਉ ਹਰਿ ਬਿਨ ਅਵਰ ਨਾ ਜਾਨਾਂ' ਵਜੋਂ ਕਰਵਾਈ ਹੈ। ਅਜੋਕੇ ਯੁੱਗ ਵਿੱਚ ਜਦਕਿ ਹਰ ਪਾਸੇ ਪੈਸੇ ਤੇ ਸੱਤਾ ਦੀ ਦੌੜ, ਦੁਨੀਆਂ ਦੇ ਲੋਕਾਂ ਨੂੰ ਹੰਕਾਰ, ਹਉਮੈ, ਮੋਹ-ਮਾਇਆ, ਝੂਠ, ਪਾਖੰਡ ਅਤੇ ਨਫਰਤ ਦੀ ਦਲ ਦਲ ਵਿੱਚ ਦੁਬਾਰਾ ਧਕੇਲ ਰਹੀ ਹੈ ਅਜਿਹੇ ਵਿੱਚ ਐਸੇ ਸਤਿਗੁਰੂ ਦੁਆਰਾ ਉਚਾਰੇ ਇਲਾਹੀ ਬੋਲਾਂ (ਗੁਰਬਾਣੀ)ਨੂੰ ਪੜ੍ਹਨ ਵਿਚਾਰਨ ਅਤੇ ਉਸ ਦੇ ਆਸ਼ੇ ਅਨੁਸਾਰ ਜੀਵਨ ਜੀਊਣ ਨਾਲ ਆਸ ਦੀ ਕਿਰਨ ਜ਼ਰੂਰ ਨਜ਼ਰ ਆਵੇਗੀ।

## ਸੁਲਤਾਨਪੁਰ ਲੋਧੀ ਦੀ ਇਤਿਹਾਸਕ ਇਮਾਰਤ

ਅਰਬੀ-ਮੂਲਕ ਹੈ ਅਤੇ 'ਹਜ਼ੀਰੇ' ਤੋਂ ਹੀ ਬਣਿਆ ਲਗਦਾ ਹੈ। ਹਜ਼ੀਰੇ ਦਾ ਅਰਥ ਹੈ ਚਾਰੇ ਪਾਸਿਓਂ ਘਿਰਿਆ ਹੋਇਆ, ਵਲਿਆ ਹੋਇਆ, ਵਾੜਾ, ਅਹਾਤਾ ਆਦਿ। ਹਿਬਰੂ ਭਾਸ਼ਾ ਦੇ ਗਿਆਤਾ ਇਹ ਮੰਨਦੇ ਹਨ ਕਿ 'ਹਦੀਰਾ' ਸ਼ਬਦ ਜਾਂ ਤਾਂ ਹਜ਼ੀਰਾ ਤੋਂ ਬਣਿਆ ਹੈ ਜਾਂ ਇਸ ਦਾ ਮੂਲ ਹਿਬਰੂ ਭਾਸ਼ਾ ਦੇ ਲਫ਼ਜ਼ 'ਹਜ਼ਾਰਾ' ਜਾਂ 'ਹਸਾਰਾ' ਨਾਲ ਜੁੜਦਾ ਹੈ। ਹਸਾਰਾ ਦਾ ਅਰਥ ਵੀ 'ਚਾਰੇ ਪਾਸਿਓਂ ਘਿਰਿਆ' ਹੀ ਹੁੰਦਾ ਹੈ। ਹਿਬਰੂ ਦਾ ਇਕ ਹੋਰ ਸ਼ਬਦ ਵੀ 'ਹਦੀਰਾ' ਨਾਲ ਰਲਦਾ-ਮਿਲਦਾ ਹੈ, ਜਿਸ ਦਾ ਮਤਲਬ ਹੁੰਦਾ ਹੈ ਹਰਿਆਲਾ ਜਾਂ ਹਰਿਆਲੀ ਪੈਦਾ ਕਰਨੀ ਜਾਂ ਵਲੀ ਹੋਈ ਜ਼ਰਖ਼ੇਜ਼ ਜ਼ਮੀਨ।

ਮੁਗ਼ਲ ਕਾਲ ਦੌਰਾਨ ਬਣੀਆਂ ਇਮਾਰਤਾਂ ਵਿਚ 'ਹਜ਼ੀਰਾ' ਲਫ਼ਜ਼ ਬਹੁਤੀ ਵਾਰ ਮਕਬਰੇ, ਮਜ਼ਾਰ, ਦਰਗਾਹ, ਸਮਾਧ ਆਦਿ ਦੇ ਅਰਥ ਸੰਚਾਰਦਾ ਹੈ। ਪਰ ਜਿਸ ਕਾਲ ਦੌਰਾਨ ਸੁਲਤਾਨਪੁਰ ਲੋਧੀ ਦੀ ਇਹ ਅਸ਼ਟ-ਭੁਜਾ ਇਮਾਰਤ ਬਣਾਈ ਗਈ, ਉਸ ਸਮੇਂ ਕੋਈ ਵੀ ਐਡੀ ਵੱਡੀ ਮਹੱਤਵਪੂਰਨ ਸ਼ਖ਼ਸੀਅਤ ਸੁਲਤਾਨਪੁਰ ਲੋਧੀ ਨਾਲ ਸਬੰਧਿਤ ਨਹੀਂ ਸੀ, ਜਿਸ ਦਾ ਅਜਿਹਾ ਮਕਬਰਾ ਬਣਾਇਆ ਜਾਂਦਾ। ਮੁਗ਼ਲ ਕਾਲ ਦੇ ਸਮਾਰਕਾਂ ਦੀ ਨਿਰਖ-ਪਰਖ ਕਰਨ ਵਾਲੇ ਸ੍ਰੀ ਸੁਭਾਸ਼ ਪਰਿਹਾਰ ਦਾ ਮੰਨਣਾ ਹੈ ਕਿ ਇਹ ਸਮਾਰਕ ਉਸ ਸਮੇਂ ਦੇ ਮਕਬੂਲ ਉਸਤਾਦ ਅਬਦੁੱਲਾ ਸੁਲਤਾਨਪੁਰੀ ਦਾ ਮਕਬਰਾ ਹੋ ਸਕਦਾ ਹੈ ਪਰ ਇਸ ਦੇ ਅੰਦਰਲਾ ਮਾਹੌਲ ਅਤੇ ਵਿਉਂਤਬੰਦੀ ਇਸ ਗੱਲ ਦੀ ਗਵਾਹੀ ਨਹੀਂ ਭਰਦੀ। ਅੰਦਰਲੀਆਂ ਸਾਰੀਆਂ ਗਵਾਹੀਆਂ ਇਸ ਦੇ ਖਵਾਬਗਾਹ ਹੋਣ ਨਾਲੋਂ ਹਦੀਰਾ ਹੋਣ ਦੇ ਹੱਕ ਵਿਚ ਹਨ। ਨਾ ਤਾਂ ਇਥੇ ਕੋਈ ਕਬਰ ਨਜ਼ਰ ਆਉਂਦੀ ਹੈ ਤੇ ਨਾ ਹੀ ਦੀਵਾਰਾਂ ਉੱਪਰ ਜ਼ਿੰਦਗੀ ਦੇ ਨਾਸ਼ਵਾਨ ਹੋਣ ਬਾਰੇ ਕੁਰਾਨ 'ਚੋਂ ਕੋਈ ਆਇਤਾਂ ਵਗੈਰਾ ਨਜ਼ਰ ਆਉਂਦੀਆਂ ਹਨ। ਇਮਾਰਤਸਾਜ਼ੀ ਦੀ ਦੁਨੀਆ ਵਿਚ ਹਦੀਰਾ ਜਾਂ ਹਜ਼ੀਰਾ ਕਹਿਲਾਉਂਦੀਆਂ ਇਮਾਰਤਾਂ ਆਮ ਤੌਰ 'ਤੇ ਚੌਰਸ ਜਾਂ ਬਹੁ-ਭੁਜਾਵੀ, ਬੈਠਵੀਆਂ ਅਤੇ ਗੁੰਬਦ ਵਾਲੀਆਂ ਹੁੰਦੀਆਂ ਹਨ (ਗੁੰਬਦ ਕਰਕੇ ਆਵਾਜ਼ ਘੱਟ ਗੂੰਜਦੀ ਹੈ)। 'ਹਦੀਰਾਂ' ਕਹਿਲਾਉਂਦੀਆਂ ਇਮਾਰਤਾਂ ਆਮ ਤੌਰ 'ਤੇ ਚੁਣਵੇਂ ਲੋਕਾਂ ਲਈ ਨਾਚ-ਘਰ ਜਾਂ ਗੀਤ-ਸੰਗੀਤ ਮਹਿਫਲਾਂ ਲਈ ਵਰਤੀਆਂ ਜਾਂਦੀਆਂ ਸਨ। ਇਨ੍ਹਾਂ ਦੇ ਆਲੇ-ਦੁਆਲੇ ਆਮ ਤੌਰ 'ਤੇ ਹਰਿਆਵਲ ਜਾਂ ਬਾਗ-ਬਗੀਚੇ ਹੁੰਦੇ ਸਨ। ਇਹ ਲਫ਼ਜ਼ ਅੱਜ ਵੀ ਇਸਲਾਮੀ ਦੁਨੀਆ ਵਿਚ ਵੱਡੇ ਮੌਜ-ਮੇਲੇ ਜਾਂ ਖੇਡ-ਤਮਾਸ਼ੇ ਵਾਲੇ ਹੋਟਲਾਂ, ਰੈਸਟੋਰੈਂਟਾਂ, ਰਿਜ਼ੋਰਟਾਂ ਆਦਿ ਲਈ ਵਰਤਿਆ ਜਾਂਦਾ ਹੈ। ਸੁਲਤਾਨਪੁਰ ਦੇ ਇਸ ਹਦੀਰੇ ਦੇ ਚਾਰੋਂ ਪਾਸੇ 4 ਵੱਡੇ ਦੁਆਰਾਂ ਤੋਂ ਬਿਨਾਂ ਇਸ ਦੇ ਬਾਹਰਵਾਰੋਂ ਹਰ ਪਾਸਿਓਂ ਇਕ-ਇਕ ਤੰਗ ਜਿਹੀ ਪੌੜੀ ਉੱਪਰ ਚੜ੍ਹਦੀ ਹੈ, ਜੋ ਅੱਗੋਂ ਜਾ ਕੇ ਖੱਬੇ-ਸੱਜੇ ਬਣੀਆਂ ਬਾਲਕੋਨੀਆਂ ਤੱਕ ਪਹੁੰਚ ਕਰਦੀ ਹੈ। ਇਨ੍ਹਾਂ ਬਾਲਕੋਨੀਆਂ ਤੱਕ ਅੰਦਰੋਂ ਉੱਤਰਨ-ਚੜ੍ਹਨ ਦਾ ਕੋਈ ਜ਼ਰੀਆ ਨਹੀਂ ਤੇ ਨਾ ਹੀ 2 ਤੋਂ ਵੱਧ ਬਾਲਕੋਨੀਆਂ ਆਪਸ ਵਿਚ ਜੁੜੀਆਂ ਹੋਈਆਂ ਹਨ। ਇਸ ਵਿਉਂਤਬੰਦੀ ਨੂੰ ਘੋਖਣ ਤੋਂ ਬਾਅਦ ਅਜਿਹਾ ਲਗਦਾ ਹੈ ਕਿ ਇਹ ਇਮਾਰਤ ਮੁਗ਼ਲ ਨਵਾਬਾਂ-ਖਾਨਜ਼ਾਦਿਆਂ ਦੀ ਐਸ਼ਗਾਹ ਵੀ ਹੋ ਸਕਦੀ ਹੈ ਅਤੇ ਮਹਿਮਾਨਗਾਹ ਵੀ; ਵਿਸ਼ੇਸ਼ ਮਸ਼ਵਰਿਆਂ ਲਈ ਕਬੀਨਾ-ਗਾਹ ਵੀ ਹੋ ਸਕਦੀ ਹੈ ਅਤੇ ਜ਼ਨਾਨਾ-ਆਰਾਮਗਾਹ ਵੀ। ਇਸ ਜਗ੍ਹਾ 'ਤੇ ਨਵਾਬ ਦੌਲਤ ਖਾਨ ਲੋਧੀ ਨੇ ਬਾਗ-ਬਗੀਚੇ ਪਹਿਲਾਂ ਹੀ ਵਿਕਸਤ ਕੀਤੇ ਹੋਏ ਸਨ। ਪੁਰਾਣੇ ਪੁਲ ਦੀਆਂ ਮੌਜੂਦਾ ਮਹਿਰਾਬਾਂ ਤੋਂ ਅੰਦਾਜ਼ਾ ਲਾਇਆ ਜਾ ਸਕਦੈ ਕਿ ਇਹ ਹਦੀਰਾ ਦਰਿਆ-ਨੁਮਾ ਵੇਈਂ ਨਜ਼ਦੀਕ ਸ਼ਾਹ ਮਾਰਗ ਦੀ ਬਗਲ ਵਿਚ ਬੜੀ ਰਮਣੀਕ ਜਗ੍ਹਾ ਸਥਿਤ ਸੀ। ਉਂਜ ਐਸ਼-ਗਾਹ ਦਾ ਸ਼ਾਹ ਮਾਰਗ ਦੇ ਏਨੇ ਨਜ਼ਦੀਕ ਹੋਣਾ ਗੈਰ-ਸੁਭਾਵਿਕ ਲਗਦਾ ਹੈ।

ਕਦੋਂ ਬਣਿਆ ਹੋਵੇਗਾ ਇਹ ਹਦੀਰਾ? ਜਦੋਂ ਕਦੇ ਵੀ ਬਣਿਆ ਹੋਵੇ, ਇਕ ਗੱਲ ਸਪਸ਼ਟ ਹੈ ਕਿ ਇਹ ਇਮਾਰਤ ਗੁਰੂ ਨਾਨਕ ਜੀ ਤੋਂ ਢੇਰ ਚਿਰ ਬਾਅਦ ਵਿਚ ਤਾਮੀਰ ਹੋਈ ਹੈ। ਜਾਣਕਾਰਾਂ ਦਾ ਮੰਨਣਾ ਹੈ ਕਿ ਅਸ਼ਟ-ਭੁਜਾ ਆਰਕੀਟੈਕਚੂਰਲ ਸ਼ੈਲੀ ਦੀ ਸਭ ਤੋਂ ਪਹਿਲੀ ਇਮਾਰਤ ਹਿਮਾਯੂੰ ਨੇ 1555 ਦੇ ਕਰੀਬ ਸੇਰ-ਮੰਡਲ ਦਿੱਲੀ ਵਿਚ ਬਣਵਾਈ। ਇਸ ਲਈ ਯਕੀਨਨ ਤੌਰ 'ਤੇ ਕਿਹਾ ਜਾ ਸਕਦੈ ਕਿ ਇਹ ਹਦੀਰਾ 1555 ਤੋਂ ਬਾਅਦ ਵਿਚ ਹੀ ਹੋਂਦ ਆਇਆ ਹੋਵੇਗਾ, ਹਾਲਾਂਕਿ ਇਹ ਜਾਣ ਸਕਣਾ ਖੋਜ ਦਾ ਵਿਸ਼ਾ ਹੈ ਕਿ ਇਹ ਕਿਸ ਨੇ ਬਣਵਾਇਆ ਅਤੇ ਕਦੋਂ ਬਣਵਾਇਆ। ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਉਤਸਵ ਦੇ ਮੌਕੇ 'ਤੇ ਪੰਜਾਬ ਸਰਕਾਰ ਵਲੋਂ ਇਸ ਇਤਿਹਾਸਕ ਇਮਾਰਤ ਦੀ ਦਿੱਖ ਵੀ ਸੰਵਾਰੀ ਜਾ ਰਹੀ ਹੈ। ਇਹ ਸ਼ਲਾਘਾਯੋਗ ਹੈ, ਪਰ ਸ਼ਿੰਗਾਰਨ-ਸੰਵਾਰਨ-ਸੰਭਾਲਣ ਦੀ ਇਸ ਪ੍ਰਕਿਰਿਆ ਵਿਚ ਇਸ ਦੀ ਖੁਸ ਰਹੀ ਕਦੀਮੀ-ਮਾਲੀਅਤ ਦਾ ਕੋਈ ਖਿਆਲ ਨਹੀਂ ਰੱਖਿਆ ਜਾ ਰਿਹਾ।

## ਦਰਸ਼ਨਾਂ ਲਈ ਆਨਲਾਈਨ ਰਜਿਸਟਰੇਸ਼ਨ ਸ਼ੁਰੂ

ਰੋਜ਼ਾਨਾ 5000 ਭਾਰਤੀ ਸ਼ਰਧਾਲੂਆਂ ਨੂੰ ਦਰਸ਼ਨਾਂ ਦੀ ਇਜਾਜ਼ਤ ਹੋਵੇਗੀ। ਪਾਕਿਸਤਾਨ ਦੇ ਕਿਸੇ ਹੋਰ ਗੁਰਦੁਆਰੇ ਵਿਚ ਜਾਣ ਦੀ ਮਨਾਹੀ ਹੋਵੇਗੀ। ਪਛਾਣ ਲਈ ਪਾਸਪੋਰਟ ਲਾਜ਼ਮੀ ਹੋਵੇਗਾ, ਹਾਲਾਂਕਿ ਇਸ 'ਤੇ ਕੋਈ (ਵੀਜ਼ੇ ਦੀ) ਮੋਹਰ ਨਹੀਂ ਲੱਗੇਗੀ। ਤਜਵੀਜ਼ਤ ਯਾਤਰਾ ਤੋਂ ਦਸ ਦਿਨ ਪਹਿਲਾਂ ਭਾਰਤ ਸਬੰਧਤ ਸ਼ਰਧਾਲੂਆਂ ਬਾਰੇ ਜਾਣਕਾਰੀ ਸਾਂਝੀ ਕਰੇਗਾ। ਸ਼ਰਧਾਲੂਆਂ ਨੂੰ 4 ਦਿਨ ਪਹਿਲਾਂ ਹੀ ਯਾਤਰਾ ਸਬੰਧੀ ਜਾਣਕਾਰੀ ਮੁਹੱਈਆ ਕਰਵਾਈ ਜਾਵੇਗੀ।

## ਨਨਕਾਣਾ ਸਾਹਿਬ ਵਿਚ ਟੈਂਟ ਸਿਟੀ ਦਾ ਨਿਰਮਾਣ ਸ਼ੁਰੂ

ਪਾਕਿਸਤਾਨ ਵਿਚ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਮੱਦੇਨਜ਼ਰ ਜ਼ਿਲ੍ਹਾ ਸ੍ਰੀ ਨਨਕਾਣਾ ਸਾਹਿਬ ਵਿਚ ਦੇਸ਼-ਵਿਦੇਸ਼ ਤੋਂ ਵੱਡੀ ਗਿਣਤੀ ਵਿਚ ਪਹੁੰਚ ਰਹੀ ਸੰਗਤ ਦੀ ਅਸਥਾਈ ਰਿਹਾਇਸ਼ ਲਈ ਟੈਂਟ ਸਿਟੀ ਦਾ ਨਿਰਮਾਣ ਸ਼ੁਰੂ ਕਰ ਦਿੱਤਾ ਗਿਆ ਹੈ। ਉਕਤ ਟੈਂਟ ਸਿਟੀ ਵਿਚ 6-6 ਕਨਾਲ ਭੂਮੀ 'ਤੇ ਤਿੰਨ ਵਿਸ਼ਾਲ ਟੈਂਟ ਲਗਾਏ ਜਾ ਰਹੇ ਹਨ। ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਤਵੰਤ ਸਿੰਘ ਨੇ ਦੱਸਿਆ ਕਿ ਇਹ ਟੈਂਟ ਸਿਟੀ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਦੇ ਬਿਲਕੁਲ ਨਾਲ ਬਣਾਈ ਜਾ ਰਹੀ ਹੈ, ਜਿਸ ਵਿਚ ਭਾਰਤ ਤੋਂ ਗਏ ਯਾਤਰੂਆਂ ਦੇ ਨਾਲ-ਨਾਲ ਸੂਬਾ ਸਿੰਧ, ਖ਼ੈਬਰ ਪਖਤੂਨਖਵਾ ਤੇ ਲਹਿੰਦੇ ਪੰਜਾਬ ਦੇ ਵੱਖ-ਵੱਖ ਇਲਾਕਿਆਂ ਵਿਚੋਂ ਪਹੁੰਚੀ ਸੰਗਤ ਦੀ ਅਸਥਾਈ ਰਿਹਾਇਸ਼ ਦਾ ਵੀ ਪ੍ਰਬੰਧ ਕੀਤਾ ਜਾਣਾ ਹੈ। ਨਨਕਾਣਾ ਸਾਹਿਬ ਦੇ ਗੁਰਦੁਆਰਾ ਸ੍ਰੀ ਕਿਆਰਾ ਸਾਹਿਬ ਦੇ ਹੈੱਡ ਗ੍ਰੰਥੀ ਮਦਨ ਸਿੰਘ, ਜਗਬੀਰ ਸਿੰਘ ਤੇ ਬਾਬਰ ਜਲੰਧਰੀ ਨੇ ਦੱਸਿਆ ਕਿ ਗੁਰਦੁਆਰਾ ਬਾਲ ਲੀਲਾ ਦੇ ਪਿਛਲੇ ਪਾਸੇ ਤੇ ਡਿਸਟ੍ਰਿਕਟ ਹੈੱਡਕੁਆਰਟਰ ਹਸਪਤਾਲ ਦੇ ਨਜ਼ਦੀਕ ਸਾਹੀਵਾਲ ਰੋਡ 'ਤੇ ਚੁੰਗੀ ਨੰ. 5 ਵਿਖੇ ਤਿੰਨ ਵਿਸ਼ਾਲ ਟੈਂਟ ਲਗਾਏ ਗਏ ਹਨ। ਇਨ੍ਹਾਂ ਦੇ ਨਜ਼ਦੀਕ ਹੀ ਅਸਥਾਈ ਬਾਥਰੂਮ ਵੀ ਬਣਾਏ ਗਏ ਹਨ। ਬਾਬਰ ਜਲੰਧਰੀ ਦੇ ਅਨੁਸਾਰ ਯਾਤਰੂਆਂ ਦੀ ਰਿਹਾਇਸ਼ ਲਈ ਗੁਰਦੁਆਰਾ ਸ੍ਰੀ ਜਨਮ ਅਸਥਾਨ ਦੇ ਅੰਦਰ ਨਵੀਆਂ ਸਰਾਂਵਾਂ ਉਸਾਰਨ ਦੇ ਨਾਲ-ਨਾਲ ਹਟ-ਬਲਾਕ (ਆਧੁਨਿਕ ਨਮੂਨੇ ਦੀ ਵੱਡੀ ਝੌਂਪੜੀ ਵਾਂਗ ਵਿਖਾਈ ਦਿੰਦੀ ਸਰਾਂ) ਦਾ ਵੀ ਬੰਦੋਬਸਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਨਨਕਾਣਾ ਸਾਹਿਬ ਵਿਚ ਇਕ ਆਲੀਸ਼ਾਨ ਸਰਾਂ ਉਸਾਰੀ ਗਈ ਹੈ।

## ਸੰਗਤ ਨੇ ਕਰਤਾਰਪੁਰ ਸਾਹਿਬ ਲਾਂਘੇ ਦੀ ਆਖ਼ਰੀ ਅਰਦਾਸ ਕੀਤੀ

ਕਰਤਾਰਪੁਰ ਰਾਵੀ ਦਰਸ਼ਨ ਅਭਿਲਾਸ਼ੀ ਸੰਸਥਾ ਵੱਲੋਂ ਕੌਮਾਂਤਰੀ ਸੀਮਾ 'ਤੇ ਸ਼ੁਕਰਾਨੇ ਦੀ ਆਖ਼ਰੀ 226ਵੀਂ ਅਰਦਾਸ ਕੀਤੀ ਗਈ। ਇਸ ਆਖ਼ਰੀ ਅਰਦਾਸ ਮੌਕੇ ਕਈ ਸਾਹਿਤਕ ਤੇ ਸਮਾਜ ਸੇਵੀ ਸੰਸਥਾਵਾਂ ਦੇ ਆਗੂਆਂ ਨੇ ਸ਼ਿਰਕਤ ਕੀਤੀ। ਸੰਸਥਾ ਪ੍ਰਧਾਨ ਤੇ ਨਕੋਦਰ ਤੋਂ ਵਿਧਾਇਕ ਗੁਰਪ੍ਰਤਾਪ ਸਿੰਘ ਵਡਾਲਾ ਅਤੇ ਜਨਰਲ ਸਕੱਤਰ ਗੁਰਿੰਦਰ ਸਿੰਘ ਬਾਜਵਾ ਨੇ ਦੱਸਿਆ ਕਿ ਭਾਰਤ-ਪਾਕਿਸਤਾਨ ਵਿਚ ਸਮਝੌਤਾ ਸਹੀਬੰਦ ਹੋ ਜਾਣ 'ਤੇ ਸੰਸਥਾ ਦਾ ਮਿਸ਼ਨ ਪੂਰਾ ਹੋ ਗਿਆ ਹੈ। ਉਨ੍ਹਾਂ ਆਖਿਆ ਕਿ ਲਾਂਘਾ ਖੁੱਲ੍ਹਣ ਨਾਲ ਜਿੱਥੇ ਦੋਵਾਂ ਦੇਸ਼ਾਂ ਦਰਮਿਆਨ ਅਮਨ ਸ਼ਾਂਤੀ ਤੇ ਭਾਈਚਾਰਕ ਸਾਂਝ ਵਧੇਗੀ, ਉੱਥੇ ਹੀ ਵਪਾਰ ਵਿਚ ਵੀ ਵਾਧਾ ਹੋਵੇਗਾ। ਇਹ ਆਖ਼ਰੀ ਅਰਦਾਸ ਹੈ। ਸੰਗਤ ਨੇ ਕੰਡਿਆਲੀ ਤਾਰ ਨੇੜੇ ਖਲੋ ਕੇ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਖੁੱਲ੍ਹੇ ਦਰਸ਼ਨ ਦੀਦਾਰੇ ਲਈ ਅਰਦਾਸ ਕੀਤੀ।

# ਇਸਲਾਮਿਕ ਸਟੇਟ ਦੇ ਮੁਖੀ ਬਗਦਾਦੀ ਦੇ ਮਾਰੇ ਜਾਣ ਦੀ ਪੁਸ਼ਟੀ

ਖੁਦ ਨੂੰ ਬੰਬ ਨਾਲ ਉਡਾ ਲਿਆ। ਉਸੇ ਧਮਾਕੇ ਵਿੱਚ ਤਿੰਨੋਂ ਬੱਚੇ ਵੀ ਮਾਰੇ ਗਏ ਹਨ। ਟਰੰਪ ਨੇ ਕਿਹਾ ਹੈ ਕਿ ਡੀਐੱਨਏ ਟੈਸਟ ਜ਼ਰੀਏ ਬਗਦਾਦੀ ਦੀ ਲਾਸ਼ ਦੀ ਪਛਾਣ ਕਰ ਲਈ ਗਈ ਹੈ ਤੇ ਉਹ ਕੁੱਤੇ ਦੀ ਮੌਤ ਮਾਰਿਆ ਗਿਆ। ਟਰੰਪ ਨੇ ਕਿਹਾ ਕਿ ਮੈਂ ਇਰਾਕ, ਰੂਸ, ਸੀਰੀਆ ਤੁਰਕੀ ਤੇ ਸੀਰੀਆਈ ਕੁਰਦਾਂ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ, ਉਨ੍ਹਾਂ ਨੇ ਵੀ ਸਾਡੀ ਮਦਦ ਕੀਤੀ ਹੈ।"

ਬਗਦਾਦੀ ਦੀ ਕਮਾਨ ਵਾਲੇ ਜਿਹਾਦੀ ਇੰਟਰਨੈੱਟ ਨਾਲ ਵੱਡਾ ਹੋਇਆ ਤੇ ਉਸ ਨੇ ਸੋਸ਼ਲ ਮੀਡੀਆ ਨੂੰ ਆਪਣੀ ਕਾਮਯਾਬੀ ਲਈ ਵਰਤਿਆ। ਲੋਕਾਂ ਦੇ ਸਮੂਹਕ ਕਤਲੇਆਮ, ਧੌਣਾਂ ਲਾਹੁਣ ਤੇ ਪੱਥਰ ਮਾਰ ਕੇ ਮਾਰਨ ਦੀਆਂ ਕਾਰਵਾਈਆਂ ਨੇ ਦੁਨੀਆ-ਭਰ ਦਾ ਧਿਆਨ ਖਿੱਚਿਆ। ਬਗਦਾਦੀ ਦੀ ਜਥੇਬੰਦੀ ਏਨੀ ਜ਼ਾਲਮ ਸੀ ਕਿ ਅਲ ਕਾਇਦਾ ਨੇ ਵੀ ਉਸ ਨੂੰ ਆਪਣੇ ਨਾਲੋਂ ਅੱਡ ਕਰ ਦਿੱਤਾ ਸੀ। ਬਗਦਾਦੀ ਦੇ ਮਾਰੇ ਜਾਣ ਦਾ ਐਲਾਨ ਇਰਾਕ ਵੱਲੋਂ ਦੋ ਸਾਲ ਪਹਿਲਾਂ ਉਸ ਦੀ ਜਥੇਬੰਦੀ ਨੂੰ ਹਰਾਉਣ ਤੋਂ ਬਾਅਦ ਹੋਇਆ। ਉਸ ਨੇ ਕਰੀਬ ਇਕ-ਤਿਹਾਈ ਇਰਾਕ 'ਤੇ ਕਬਜ਼ਾ ਕਰ ਲਿਆ ਸੀ। ਉਸ ਨੇ ਸੀਰੀਆ ਦਾ ਵੀ ਕਾਫੀ ਇਲਾਕਾ ਦੱਬ ਲਿਆ ਸੀ। ਬਗਦਾਦੀ ਦਾ ਜਨਮ 1971 ਵਿਚ ਬਗਦਾਦ ਤੋਂ ਲੱਗਭੱਗ 95 ਕਿਲੋਮੀਟਰ ਦੂਰ ਉੱਤਰ ਵਿਚ ਸਮਾਰਾ ਵਿਚ ਹੋਇਆ ਸੀ। ਉਸ ਨੇ ਸੱਦਾਮ ਯੂਨੀਵਰਸਿਟੀ ਆਫ ਇਸਲਾਮਿਕ ਸਟੱਡੀਜ਼ ਤੋਂ ਡਾਕਟਰੇਟ ਦੀ ਡਿਗਰੀ ਕੀਤੀ ਸੀ।

ਉਸ ਨੇ ਸਲਾਫੀ ਜਿਹਾਦੀ ਲਹਿਰ ਚਲਾਈ, ਜਿਹੜੀ ਜਿਹਾਦ ਦੀ ਵਕਾਲਤ ਕਰਦੀ ਹੈ। ਉਸ ਨੂੰ ਅਮਰੀਕੀ ਫੌਜਾਂ ਨੇ 2004 ਵਿਚ ਫੜ ਲਿਆ ਸੀ, ਪਰ ਜੇਲ੍ਹਰਾਂ ਨੂੰ ਉਸ ਦੇ ਜਿਹਾਦੀ ਰੋਲ ਦਾ ਨਹੀਂ ਪਤਾ ਸੀ। 10 ਮਹੀਨਿਆਂ ਬਾਅਦ ਉਸ ਨੂੰ ਰਿਹਾਅ ਕਰ ਦਿੱਤਾ ਗਿਆ ਤੇ ਫਿਰ ਉਹ ਇਰਾਕ ਵਿਚ ਅਬੂ ਮੁਸਾਬ ਅਲ-ਜ਼ਰਕਾਵੀ ਦੀ ਅਗਵਾਈ ਵਾਲੀ ਅਲ ਕਾਇਦਾ ਬਰਾਂਚ ਵਿਚ ਸ਼ਾਮਲ ਹੋ ਗਿਆ। ਜ਼ਰਕਾਵੀ 2006 ਵਿਚ ਅਮਰੀਕੀ ਬੰਬਾਰੀ ਵਿਚ ਮਾਰਿਆ ਗਿਆ ਤੇ ਬਗਦਾਦੀ ਨੇ ਜਥੇਬੰਦੀ ਦੀ ਕਮਾਨ ਸੰਭਾਲ ਲਈ। ਉਦੋਂ ਇਸਲਾਮਿਕ ਸਟੇਟ ਆਫ ਇਰਾਕ ਵਜੋਂ ਜਾਣੀ ਜਾਂਦੀ ਸੀ। ਉਸ ਨੇ ਜੁਲਾਈ 2013 ਵਿਚ ਇਰਾਕ ਦੀਆਂ ਜੇਲ੍ਹਾਂ ਉੱਤੇ ਹਮਲੇ ਕਰਕੇ ਆਪਣੇ 500 ਤੋਂ ਵੱਧ ਸਾਥੀ ਛੁਡਵਾ ਲਏ ਸਨ। ਇਰਾਕ ਤੇ ਸੀਰੀਆ ਵਿਚ ਇਸਲਾਮੀ ਰਾਜ ਕਾਇਮ ਕਰਨ ਲਈ ਬਗਦਾਦੀ ਤੇ ਉਸ ਦੇ ਸਾਥੀ ਸੀਰੀਆ ਚਲੇ ਗਏ ਸਨ। ਬਗਦਾਦੀ ਨੂੰ ਨੱਪਣ ਵਿਚ ਉਸ ਦੇ ਕਰੀਬੀ ਇਸਮਾਈਲ ਅਲ-ਇਥਾਵੀ ਦੀ ਜਾਣਕਾਰੀ ਕਾਫੀ ਕੰਮ ਆਈ। ਇਥਾਵੀ ਨੂੰ ਤੁਰਕੀ ਦੇ ਅਧਿਕਾਰੀਆਂ ਨੇ ਫੜਿਆ ਸੀ ਤੇ ਫਿਰ ਇਰਾਕ ਨੂੰ ਸੌਂਪ ਦਿੱਤਾ ਸੀ। ਇਥਾਵੀ ਨੇ ਦੱਸਿਆ ਸੀ ਕਿ ਕਿਵੇਂ ਉਸ ਸਣੇ ਪੰਜ ਜਣਿਆਂ ਨੇ ਬਗਦਾਦੀ ਨਾਲ ਸੀਰੀਆ ਤੇ ਉਸ ਤੋਂ ਬਾਹਰ ਵੀ ਕਈ ਟਿਕਾਣਿਆਂ 'ਤੇ ਮੁਲਾਕਾਤ ਕੀਤੀ ਸੀ। ਇਥਾਵੀ ਦੀਆਂ ਜਾਣਕਾਰੀਆਂ ਨਾਲ ਕੜੀਆਂ ਜੁੜਦੀਆਂ ਗਈਆਂ। ਇਥਾਵੀ ਇਸਲਾਮਿਕ ਸਾਇੰਸਿਜ਼ ਵਿਚ ਪੀ ਐੱਚ ਡੀ ਹੈ। ਉਹ 2006 ਵਿਚ ਅਲਕਾਇਦਾ ਨਾਲ ਜੁੜਿਆ।

## ਅਮਰੀਕਾ ਦੀ ਵੱਡੀ ਜਿੱਤ

ਆਈਐੱਸਆਈਐੱਸ ਦੇ ਸਰਗਨਾ ਤੇ ਦੁਨੀਆ ਦੇ ਖ਼ਤਰਨਾਕ ਅੱਤਵਾਦੀ ਅਬੁ ਬਕਰ ਅਲ-ਬਗ਼ਦਾਦੀ ਦੀ ਹਵਾਈ ਹਮਲੇ ਵਿਚ ਮੌਤ ਨੂੰ ਅਮਰੀਕਾ ਦੇ ਰੱਖਿਆ ਮੰਤਰੀ ਮਾਰਕ ਐਸਪਰ ਨੇ ਆਈਐੱਸਆਈਐੱਸ ਨੂੰ ਹਰਾਉਣ ਦੇ ਮਿਸ਼ਨ ਵਿਚ ਵੱਡੀ ਜਿੱਤ ਦੱਸਿਆ ਹੈ।

# ਭਾਰਤੀ ਮੀਡੀਆ ਜਗਮੀਤ ਸਿੰਘ ਨੂੰ ਅੱਤਵਾਦ ਦੇ ਨਾਮ 'ਤੇ ਕਰ ਰਿਹਾ ਏ ਬਦਨਾਮ

ਗਲੋਬਲ ਪੱਧਰ ਉਤੇ ਇਕ ਵਿਸ਼ੇਸ਼ ਰਾਜਨੀਤੀਵਾਨ ਵਜੋਂ ਉਭਰ ਕੇ ਸਾਹਮਣੇ ਆਇਆ। ਉਸ ਨੇ ਇਸ ਅਹੁਦੇ ਕਰਕੇ ਕੈਨੇਡੀਅਨ ਇਤਿਹਾਸ ਤੇ ਜਨ-ਸਮੂਹ ਅੰਦਰ ਵਿਸ਼ੇਸ਼ ਥਾਂ ਪੈਦਾ ਕੀਤੀ। ਉਹ ਵੱਖ-ਵੱਖ ਧਰਮਾਂ, ਮਜ਼ਹਬਾਂ, ਇਲਾਕਿਆਂ, ਭਾਸ਼ਾਵਾਂ, ਸਭਿਆਚਾਰਾਂ ਦੇ ਲੱਖਾਂ ਨੌਜਵਾਨ ਕੈਨੇਡੀਅਨਾਂ ਲਈ ਇਕ ਪ੍ਰੇਰਣਾ ਸ੍ਰੋਤ ਵਜੋਂ ਉੱਭਰਿਆ ਹੈ।

ਪੰਜਾਬ ਦੇ ਠੀਕਰੀਵਾਲੇ ਪਿੰਡ ਤੋਂ ਸ਼ਹੀਦ ਸੇਵਾ ਸਿੰਘ ਠੀਕਰੀਵਾਲ ਦੇ ਸਕਿਆਂ ਦੇ ਪਰਿਵਾਰ ਦੀ ਚੌਥੀ ਪੀੜ੍ਹੀ ਨਾਲ ਸਬੰਧਿਤ, 40 ਸਾਲਾ ਜਗਮੀਤ ਸਿੰਘ ਅੰਦਰ ਵੀ ਸਰਮਾਏਦਾਰੀ ਢਾਂਚੇ ਅਤੇ ਰਜਵਾੜਾ ਸ਼ਾਹੀ ਖ਼ਿਲਾਫ਼ ਬੇਬਾਕੀ ਨਾਲ ਲੜਨ ਦੀ ਭਾਵਨਾ ਝਲਕਦੀ ਹੈ। 2 ਜਨਵਰੀ 1979 ਨੂੰ ਜਗਤਾਰਨ ਸਿੰਘ ਅਤੇ ਹਰਮੀਤ ਕੌਰ ਧਾਲੀਵਾਲ ਦੇ ਘਰ ਸਕਾਰਬਰੋ ਸ਼ਹਿਰ ਵਿਚ ਜੰਮਿਆ ਜਗਮੀਤ ਸਿੰਘ ਬਚਪਨ ਤੋਂ ਲੈ ਕੇ ਸਕੂਲ ਕਾਲਜ ਤੱਕ ਨਸਲਵਾਦੀ ਵਿਤਕਰੇ ਦਾ ਸਾਹਮਣਾ ਕਰਦਾ ਰਿਹਾ ਹੈ। ਜਿਸ ਬਾਰੇ ਉਸ ਨੇ ਆਪਣੀ ਸਵੈ-ਜੀਵਨੀ 'ਲਵ ਐਂਡ ਕਰੇਜ਼' ਵਿੱਚ ਵਿਸਥਾਰ ਸਹਿਤ ਘਟਨਾਵਾਂ ਦਾ ਜ਼ਿਕਰ ਵੀ ਕੀਤਾ ਹੈ। ਉਸ ਨੇ ਆਪਣੇ ਨਾਲ ਹੋਏ ਜਿਸਮਾਨੀ ਸ਼ੋਸ਼ਣ ਤੋਂ ਲੈ ਕੇ ਘਰੇਲੂ ਹਾਲਤਾਂ ਬਾਰੇ ਬੇਬਾਕੀ ਤੇ ਨਿਰਪੱਖਤਾ ਨਾਲ ਲਿਖਣ ਦੀ ਹਿੰਮਤ ਦਿਖਾਈ ਜਿਸ ਦੀ ਪ੍ਰਸੰਸਾ ਕੈਨੇਡਾ ਦੇ ਪ੍ਰਧਾਨ ਮੰਤਰੀ ਅਤੇ ਲਿਬਰਲ ਪਾਰਟੀ ਦੇ ਆਗੂ ਜਸਟਿਨ ਟਰੂਡੋ ਨੇ ਵੀ ਸਿਆਸੀ ਹੱਦਾਂ ਤੋਂ ਉੱਪਰ ਉੱਠ ਕੇ ਕੀਤੀ। ਪਿਛਲੇ ਸਾਲ ਉਸ ਨੇ ਕਪੜਾ ਡਿਜ਼ਾਈਨਰ ਗੁਰਕਿਰਨ ਕੌਰ ਨਾਲ ਵਿਆਹ ਕੀਤਾ ਸੀ।

ਕਨੇਡਾ ਦੀ ਰਾਜਨੀਤੀ ਤੇ ਵਿਸ਼ਵ ਮੀਡੀਆ ਵਿੱਚ ਮੋਹਰੀ ਸਥਾਨ ਹਾਸਿਲ ਕਰ ਚੁੱਕੇ ਜਗਮੀਤ ਸਿੰਘ ਦੀ ਪ੍ਰਸਿੱਧੀ ਭਾਰਤ ਦੇ ਭਗਵੇਂਵਾਦੀਆਂ ਤੇ ਭਗਵੇਂ ਮੀਡੀਏ ਨੂੰ ਪਚਾਉਣੀ ਔਖੀ ਹੋ ਰਹੀ ਹੈ। ਹੁਣ ਭਾਰਤੀ ਰਾਸ਼ਟਰਵਾਦੀ ਮੀਡੀਆ ਭਾਰਤੀ ਏਜੰਸੀਆਂ ਏਜੰਸੀਆਂ ਦੇ ਨਾਮ 'ਤੇ ਭਗਵੇਂਵਾਦੀਆਂ ਦੇ ਇਸ਼ਾਰੇ 'ਤੇ ਜਗਮੀਤ ਸਿੰਘ ਦੀ ਫੈਲ ਰਹੀ ਪ੍ਰਸਿੱਧੀ ਨੂੰ ਢਹਿ ਢੇਰੀ ਕਰਨ ਲਈ ਝੂਠੀਆਂ ਖਬਰਾਂ ਘੜ ਰਿਹਾ ਹੈ ਕਿ ਜਗਮੀਤ ਹਥਿਆਰਬੰਦ ਅੱਤਵਾਦੀਆਂ ਦੀ ਮਦਦ ਕਰ ਰਿਹਾ ਹੈ ਤੇ ਪੈਸੇ ਇਕੱਠੇ ਕਰ ਰਿਹਾ ਹੈ। ਬੀਤੇ ਦਿਨ ਕਨੇਡਾ ਦੀ ਪਾਰਲੀਮੈਂਟ ਲਈ ਪਈਆਂ ਵੋਟਾਂ ਦੇ ਚੋਣ ਨਤੀਜੇ ਆਉਣ ਨਾਲ ਸਾਫ ਹੋ ਗਿਆ ਕਿ ਭਾਵੇਂ ਜਸਟਿਨ ਟਰੂਡੋ ਦੀ ਅਗਵਾਈ ਵਾਲੀ ਲਿਬਰਲ ਪਾਰਟੀ ਸਭ ਤੋਂ ਵੱਧ ਸੀਟਾਂ ਲੈ ਕੇ ਸਰਕਾਰ ਬਣਾਉਣ ਦੀ ਦਾਅਵੇਦਾਰ ਹੈ ਪਰ ਪੂਰਨ ਬਹੁਮਤ ਨਾ ਮਿਲਣ ਕਰਕੇ ਉਸ ਨੂੰ ਸਰਕਾਰ ਚਲਾਉਣ ਲਈ ਜਗਮੀਤ ਸਿੰਘ ਦੀ ਅਗਵਾਈ ਵਾਲੀ ਐਨਡੀਪੀ ਪਾਰਟੀ ਦੀ ਪੈਰ-ਪੈਰ 'ਤੇ ਮਦਦ ਦੀ ਲੋੜ ਪਵੇਗੀ। ਇਹਨਾਂ ਨਤੀਜਿਆਂ ਕਾਰਨ ਨਿਊਯਾਰਕ ਟਾਈਮਜ਼ ਤੇ ਯੂਕੇ ਦੇ ਗਾਰਡੀਅਨ ਨੇ ਜਸਟਿਨ ਟਰੂਡੋ ਤੇ ਜਗਮੀਤ ਸਿੰਘ ਦੀ ਕਾਫੀ ਸ਼ਲਾਘਾ ਕੀਤੀ ਹੈ।

## ਭਗਵੇਂ ਮੀਡੀਏ ਦੀਆਂ ਗੱਪਾਂ

ਇਹ ਚੋਣ ਨਤੀਜੇ ਆਉਂਦਿਆਂ ਹੀ ਭਾਰਤੀ ਮੀਡੀਆ ਨੇ ਜਗਮੀਤ ਸਿੰਘ ਨੂੰ ਬਦਨਾਮ ਕਰਨ ਦੇ ਲਈ ਗੱਪਾਂ ਛੱਡਣੀਆਂ ਸ਼ੁਰੂ ਕਰ ਦਿੱਤੀਆਂ ਹਨ। ਭਾਰਤ ਦੇ ਹਿੰਦੀ ਮੀਡੀਆ ਅਮਰ ਉਜਾਲਾ ਤੇ ਟੀਵੀ ਚੈਨਲਾਂ ਵਿੱਚ 'ਬਿਨ੍ਹਾਂ ਕਿਸੇ ਪੱਤਰਕਾਰ ਦੇ ਹਵਾਲੇ ਤੋਂ ਗੱਪਨੁਮਾ ਖਬਰਾਂ ਪੇਸ਼ ਕੀਤੀਆਂ ਗਈਆਂ ਜਿਹਨਾਂ ਵਿੱਚ ਕਿਹਾ ਗਿਆ ਹੈ ਕਿ ਜਗਮੀਤ ਸਿੰਘ 'ਅੱਤਵਾਦੀ' ਸਰਗਰਮੀਆਂ ਨਾਲ ਜੁੜਿਆ ਹੋਇਆ ਹੈ। ਉਸ ਨੇ ਕੈਨੇਡਾ ਵਿਚ ਖਾਲਿਸਤਾਨੀਆਂ ਅਤੇ ਕਸ਼ਮੀਰੀਆਂ ਦੀ ਮੀਟਿੰਗ ਕਰਵਾਈ ਤਾਂ ਜੋ ਭਾਰਤ ਵਿਰੁੱਧ ਸੰਘਰਸ਼ ਤੇਜ਼ ਕੀਤਾ ਜਾ ਸਕੇ। ਖਬਰ ਵਿਚ ਇਹ ਵੀ ਕਿਹਾ ਗਿਆ ਕਿ ਜਗਮੀਤ ਸਿੰਘ ਪਾਕਿਸਤਾਨ ਰਹਿੰਦੇ 'ਖਾਲਿਸਤਾਨੀ ਅੱਤਵਾਦੀਆਂ' (ਸਿੱਖ ਨਜ਼ਰਾਂ ਵਿੱਚ ਖਾੜਕੂ) ਨੂੰ ਫੰਡ ਮੁਹੱਈਆ ਕਰਵਾਉਂਦਾ ਹੈ, ਇਸ ਲਈ ਉਹ ਭਾਰਤੀ ਖੁਫੀਆ ਏਜੰਸੀ ਰਾਅ ਦੇ ਨਿਸ਼ਾਨੇ 'ਤੇ ਹੈ।

ਸੁਆਲ ਇਹ ਪੈਦਾ ਹੁੰਦਾ ਹੈ ਕਿ ਇਸ ਮੀਡੀਏ ਨੂੰ ਇਸ ਖਬਰ ਦੀ ਅਕਾਸ਼ਬਾਣੀ ਕਿੱਥੋਂ ਹੋ ਗਈ?

ਹਾਲਾਂ ਕਿ ਕੈਨੇਡਾ ਤੇ ਅਮਰੀਕੀ ਦੀ ਖੁਫੀਆ ਏਜੰਸੀ ਨੂੰ ਜਾਣਕਾਰੀ ਨਹੀਂ ਹੈ ਕਿ ਜਗਮੀਤ ਸਿੰਘ ਅੱਤਵਾਦ ਪਸਾਰ ਰਿਹਾ ਹੈ। ਪਰ ਭਾਰਤ ਦੀ ਏਜੰਸੀ ਨੂੰ ਪਹਿਲਾਂ ਹੀ ਅਕਾਸ਼ਬਾਣੀ ਹੋ ਗਈ। ਜੇਕਰ ਭਾਰਤੀ ਮੀਡੀਏ ਦੀ ਇਸ ਗੱਪ ਨੂੰ ਸੱਚ ਮੰਨ ਲਿਆ ਜਾਂਦਾ ਤਾਂ ਜਗਮੀਤ ਸਿੰਘ ਕੈਨੇਡਾ ਵਿਚ ਧਰੂ ਤਾਰੇ ਵਾਂਗ ਨਾ ਚਮਕਦਾ। ਨਾ ਹੀ ਜਗਮੀਤ ਸਿੰਘ ਏਨਾ ਅਗਿਆਨੀ ਹੈ ਕਿ ਉਹ ਆਪਣਾ ਰਾਜਨੀਤਕ ਭਵਿੱਖ ਧੁੰਦਲਾ ਕਰੇਗਾ। ਉਹ ਜਾਣਦਾ ਹੈ ਕਿ ਰਾਜਨੀਤਕ ਭਵਿੱਖ ਹੀ ਉਸ ਦੀ ਸਿੱਖ ਕੌਮ ਤੇ ਉਸ ਦੀ ਹੋਂਦ ਦੀ ਉਸਾਰੀ ਦਾ ਮਾਰਗ ਹੈ ਤਾਂ ਉਹ ਇਨ੍ਹਾਂ ਝਮੇਲਿਆਂ ਵਿਚ ਕਿਉਂ ਪਵੇਗਾ?

ਜਗਮੀਤ ਸਿੰਘ ਖਾਲਿਸਤਾਨ ਦੇ ਪੱਖ ਵਿਚ ਹੈ, ਪਰ ਉਸ ਨੇ ਕਦੇ ਵੀ ਹਿੰਸਾ ਦੀ ਹਮਾਇਤ ਨਹੀਂ ਕੀਤੀ ਤੇ ਉਹ ਜਮਹੂਰੀ ਢੰਗ ਦੇ ਨਾਲ ਇਸ ਦੀ ਹਮਾਇਤ ਕਰਨ ਦੇ ਪੱਖ ਵਿਚ ਹੈ। ਉਹ ਤਾਂ ਕੈਨੇਡਾ ਵਿਚ ਅਜਿਹੀਆਂ ਅਜ਼ਾਦ ਪਸੰਦ ਕੌਮਾਂ ਦੀ ਖੁਦਮੁਖਤਿਆਰੀ ਦੀ ਹਮਾਇਤ ਕਰਦਾ ਹੈ। ਕਿਊਬਾ ਦੇ ਵੱਖਰੇ ਦੇਸ ਦੀ ਮੰਗ ਜਗਮੀਤ ਪਹਿਲਾਂ ਹੀ ਕਰ ਚੁੱਕਾ ਹੈ। ਉਸ ਦਾ ਮੰਨਣਾ ਹੈ ਕਿ ਖੁਦਮੁਖਤਿਆਰੀ ਅਜ਼ਾਦ ਕੌਮਾਂ ਦਾ ਹੱਕ ਹੈ। ਇਸ ਨੂੰ ਰੋਕਿਆ ਨਹੀਂ ਜਾਣਾ ਚਾਹੀਦਾ। ਕਸ਼ਮੀਰ ਦੇ ਹੱਕ ਵਿਚ ਵੀ ਉਹ ਆਵਾਜ਼ ਬੁਲੰਦ ਕਰਦਾ ਹੈ ਕਿ ਫੌਜੀ ਤਾਕਤ ਦੇ ਨਾਲ ਕਸ਼ਮੀਰ ਨੂੰ ਦਬਾਉਣਾ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ। ਉਸ ਨੇ 370 ਧਾਰਾ ਹਟਾਉਣ ਤੇ ਫੌਜੀ ਤਾਕਤ ਨਾਲ ਕਸ਼ਮੀਰੀਆਂ ਨੂੰ ਦਬਾਉਣ ਦਾ ਵਿਰੋਧ ਕੀਤਾ ਹੈ।

ਤੁਹਾਨੂੰ ਯਾਦ ਕਰਵਾ ਦੇਈਏ ਕਿ ਭਗਵੇਂਵਾਦੀਆਂ ਨੂੰ ਜਗਮੀਤ ਸਿੰਘ ਨੇ ਸਭ ਤੋਂ ਵੱਡੀ ਹਾਰ ਉਸ ਸਮੇਂ ਦਿੱਤੀ ਜਦੋਂ 2016 ਦੌਰਾਨ ਉਸ ਵੱਲੋਂ ਓਂਟਾਰੀਓ ਦੀ ਅਸੈਂਬਲੀ ਵਿੱਚ 1984 ਦੇ ਸਿੱਖ ਕਤਲੇਆਮ ਨੂੰ 'ਸਿੱਖ ਨਸਲਕੁਸ਼ੀ' ਮੰਨਣ ਦਾ ਮਤਾ ਪੇਸ਼ ਕੀਤਾ ਗਿਆ। ਹਾਲਾਂਕਿ 2016 ਵਿੱਚ ਇਹ ਮਤਾ ਪਾਸ ਨਾ ਹੋ ਸਕਿਆ, ਪਰ ਅਗਲੇ ਸਾਲ ਇੱਕ ਹੋਰ ਸਿੱਖ ਮੈਂਬਰ ਬੀਬੀ ਹਰਿੰਦਰ ਕੌਰ ਮੱਲ੍ਹੀ ਵੱਲੋਂ ਇਹ ਮਤਾ ਜਦੋਂ ਦੁਬਾਰਾ ਪੇਸ਼ ਕੀਤਾ ਗਿਆ ਤਾਂ ਇਹ ਪਾਸ ਹੋ ਗਿਆ। ਇਸ ਮਤੇ ਦੇ ਪਾਸ ਹੋਣ 'ਤੇ ਭਾਰਤ ਸਰਕਾਰ ਨੇ ਇਤਰਾਜ਼ ਜਿਤਾਇਆ ਸੀ। ਇਸ ਤੋਂ ਸਪੱਸ਼ਟ ਹੈ ਕਿ ਭਾਰਤ ਦੇ ਸਿਆਸਤਦਾਨਾਂ ਤੇ ਸੱਤਾਧਾਰੀਆਂ ਨੂੰ ਘੱਟ ਗਿਣਤੀ ਕੌਮਾਂ ਦੇ ਅਧਿਕਾਰਾਂ ਦੀ ਕੋਈ ਚਿੰਤਾ ਨਹੀਂ, ਉਹ ਉਨ੍ਹਾਂ ਨੂੰ ਗੁਲਾਮ ਬਣਾਉਣ ਦੇ ਇਛੁੱਕ ਹਨ।

ਇਹੋ ਜਿਹੇ ਵਿਚਾਰ ਕਈ ਮਨੁੱਖੀ ਹੱਕਾਂ ਲਈ ਜੂਝ ਰਹੀਆਂ ਸਖਸ਼ੀਅਤਾਂ ਪ੍ਰਗਟਾ ਰਹੀਆਂ ਹਨ ਤੇ ਵਿਸ਼ਵ ਭਰ ਵਿਚ ਆਵਾਜ਼ ਉਠਾ ਰਹੀਆਂ ਹਨ। ਕੀ ਜਗਮੀਤ ਦਾ ਅਜਿਹਾ ਕਰਨਾ ਅੱਤਵਾਦ ਪਸਾਰਨਾ ਹੈ? ਇਸ ਗੱਲ ਨੂੰ ਆਧਾਰ ਬਣਾ ਕੇ ਜਗਮੀਤ ਨੂੰ ਭਾਰਤੀ ਏਜੰਸੀਆਂ ਤੇ ਮੀਡੀਏ ਵਲੋਂ ਅੱਤਵਾਦੀ ਕਰਾਰ ਦੇਣਾ ਕਿੰਨੀ ਵੱਡੀ ਗੱਪ ਹੈ। ਸੁਆਲ ਤਾਂ ਇਹ ਵੀ ਪੈਦਾ ਹੁੰਦਾ ਹੈ ਕਿ ਜੇ ਜਗਮੀਤ ਅੱਤਵਾਦੀ ਹੈ ਤਾਂ ਐਨਡੀਪੀ ਨੇ ਉਸ ਨੂੰ ਆਪਣਾ ਪ੍ਰਧਾਨ ਕਿਉਂ ਮੰਨਿਆ?

ਜੇਕਰ ਜਗਮੀਤ ਸਿੰਘ 370 ਧਾਰਾ ਦੇ ਵਿਰੁੱਧ ਕਸ਼ਮੀਰੀਆਂ ਦੇ ਹੱਕ ਵਿਚ ਬੋਲ ਰਿਹਾ ਹੈ, ਮਨੁੱਖੀ ਅਧਿਕਾਰਾਂ ਦੀ ਗੱਲ ਕਰ ਰਿਹਾ ਹੈ ਤਾਂ ਇਹ ਅੱਤਵਾਦ ਕਿਵੇਂ ਹੈ? ਭਾਰਤੀ ਸੰਵਿਧਾਨ ਵੀ ਬੋਲਣ ਤੇ ਪ੍ਰਗਟਾਵੇ ਦੀ ਅਜ਼ਾਦੀ ਦਿੰਦਾ ਹੈ। ਇੱਥੇ ਪੁੱਛਣਾ ਬਣਦਾ ਹੈ ਕਿ ਭਾਰਤ ਵਿਚ ਭਗਵੇਂਵਾਦ ਦੇ ਨਾਮ 'ਤੇ ਜੋ ਅੱਤਵਾਦ ਫੈਲਾਇਆ ਜਾ ਰਿਹਾ ਹੈ, ਉਸ ਵਿਰੁੱਧ ਮੀਡੀਆ ਕਿਉਂ ਚੁੱਪ ਹੈ?

ਭਾਰਤ ਵਿਚ ਭਗਵੇਂਵਾਦੀਆਂ ਨੇ ਮੁਸਲਮਾਨਾਂ ਤੇ ਘੱਟ ਗਿਣਤੀਆਂ ਖਿਲਾਫ਼ ਵੱਡੀ ਦਹਿਸ਼ਤ ਮਚਾਈ ਹੋਈ ਹੈ। ਇਥੋਂ ਤੱਕ ਗਊ ਹੱਤਿਆ ਦੇ ਨਾਮ 'ਤੇ ਕਤਲ ਵੀ ਕੀਤੇ ਜਾ ਚੁੱਕੇ ਹਨ ਤੇ ਸ਼ਰੇਆਮ ਦਲਿਤਾਂ ਦੀ ਮਾਰਕੁੱਟ ਵੀ ਹੋ ਰਹੀ ਹੈ। ਪਰ ਇਸ ਨੂੰ ਕਦੇ ਵੀ ਹਿੰਦੀ ਮੀਡੀਆ ਤੇ ਭਾਰਤ ਸਰਕਾਰ ਨੇ ਇਸ ਭਗਵੇਂਵਾਦ ਦੀ ਹਿੰਸਾ ਨੂੰ ਅੱਤਵਾਦ ਦਾ ਦਰਜਾ ਨਹੀਂ ਦਿੱਤਾ। ਕਿਹਾ ਇਹ ਜਾ ਰਿਹਾ ਹੈ ਕਿ ਸਭ ਠੀਕ ਠਾਕ ਹੈ। ਸਭ ਸਾਂਤ ਹੈ। ਕੁਝ ਤਾਂ ਹਿੰਦੂਤਵੀ ਇਹ ਕਹਿ ਰਹੇ ਹਨ ਕਿ ਇਹ ਹਿੰਦੂ ਰਾਸ਼ਟਰਵਾਦ ਵਧਦੇ ਕਦਮ ਹਨ ਤੇ ਮੁਸਲਮਾਨਾਂ ਨੂੰ ਭਾਰਤ ਵਿਚ ਰਹਿਣ ਦਾ ਕੋਈ ਅਧਿਕਾਰ ਨਹੀਂ। ਇਸ ਲਈ ਮੁਸਲਮਾਨਾਂ ਨੂੰ ਦੇਸ ਵਿਚੋਂ ਬਾਹਰ ਕੱਢਣ ਦੇ ਬਹਾਨੇ ਵੀ ਘੜੇ ਜਾ ਰਹੇ ਹਨ।

## ਜਗਮੀਤ ਵਿਸ਼ਵ ਪੱਧਰੀ ਲੀਡਰ

ਜੂਨ 84 ਤੋਂ ਬਾਅਦ ਜਦੋਂ ਸਿੱਖ ਕੌਮ ਕੋਲ ਕੋਈ ਵਿਸ਼ਵ ਪੱਧਰੀ ਲੀਡਰ ਨਹੀਂ ਬਚਿਆ ਤਾਂ ਉਸ ਸਮੇਂ ਕੈਨੇਡਾ ਵਿਚ ਜਗਮੀਤ ਸਿੰਘ ਦਾ ਉਭਾਰ ਭਾਰਤ ਸਰਕਾਰ ਦੇ ਲਈ ਚਿੰਤਾ ਦਾ ਵਿਸ਼ਾ ਬਣ ਜਾਂਦਾ ਹੈ, ਕਿਉਂਕਿ ਉਹ ਜਿੱਥੇ ਜੂਨ 84 ਤੇ ਨਵੰਬਰ 84 ਦੇ ਹੱਕ ਵਿਚ ਆਵਾਜ਼ ਬੁਲੰਦ ਕਰਦਾ ਹੈ ਤੇ ਭਾਰਤ ਸਰਕਾਰ ਦੇ ਅੱਤਵਾਦ ਦਾ ਵਿਰੋਧ ਕਰਦਾ ਹੈ ਤਾਂ ਇਹ ਗੱਲ ਭਾਰਤ ਸਰਕਾਰ ਨੂੰ ਪਸੰਦ ਨਹੀਂ ਆਉਂਦੀ। ਜਗਮੀਤ ਸਿੰਘ ਨੂੰ ਕਨੇਡਾ ਦੀ ਸੂਬਾਈ ਅਸੈਂਬਲੀ ਦਾ ਮੈਂਬਰ ਹੋਣ ਦੇ ਬਾਵਜੂਦ ਭਾਰਤ ਸਰਕਾਰ ਨੇ ਪੰਜਾਬ ਆਉਣ ਲਈ ਵੀਜ਼ਾ ਦੇਣ ਤੋਂ ਨਾਂਹ ਕਰ ਦਿੱਤੀ। 2013 ਵਿੱਚ ਜਦੋਂ ਭਾਰਤ ਸਰਕਾਰ ਨੇ ਜਗਮੀਤ ਸਿੰਘ ਨੂੰ ਵੀਜ਼ਾ ਦੇਣ ਤੋਂ ਨਾਂਹ ਕੀਤੀ ਤਾਂ ਉਸ ਦਾ ਆਧਾਰ ਇਹ ਬਣਾਇਆ ਗਿਆ ਕਿ ਜਗਮੀਤ ਸਿੰਘ ਮਨੁੱਖੀ

ਹੱਕਾਂ ਦੀ ਆੜ ਹੇਠ ਭਾਰਤ ਨੂੰ ਬਦਨਾਮ ਕਰਦਾ ਹੈ। ਭਾਰਤ ਦੇ ਇਤਿਹਾਸ ਵਿੱਚ ਇਹ ਪਹਿਲਾ ਮੌਕਾ ਸੀ ਜਦੋਂ ਕਿਸੇ ਪੱਛਮੀ ਮੁਲਕ ਦੇ ਲੋਕ ਨੁਮਾਇੰਦੇ ਨੂੰ ਭਾਰਤ ਨੇ ਵੀਜ਼ਾ ਨਾ ਦਿੱਤਾ ਹੋਵੇ। ਪਰ ਜਗਮੀਤ ਨੇ ਕਦੇ ਇਸ ਦੀ ਪ੍ਰਵਾਹ ਨਹੀਂ ਕੀਤੀ, ਉਹ ਲਗਾਤਾਰ ਮਨੁੱਖੀ ਅਧਿਕਾਰਾਂ ਦੇ ਲਈ ਵਿਸ਼ਵ ਪੱਧਰ 'ਤੇ ਗੁਲਾਮ ਤੇ ਬੇਗਾਨਗੀ ਭੋਗ ਰਹੀਆਂ ਕੌਮਾਂ ਦੇ ਹੱਕ ਵਿਚ ਜੂਝਦਾ ਰਿਹਾ ਹੈ। ਅਸਲੀਅਤ ਇਹ ਹੀ ਹੈ ਕਿ ਇਸ ਸਮੇਂ ਜਗਮੀਤ ਸਿੰਘ ਸਿੱਖਾਂ ਦਾ ਵਿਸ਼ਵ ਪੱਧਰੀ ਲੀਡਰ ਬਣ ਕੇ ਉਭਰਿਆ ਹੈ, ਜੋ ਕਿ ਭਾਰਤ ਸਰਕਾਰ ਦਾ ਪ੍ਰਭਾਵ ਨਹੀਂ ਕਬੂਲ ਰਿਹਾ ਤੇ ਮਨੁੱਖੀ ਹੱਕਾਂ ਦੇ ਘਾਣ ਕਰਨ ਵਾਲੇ ਦੇਸਾਂ ਲਈ ਚੁਣੌਤੀ ਬਣ ਰਿਹਾ ਹੈ। ਜਗਮੀਤ ਦਾ ਇਹੀ ਮਨੁੱਖੀ ਹੱਕਾਂ ਦਾ ਕਰਮ ਭਾਰਤ ਦੇ ਵਿਰੋਧ ਦਾ ਕਾਰਨ ਹੈ। ਗੱਪਾਂ ਤੇ ਮਿੱਥਾਂ ਨਾਲ ਸੰਘਰਸ਼ਸ਼ੀਲ ਕੌਮਾਂ ਤੇ ਉਨ੍ਹਾਂ ਦੇ ਆਗੂ ਨਹੀਂ ਢਾਹੇ ਜਾ ਸਕਦੇ। ਇਨ੍ਹਾਂ ਨੇ ਇਹ ਯਤਨ ਗੁਰੂ ਨਾਨਕ ਸਾਹਿਬ ਦੇ ਸਮੇਂ ਵੀ ਕੀਤੇ ਸਨ, ਪਰ ਸਫਲਤਾ ਹਾਲੇ ਤੱਕ ਨਹੀਂ ਮਿਲੀ।

# 20 ਨਵੰਬਰ ਨੂੰ ਚੁੱਕੇਗੀ ਟਰੂਡੋ ਸਰਕਾਰ ਚੁੱਕੇਗੀ ਸਹੁੰ

ਵਿਚਾਰਧਾਰਕ ਵਖਰੇਵੇਂ ਹੋਣ ਕਾਰਨ ਗੱਠਜੋੜ ਦੀ ਸੰਭਾਵਨਾ ਨਹੀਂ ਹੈ। ਇਹ ਵੀ ਕਿ ਲਿਬਰਲ ਪਾਰਟੀ ਦੀ ਬਣਨ ਵਾਲੀ ਘੱਟ-ਗਿਣਤੀ ਸਰਕਾਰ ਨੂੰ ਇਕ ਦਮ ਡੇਗ ਕੇ ਵਿਰੋਧੀ ਪਾਰਟੀਆਂ ਅਜੇ ਤੁਰੰਤ ਹੋਰ ਸੰਸਦੀ ਚੋਣ ਕਰਵਾਉਣ ਦਾ ਹੌਸਲਾ ਨਹੀਂ ਕਰ ਸਕਦੀਆਂ ਕਿਉਂਕਿ ਇਸ ਨਾਲ ਗ਼ੁੱਸੇ ਵਿਚ ਆਏ ਵੋਟਰ ਲਿਬਰਲ ਪਾਰਟੀ ਨੂੰ ਬਹੁਮਤ ਦੇ ਕੇ ਜਿਤਾ ਸਕਦੇ ਹਨ। ਵਿਰੋਧੀ ਪਾਰਟੀਆਂ ਦੀਆਂ ਕਮਜ਼ੋਰੀਆਂ ਦੇ ਮੁਲਾਂਕਣ ਤੋਂ ਬਾਅਦ ਟਰੂਡੋ ਨੇ ਕਿਸੇ ਪਾਰਟੀ ਨਾਲ ਮਿਲ ਕੇ ਸਰਕਾਰ ਬਣਾਉਣ ਦੀ ਬਜਾਏ ਸਿਰਫ਼ ਆਪਣੀ ਪਾਰਟੀ ਦੀ ਸਰਕਾਰ ਦੇ ਗਠਨ ਦਾ ਐਲਾਨ ਕੀਤਾ। ਭਾਵੇਂ ਕਿ ਚੋਣ ਪ੍ਰਚਾਰ ਦੌਰਾਨ ਐਨ.ਡੀ.ਪੀ. ਦੇ ਆਗੂ ਜਗਮੀਤ ਸਿੰਘ ਨੇ ਕਿਹਾ ਸੀ ਕਿ ਕੰਜ਼ਰਵੇਟਿਵ ਪਾਰਟੀ ਦੀ ਸਰਕਾਰ ਬਣਨ ਤੋਂ ਰੋਕਣ ਲਈ ਉਹ ਲਿਬਰਲ ਪਾਰਟੀ ਨਾਲ ਗੱਠਜੋੜ ਕਰਨ ਨੂੰ ਤਿਆਰ ਹੋਣਗੇ। ਰਾਜਨੀਤਕ ਮਾਹਿਰ ਮੰਨਦੇ ਹਨ ਕਿ ਜਗਮੀਤ ਦੇ ਉਸ ਐਲਾਨ ਦਾ ਐਨਡੀਪੀ ਨੂੰ ਸਿਆਸੀ ਨੁਕਸਾਨ ਹੋਇਆ ਅਤੇ ਬਹੁਤ ਸਾਰੇ ਵੋਟਰਾਂ ਨੇ ਐਨ.ਡੀ.ਪੀ. ਦੀ ਬਜਾਏ ਸਿੱਧੀਆਂ ਲਿਬਰਲ ਪਾਰਟੀ ਨੂੰ ਹੀ ਵੋਟਾਂ ਪਾ ਦਿੱਤੀਆਂ। ਸਿੱਟੇ ਵਜੋਂ ਲਿਬਰਲ ਪਾਰਟੀ ਨੂੰ ਹਾਊਸ ਵਿਚ 338 ਵਿਚੋਂ 157 ਸੀਟਾਂ ਦੀ ਮਜ਼ਬੂਤ ਅਗਵਾਈ ਮਿਲ ਗਈ ਹੋਈ ਹੈ ਜਿਸ ਸਦਕਾ ਅਗਲੇ ਲਗਪਗ ਦੋ ਸਾਲ ਟਰੂਡੋ ਬਿਨਾਂ ਕਿਸੇ ਵੱਡੇ ਖ਼ਤਰੇ ਤੋਂ ਸਰਕਾਰ ਚਲਾਉਂਦੇ ਰਹਿਣਗੇ ਅਤੇ ਤੀਸਰੇ ਸਾਲ ਵਿਚ ਰਾਜਨੀਤਕ ਸਥਿਤੀ ਦੇ ਲਿਹਾਜ਼ ਨਾਲ (ਬਹੁਮਤ ਪ੍ਰਾਪਤ ਕਰਨ ਲਈ) ਕਿਸੇ ਸਮੇਂ ਆਪ ਹੀ ਨਵੀਂ ਚੋਣ ਕਰਵਾਉਣ ਨੂੰ ਪਹਿਲ ਦੇ ਕੇ ਗਵਰਨਰ ਜਨਰਲ ਰਾਹੀਂ ਸੰਸਦ ਭੰਗ ਕਰਵਾ ਸਕਦੇ ਹਨ।

## ਭਾਰਤੀ ਸੰਸਦ ਨਾਲੋਂ ਕੈਨੇਡਾ ਦੀ ਪਾਰਲੀਮੈਂਟ ਵਿੱਚ ਸਿੱਖਾਂ ਦਾ ਹੈ ਬੋਲਬਾਲਾ

ਕਹਿੰਦੇ ਨੇ ਪੰਜਾਬੀ ਜਿੱਥੇ ਵੀ ਜਾਂਦੇ ਹਨ ਇੱਕ ਨਵਾਂ ਪੰਜਾਬ ਵਸਾ ਲੈਂਦੇ ਹਨ ਤੇ ਜੇ ਇਹ ਗੱਲ ਕੈਨੇਡਾ ਨਾਲ ਮਿਲਾ ਕੇ ਦੇਖੀ ਜਾਵੇ ਤਾਂ ਇਹ ਕੋਈ ਅਤਿਕਥਨੀ ਨਹੀਂ ਹੋਵੇਗੀ। ਜੇਕਰ ਕੈਨੇਡਾ ਦੀ ਅਬਾਦੀ ਦੀ ਗੱਲ ਕੀਤੀ ਜਾਵੇ ਤਾਂ ਇਹ 2011 ਦੀ ਰਿਪੋਰਟ ਮੁਤਾਬਿਕ 3 ਕਰੋੜ 76 ਲੱਖ ਹੈ। ਇਨ੍ਹਾਂ ਵਿੱਚ ਜੇਕਰ ਪੰਜਾਬੀਆਂ ਦੀ ਗੱਲ ਕੀਤੀ ਜਾਵੇ ਤਾਂ ਇਕੱਲੇ ਪੰਜਾਬੀਆਂ ਦੀ ਗਿਣਤੀ ਹੀ 4 ਲੱਖ 68 ਹਜ਼ਾਰ 6 ਸੌ 70 ਦੱਸੀ ਜਾਂਦੀ ਹੈ। ਇੰਨੀ ਥੋੜੀ ਅਬਾਦੀ ਵਾਲੇ ਇਸ ਦੇਸ਼ ਦੀਆਂ 338 ਸੀਟਾਂ 'ਤੇ ਬੀਤੇ ਦਿਨੀਂ ਫੈਡਰਲ ਚੋਣਾਂ ਹੋਈਆਂ ਜਿਨ੍ਹਾਂ ਵਿੱਚ ਜਿਆਦਾਤਰ ਪੰਜਾਬੀ ਉਮੀਦਵਾਰਾਂ ਨੇ ਹੀ ਹਿੱਸਾ ਲਿਆ।

ਇਨ੍ਹਾਂ ਚੋਣਾਂ ਦੌਰਾਨ ਨਾ ਕੇਵਲ ਪੰਜਾਬੀ ਉਮੀਦਵਾਰਾਂ ਨੇ ਹਿੱਸਾ ਹੀ ਲਿਆ ਬਲਕਿ 18 ਸਿੱਖ ਉਮੀਦਵਾਰਾਂ ਨੇ ਜਿੱਤ ਨੂੰ ਵੀ ਯਕੀਨੀ ਬਣਾਈ। ਹੁਣ ਜੇਕਰ ਟਾਇਮਜ਼ ਆਫ ਇੰਡੀਆ ਦੀ ਮੰਨੀਏ ਤਾਂ 17ਵੀਆਂ ਲੋਕ ਸਭਾ ਚੋਣਾਂ ਦੌਰਾਨ 13 ਸਿੱਖ ਉਮੀਦਵਾਰਾਂ ਨੇ ਹੀ ਜਿੱਤ ਪ੍ਰਾਪਤ ਕੀਤੀ ਹੈ। ਜੇਕਰ ਸਿੱਖਾਂ ਦੀ ਅਬਾਦੀ ਹੁਣ ਭਾਰਤ ਅਤੇ ਕੈਨੇਡਾ ਅੰਦਰ ਦੇਖੀ ਜਾਵੇ ਤਾਂ ਇਹ 2 ਪ੍ਰਤੀਸ਼ਤ ਹੀ ਦੱਸੀ ਜਾਂਦੀ ਹੈ। ਬੀਤੇ ਦਿਨੀਂ ਕੈਨੇਡਾ ਅੰਦਰ ਹੋਈਆਂ ਫੈਡਰਲ ਚੋਣਾਂ ਦੌਰਾਨ ਜੇਕਰ ਸਿੱਖ ਉਮੀਦਵਾਰਾਂ ਦੀ ਗੱਲ ਕੀਤੀ ਜਾਵੇ ਤਾਂ ਇੱਥੇ ਦੇ ਓਨਟਾਰੀਓ ਸੂਬੇ ਵਿੱਚੋਂ ਹੀ ਲਿਬਰਲ ਪਾਰਟੀ ਨਾਲ ਸਬੰਧਿਤ 10 ਸਿੱਖ ਉਮੀਦਵਾਰਾਂ ਦੀ ਜਿੱਤ ਹੋਈ ਦੱਸੀ ਜਾਂਦੀ ਹੈ। ਇਸ ਤੋਂ ਇਲਾਵਾ ਬ੍ਰਿਟਿਸ਼, ਕੋਲੰਬੀਆ, ਅਲਬਰਟਾ ਅਤੇ ਕਿਊਬਿਕ ਸੂਬਿਆਂ ਅੰਦਰ ਵੀ ਸਿੱਖ ਉਮੀਦਵਾਰਾਂ ਦੀ ਜਿੱਤ ਹੋਣ ਦੀਆਂ ਖਬਰਾਂ ਸਾਹਮਣੇ ਆਈਆਂ ਹਨ। ਇਨ੍ਹਾਂ ਜੇਤੂ ਉਮੀਦਵਾਰਾਂ ਵਿੱਚ 13 ਲਿਬਰਲ ਪਾਰਟੀ ਨਾਲ ਸਬੰਧਤ ਹਨ ਜਦੋਂ ਕਿ 4 ਕੰਜ਼ਰਵੇਟਿਵ ਅਤੇ ਇੱਕ ਯਾਨੀ ਜਗਮੀਤ ਸਿੰਘ ਐਨਡੀਪੀ ਨਾਲ ਸਬੰਧ ਰੱਖਦਾ ਹੈ। ਹੁਣ ਜੇਕਰ ਕੈਨੇਡਾ ਦੀ ਪੁਰਾਣੀ ਸਰਕਾਰ ਯਾਨੀ 2015 ਦੀ ਗੱਲ ਕਰੀਏ ਤਾਂ ਉਸ ਸਮੇਂ ਕੈਨੇਡੀਅਨ ਪਾਰਲੀਮੈਂਟ ਵਿੱਚ ਲਿਬਰਲ ਪਾਰਟੀ ਦੇ ਨਾਲ ਸਬੰਧਿਤ 18 ਉਮੀਦਵਾਰ ਸਨ ਅਤੇ ਇਨ੍ਹਾਂ ਵਿੱਚੋਂ ਸਿਰਫ ਇੱਕ ਹੀ ਕੈਨੇਡੀਅਨ ਸੀ। ਇੱਥੇ ਹੀ ਬੱਸ ਨਹੀਂ ਇਨ੍ਹਾਂ ਵਿੱਚੋਂ ਚਾਰ ਨੂੰ ਕੈਬਨਿਟ ਮੰਤਰੀ ਵੀ ਬਣਾਇਆ ਗਿਆ ਸੀ। ਕੈਬਨਿਟ ਮੰਤਰੀ ਐਲਾਨੇ ਗਏ ਇਹ ਚਾਰ ਸਿੱਖ ਆਗੂ ਸਨ ਰੱਖਿਆ ਮੰਤਰੀ ਹਰਜੀਤ ਸੱਜਣ, ਇੰਫਰਾਸਟਰੱਕਚਰ ਮੰਤਰੀ ਅਮਰਜੀਤ ਸੋਹੀ, ਨਵੀਨਤਾ ਵਿਗਿਆਨ ਅਤੇ ਆਰਥਿਕ ਵਿਕਾਸ ਮੰਤਰੀ ਨਵਦੀਪ ਬੈਂਸ ਅਤੇ ਸੈਰ ਸਪਾਟਾ ਮੰਤਰੀ ਬਰਦੀਸ਼ ਚੱਗਰ।


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE + 1-718-752-9293 | CALL TO SUBSCRIBE +1-800-246-6242
www.jusbroadcasting.com


MORE: SAVINGS.
TIRE DISCOUNTS FOR:
TRANS-ALLIANCE
TOGETHER WE SAVE
Trans-Alliance has partnered together with TA Truck Service to provide Trans-Alliance members with awesome discounts on tires.
It's simple - Just give your DOT number to the TA Truck Service attendant at the time of purchase and the savings will be automatically deducted from your bill.
ROADMASTER TIRES™
ENGINEERED BY COOPERTIRES
STEER
DRIVE
TRAILER
RM 180+ EM
$299.00
RETAIL $362.00
RM 852 EM
$309.00
RETAIL $378.00
RM 872 EM
$279.00
RETAIL $339.00
TRANS-ALLIANCE MEMBERS GET $35 OFF RETAIL PRICE ON OTHER TIRE BRANDS
Pricing valid 6/1/2019 through 12/31/2019 for Trans-Alliance members ONLY. This promotion applies to the unit retail price. Pricing shown above is for 295/75R22.5 sizes only; prices on other sizes may vary. Price does not include F.E.T., mounting labor, balancing, valve stem, state, or local taxes. Some brand exclusions may apply.
TA TRUCK SERVICE®
MORE: BAYS. EXPERTISE. SOLUTIONS.®
Visit ta-petro.com or find us on
TA Nasdaq Listed


SHER®
BESAN
YEHI TO PURE HAI
SHER®
BESAN
CHANA FLOUR
SUPER FINE
SHER BESAN SUPER FINE
बेसन • ਵੇਸਣ • ચણાનો લોટ • بیسن •
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
www.sherbrarmills.com